17-OCT-PAGE-1.qxd 10/16/2025 10:38 PM Page 1

ਸ਼ੁੱਕਰਵਾਰ, 17 ਅਕਤੂਬਰ, 2025
1 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 74
ਅੰਕ/NO. : 137

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • FRIDAY, 17 OCTOBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12




# ਮਜੀਠੀਆ ਤੋਂ ਪੁੱਛਗਿੱਛ ਕਰਨ ਵਾਲਾ ਡੀ ਆਈ ਜੀ ਗ੍ਰਿਫ਼ਤਾਰ

## ਸੀ ਬੀ ਆਈ ਵੱਲੋਂ ਹਰਚਰਨ ਸਿੰਘ ਭੁੱਲਰ ਨੂੰ ਰੰਗੇ ਹੱਥੀਂ ਫੜਨ ਦਾ ਦਾਅਵਾ



**ਚੰਡੀਗੜ੍ਹ** : ਸੀ ਬੀ ਆਈ ਨੇ ਰੋਪੜ ਰੇਂਜ ਦੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੂੰ ਵੀਰਵਾਰ ਪੰਜ ਲੱਖ ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਉਨ੍ਹਾ ਦੇ ਮੁਹਾਲੀ ਸਥਿਤ ਦਫਤਰ 'ਚੋਂ ਗ੍ਰਿਫਤਾਰ ਕਰ ਲਿਆ। ਸੂਤਰਾਂ ਮੁਤਾਬਕ ਸੀ ਬੀ ਆਈ ਦੀ ਟੀਮ ਨੇ ਇੱਕ ਹੋਰ ਵਿਅਕਤੀ ਨੂੰ ਵੀ ਕਾਬੂ ਕੀਤਾ ਹੈ।

ਰਿਪੋਰਟਾਂ ਅਨੁਸਾਰ, ਸੀ ਬੀ ਆਈ ਨੂੰ ਭੁੱਲਰ ਵਿਰੁੱਧ ਭ੍ਰਿਸ਼ਟਾਚਾਰ ਨਾਲ ਸੰਬੰਧਤ ਕੁਝ ਲੈਣ-ਦੇਣ ਅਤੇ ਅਹੁਦੇ ਦੀ ਦੁਰਵਰਤੋਂ ਦੀਆਂ ਸ਼ਿਕਾਇਤਾਂ ਮਿਲੀਆਂ ਸਨ। ਇਸ ਦੇ ਆਧਾਰ 'ਤੇ, ਏਜੰਸੀ ਨੇ ਜਾਂਚ ਸ਼ੁਰੂ ਕੀਤੀ ਸੀ। ਸੂਤਰਾਂ ਨੇ ਕਿਹਾ ਕਿ ਭੁੱਲਰ ਦੇ ਦਫਤਰ, ਘਰ ਤੇ ਕੁਝ ਹੋਰ ਟਿਕਾਣਿਆਂ ਦੀ ਵੀ ਤਲਾਸ਼ੀ ਲਈ ਗਈ। ਭੁੱਲਰ ਨੂੰ ਗ੍ਰਿਫਤਾਰ ਕਰਨ ਮਗਰੋਂ ਪੰਚਕੂਲਾ ਤੇ ਫਿਰ ਮੁਹਾਲੀ ਵਾਪਸ ਲਿਆਂਦਾ ਗਿਆ। ਸੀ ਬੀ ਆਈ ਟੀਮ ਨੇ ਇਸ ਪੂਰੀ ਕਾਰਵਾਈ ਦੌਰਾਨ ਇਹ ਯਕੀਨੀ ਬਣਾਇਆ ਕਿ ਡੈਪੂਟੇਸ਼ਨ 'ਤੇ ਆਏ ਪੰਜਾਬ ਪੁਲਸ ਦੇ ਕਿਸੇ ਵੀ ਕਰਮਚਾਰੀ ਨੂੰ ਛਾਪੇਮਾਰੀ ਕਰਨ ਵਾਲੀ ਟੀਮ ਦਾ ਹਿੱਸਾ ਨਾ ਬਣਾਇਆ ਜਾਵੇ।

ਸੂਤਰਾਂ ਨੇ ਦੱਸਿਆ ਕਿ ਸੀ ਬੀ ਆਈ ਚੰਡੀਗੜ੍ਹ ਨੇ ਇਹ ਕਾਰਵਾਈ ਮੰਡੀ ਗੋਬਿੰਦਗੜ੍ਹ ਦੇ ਇੱਕ ਸਕ੍ਰੈਪ ਡੀਲਰ (ਕਬਾੜੀਏ) ਦੀ ਸ਼ਿਕਾਇਤ 'ਤੇ ਕੀਤੀ ਹੈ। ਕਬਾੜੀਏ ਨੇ ਸ਼ਿਕਾਇਤ ਵਿੱਚ ਕਿਹਾ ਸੀ ਕਿ ਪਹਿਲਾਂ ਭੁੱਲਰ ਉਸ ਦਾ ਗੈਰਕਾਨੂੰਨੀ ਕਾਰੋਬਾਰ ਜਾਰੀ ਰੱਖਣ ਲਈ ਹਰ ਮਹੀਨੇ ਦੋ ਲੱਖ ਰੁਪਏ ਲੈਂਦੇ ਸਨ ਤੇ ਫਿਰ ਪੰਜ ਲੱਖ ਰੁਪਏ ਕਰ ਦਿੱਤੇ ਸਨ। ਚੇਤੇ ਰਹੇ ਕਿ ਭੁੱਲਰ ਦੇ ਡੀ ਆਈ ਜੀ ਹੁੰਦਿਆਂ ਚੇਸੀ ਨੰਬਰ ਬਦਲ ਕੇ ਸਕਰੈਪ ਗੱਡੀਆਂ ਵੇਚਣ ਦੀਆਂ ਪਿੱਛੇ ਜਿਹੇ ਕਾਫੀ ਖਬਰਾਂ ਛਪੀਆਂ ਸਨ। ਸੂਤਰਾਂ ਮੁਤਾਬਕ ਭੁੱਲਰ ਨੇ ਵੱਖ-ਵੱਖ ਵਿਅਕਤੀਆਂ ਤੇ ਕੰਪਨੀਆਂ ਨਾਲ ਰਿਸ਼ਵਤ ਦੇ ਮਹੀਨੇ ਬੰਨ੍ਹੇ ਹੋਏ ਸਨ।

ਭੁੱਲਰ ਨੇ ਪਿਛਲੇ ਸਾਲ 27 ਨਵੰਬਰ ਨੂੰ ਰੋਪੜ ਰੇਂਜ ਦੇ ਡੀ ਆਈ ਜੀ ਦਾ ਅਹੁਦਾ ਸੰਭਾਲਿਆ ਸੀ। ਇਸ ਤੋਂ ਪਹਿਲਾਂ ਉਹ ਪਟਿਆਲਾ ਰੇਂਜ ਦੇ ਡੀ ਆਈ ਜੀ ਸਨ। ਭੁੱਲਰ ਰੋਪੜ ਰੇਂਜ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਸਨ। ਭੁੱਲਰ ਪੰਜਾਬ ਦੇ ਸਾਬਕਾ ਡੀ ਜੀ ਪੀ ਮਹਿਲ ਸਿੰਘ ਭੁੱਲਰ ਦੇ ਪੁੱਤਰ ਹਨ। ਉਨ੍ਹਾ ਵਿਸ਼ੇਸ਼ ਜਾਂਚ ਟੀਮ ਦੀ ਅਗਵਾਈ ਵੀ ਕੀਤੀ, ਜਿਸ ਨੇ ਨਸ਼ਾ ਤਸਕਰੀ ਦੇ ਦੋਸ਼ਾਂ ਵਿੱਚ ਅਕਾਲੀ ਆਗੂ ਬਿਕਰਮ ਮਜੀਠੀਆ ਤੋਂ ਪੁੱਛਗਿੱਛ ਕੀਤੀ ਸੀ। ਉਨ੍ਹਾ ਦਾ ਛੋਟਾ ਭਰਾ ਕੁਲਦੀਪ ਸਿੰਘ ਭੁੱਲਰ ਕਾਂਗਰਸੀ ਵਿਧਾਇਕ ਰਹਿ ਚੁੱਕਾ ਹੈ।

# ਮੋਦੀ ਨੇ ਮੈਨੂੰ ਕਿਹਾ ਕਿ ਅੱਗੇ ਤੋਂ ਰੂਸੀ ਤੇਲ ਨਹੀਂ ਲੈਣਾ : ਟਰੰਪ

## ਖਪਤਕਾਰਾਂ ਦੇ ਹਿੱਤਾਂ ਦੀ ਰਾਖੀ ਸਾਡੀ ਸਿਖਰਲੀ ਤਰਜੀਹ : ਵਿਦੇਸ਼ ਮੰਤਰਾਲਾ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾ ਨੂੰ ਭਰੋਸਾ ਦਿੱਤਾ ਹੈ ਕਿ ਭਾਰਤ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਵੇਗਾ। ਟਰੰਪ ਨੇ ਇਸ ਭਰੋਸੇ ਨੂੰ ਮਾਸਕੋ 'ਤੇ ਆਲਮੀ ਦਬਾਅ ਬਣਾਉਣ ਲਈ ਕੀਤੇ ਜਾ ਰਹੇ ਯਤਨਾਂ ਵਿਚ 'ਵੱਡੀ ਪੇਸ਼ਕਦਮੀ' ਦੱਸਿਆ ਹੈ।

ਟਰੰਪ ਨੇ ਓਵਲ ਦਫਤਰ ਵਿਚ ਐੱਫ ਬੀ ਆਈ ਡਾਇਰੈਕਟਰ ਕਾਸ਼ ਪਟੇਲ ਨਾਲ ਸਾਂਝੀ ਪ੍ਰੈੱਸ ਕਾਨਫਰੰਸ ਦੌਰਾਨ ਇਹ ਟਿੱਪਣੀ ਕੀਤੀ। ਦੋਵਾਂ ਨੇ ਹਿੰਸਕ ਅਪਰਾਧਾਂ ਨੂੰ ਨੱਥ ਪਾਉਣ ਲਈ ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਤੇ ਚਾਨਣਾ ਪਾਇਆ।

ਜਦੋਂ ਟਰੰਪ ਨੂੰ ਪੁੱਛਿਆ ਗਿਆ ਕਿ ਕੀ ਉਹ ਭਾਰਤ ਨੂੰ ਇੱਕ ਭਰੋਸੇਮੰਦ ਸਾਥੀ ਮੰਨਦੇ ਹਨ ਤਾਂ ਉਨ੍ਹਾ ਕਿਹਾ, "ਹਾਂ, ਬਿਲਕੁਲ। ਉਹ (ਪ੍ਰਧਾਨ ਮੰਤਰੀ ਨਰਿੰਦਰ ਮੋਦੀ) ਮੇਰੇ ਦੋਸਤ ਹਨ। ਸਾਡੇ ਵਿਚਾਲੇ ਬਹੁਤ ਵਧੀਆ ਸੰਬੰਧ ਹਨ... ਮੈਂ ਨਾਖੁਸ਼ ਸੀ ਕਿ ਭਾਰਤ (ਰੂਸ ਤੋਂ) ਤੇਲ ਖਰੀਦ ਰਿਹਾ ਸੀ ਅਤੇ ਉਸ ਨੇ ਅੱਜ ਮੈਨੂੰ ਭਰੋਸਾ ਦਿੱਤਾ ਕਿ ਉਹ ਰੂਸ ਤੋਂ ਤੇਲ ਨਹੀਂ ਖਰੀਦਣਗੇ। ਇਹ ਇੱਕ ਵੱਡਾ ਕਦਮ ਹੈ। ਹੁਣ ਸਾਨੂੰ ਚੀਨ ਤੋਂ ਵੀ ਇਹੀ ਕੰਮ ਕਰਵਾਉਣਾ ਪਵੇਗਾ।" ਟਰੰਪ ਨੇ ਭਾਰਤੀ ਆਗੂ



ਨਾਲ ਆਪਣੇ ਨੇੜਲੇ ਸੰਬੰਧਾਂ ਦੀ ਸ਼ਾਹਦੀ ਭਰਦੇ ਹੋਏ ਕਿਹਾ, "ਉਹ (ਮੋਦੀ) ਮੇਰਾ ਚੰਗਾ ਦੋਸਤ ਹੈ। ਸਾਡੇ ਬਹੁਤ ਵਧੀਆ ਰਿਸ਼ਤੇ ਹਨ। ਉਸ ਨੇ ਇਹ ਗੱਲ ਦੋ ਦਿਨ ਪਹਿਲਾਂ ਹੀ ਕਹੀ ਸੀ, ਜਿਵੇਂ ਕਿ ਤੁਸੀਂ ਜਾਣਦੇ ਹੋ।"

ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ ਮੁਤਾਬਕ ਭਾਰਤ, ਚੀਨ ਤੋਂ ਬਾਅਦ ਰੂਸੀ ਜੈਵਿਕ ਬਾਲਣ ਦਾ ਦੂਜਾ ਸਭ ਤੋਂ ਵੱਡਾ ਖਰੀਦਦਾਰ ਹੈ। ਟਰੰਪ ਨੇ ਮੋਦੀ ਨੂੰ 'ਇੱਕ ਮਹਾਨ ਆਦਮੀ' ਦੱਸਦੇ ਹੋਏ ਕਿਹਾ, "ਉਹ ਟਰੰਪ ਨੂੰ ਪਿਆਰ ਕਰਦੇ ਹਨ... ਮੈਂ ਨਹੀਂ ਚਾਹੁੰਦਾ ਕਿ ਤੁਸੀਂ ਪਿਆਰ ਸ਼ਬਦ ਨੂੰ ਕਿਸੇ ਹੋਰ ਤਰੀਕੇ ਨਾਲ ਲਓ... ਮੈਂ ਉਨ੍ਹਾ ਦੇ

• ਬਾਕੀ ਸਫਾ 6 'ਤੇ

## ਮੋਦੀ ਟਰੰਪ ਤੋਂ ਡਰਦੈ : ਰਾਹੁਲ

**ਨਵੀਂ ਦਿੱਲੀ** : ਰਾਹੁਲ ਗਾਂਧੀ ਨੇ ਵੀਰਵਾਰ ਕਿਹਾ, "ਪ੍ਰਧਾਨ ਮੰਤਰੀ ਮੋਦੀ ਟਰੰਪ ਤੋਂ ਡਰਦੇ ਹਨ। ਉਨ੍ਹਾ ਟਰੰਪ ਨੂੰ ਇਹ ਫੈਸਲਾ ਲੈਣ ਤੇ ਐਲਾਨ ਕਰਨ ਦੀ ਖੁੱਲ੍ਹ ਦਿੱਤੀ ਕਿ ਭਾਰਤ ਰੂਸ ਤੋਂ ਤੇਲ ਨਹੀਂ ਖਰੀਦੇਗਾ। (ਟਰੰਪ ਵੱਲੋਂ) ਵਾਰ-ਵਾਰ ਨਜ਼ਰਅੰਦਾਜ਼ ਕੀਤੇ ਜਾਣ ਦੇ ਬਾਵਜੂਦ (ਮੋਦੀ) ਵਧਾਈ ਸੰਦੇਸ਼ ਭੇਜਦੇ ਰਹੇ। ਵਿੱਤ ਮੰਤਰੀ ਦੀ ਅਮਰੀਕਾ ਫੇਰੀ ਰੱਦ ਕੀਤੀ ਗਈ। ਸ਼ਰਮ ਅਲ-ਸ਼ੇਖ਼ ਦਾ ਦੌਰਾ ਛੱਡਿਆ। ਅਪਰੇਸ਼ਨ ਸਿੰਧੂਰ ਬਾਰੇ (ਟਰੰਪ ਦੇ) ਬਿਆਨਾਂ ਦਾ ਵੀ ਵਿਰੋਧ ਨਹੀਂ ਕੀਤਾ।"

ਉਧਰ, ਕਾਂਗਰਸੀ ਆਗੂ ਜੈਰਾਮ ਰਮੇਸ਼ ਨੇ ਐਕਸ 'ਤੇ ਕਿਹਾ, "10 ਮਈ 2025 ਨੂੰ ਭਾਰਤੀ ਸਮੇਂ ਅਨੁਸਾਰ ਸ਼ਾਮੀਂ 5:37 ਵਜੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਸਭ ਤੋਂ ਪਹਿਲਾਂ ਐਲਾਨ ਕੀਤਾ ਕਿ ਭਾਰਤ ਨੇ ਅਪ੍ਰੇਸ਼ਨ ਸਿੰਧੂਰ ਰੋਕ ਦਿੱਤਾ ਹੈ। ਇਸ ਮਗਰੋਂ ਰਾਸ਼ਟਰਪਤੀ ਟਰੰਪ ਪੰਜ ਵੱਖੋ-ਵੱਖਰੇ ਮੁਲਕਾਂ ਵਿੱਚ 51ਵੀਂ ਵਾਰ ਇਹ ਦਾਅਵਾ ਕਰ ਚੁੱਕੇ ਹਨ ਉਨ੍ਹਾ ਟੈਰਿਫ ਤੇ ਵਪਾਰ ਨੂੰ ਦਬਾਅ ਦੇ ਹਥਿਆਰ ਵਜੋਂ ਵਰਤ ਕੇ ਅਪ੍ਰੇਸ਼ਨ ਸਿੰਧੂਰ ਨੂੰ ਰੁਕਵਾਇਆ।" ਰਮੇਸ਼ ਨੇ ਕਿਹਾ, "ਹੁਣ ਰਾਸ਼ਟਰਪਤੀ ਟਰੰਪ ਨੇ ਕੱਲ੍ਹ ਐਲਾਨ ਕੀਤਾ ਹੈ ਕਿ ਮੋਦੀ ਨੇ ਉਨ੍ਹਾ ਨੂੰ ਭਰੋਸਾ ਦਿੱਤਾ ਹੈ ਕਿ ਭਾਰਤ ਰੂਸ ਤੋਂ ਤੇਲ ਦਰਾਮਦ ਨਹੀਂ ਕਰੇਗਾ। ਮੋਦੀ ਨੇ ਮੁੱਖ ਫੈਸਲੇ ਅਮਰੀਕਾ ਨੂੰ ਆਊਟਸੋਰਸ ਕੀਤੇ ਜਾਪਦੇ ਹਨ। 56 ਇੰਚ ਦੀ ਛਾਤੀ ਸੁੰਗੜ ਗਈ ਹੈ।"

## ਵਕੀਲ ਸਾਹਿਬ ਹੋਰ ਹੀ ਜਿਰਹਾ ਕਰ ਰਹੇ ਸੀ



**ਨਵੀਂ ਦਿੱਲੀ** : ਵਰਚੁਅਲ ਸੁਣਵਾਈ ਦੌਰਾਨ ਇੱਕ ਵਕੀਲ ਵੱਲੋਂ ਇੱਕ ਔਰਤ ਨੂੰ ਚੁੰਮਣ ਦੀ ਇਤਰਾਜ਼ਯੋਗ ਵੀਡੀਓ ਸੋਸ਼ਲ ਮੀਡੀਆ 'ਤੇ ਵੱਡੇ ਪੱਧਰ 'ਤੇ ਵਾਇਰਲ ਹੋਣ ਤੋਂ ਬਾਅਦ ਆਨਲਾਈਨ ਅਦਾਲਤੀ ਕਾਰਵਾਈ ਦੌਰਾਨ ਸੰਜਮ ਅਤੇ ਪੇਸ਼ੇਵਰ ਆਚਰਣ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਘਟਨਾ ਮੰਗਲਵਾਰ ਉਸ ਸਮੇਂ ਵਾਪਰੀ ਜਦੋਂ ਅਦਾਲਤ ਦੀ ਕਾਰਵਾਈ ਸ਼ੁਰੂ ਨਹੀਂ ਹੋਈ ਸੀ।

ਸੁਣਵਾਈ ਵਿੱਚ ਹਿੱਸਾ ਲੈਣ ਵਾਲੇ ਸਾਰੇ ਭਾਗੀਦਾਰ ਜੱਜ ਦੇ ਆਉਣ ਦੀ ਉਡੀਕ ਕਰ ਰਹੇ ਸਨ, ਉਦੋਂ ਹੀ ਇਹ ਦ੍ਰਿਸ਼ ਕੈਮਰੇ ਵਿੱਚ ਕੈਦ ਹੋ ਗਏ। ਵੀਡੀਓ ਵਿੱਚ ਵਕੀਲ ਦੀ ਪੁਸ਼ਾਕ ਵਿੱਚ ਇੱਕ ਵਿਅਕਤੀ ਕੈਮਰੇ ਦੇ ਥੋੜ੍ਹਾ ਪਾਸੇ ਬੈਠਾ ਦਿਖਾਈ ਦੇ ਰਿਹਾ ਹੈ। ਉਸ ਦੇ ਕੋਲ ਸਾੜ੍ਹੀ ਪਾਈ ਇੱਕ ਔਰਤ ਖੜ੍ਹੀ ਦਿਖਾਈ ਦਿੰਦੀ ਹੈ। ਫੁਟੇਜ ਵਿੱਚ ਵਕੀਲ ਨੂੰ ਔਰਤ ਦਾ ਹੱਥ ਫੜਦਿਆਂ ਅਤੇ ਉਸ ਨੂੰ ਆਪਣੀ ਵੱਲ ਖਿੱਚਦਿਆਂ ਦੇਖਿਆ ਜਾ ਸਕਦਾ ਹੈ। ਔਰਤ ਦੀ ਝਿਜਕ ਦੇ ਬਾਵਜੂਦ, ਉਹ ਉਸ ਨੂੰ ਚੁੰਮਦਾ ਹੈ, ਜਿਸ ਤੋਂ ਬਾਅਦ ਔਰਤ ਪਿੱਛੇ ਹਟ ਜਾਂਦੀ ਹੈ। ਵਕੀਲ ਅਤੇ ਔਰਤ ਦੀ ਪਛਾਣ ਅਜੇ ਤੱਕ ਸਪੱਸ਼ਟ ਨਹੀਂ ਹੋ ਸਕੀ ਹੈ। ਕਈ ਯੂਜ਼ਰਾਂ ਨੇ ਵਕੀਲ ਦੀ ਹਰਕਤ ਨੂੰ 'ਸ਼ੋਭਾ ਨਾ ਦੇਣ ਵਾਲਾ ਅਤੇ ਗੈਰ-ਪੇਸ਼ੇਵਰ' ਦੱਸਿਆ।

## 25 ਕਿੰਨਰ ਫਰਨੈਲ ਪੀ ਗਏ !

**ਇੰਦੌਰ** : ਇਥੇ 25 ਕਿੰਨਰਾਂ ਨੂੰ ਫਿਨਾਈਲ ਪੀਣ ਤੋਂ ਬਾਅਦ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਤਾਂ ਵੀ, ਸਰਕਾਰੀ ਮਹਾਰਾਜਾ ਯਸ਼ਵੰਤਰਾਓ ਹਸਪਤਾਲ ਦੇ ਸੁਪਰਡੈਂਟ-ਇੰਚਾਰਜ ਡਾ. ਬਸੰਤ ਕੁਮਾਰ ਨਿੰਗਵਾਲ ਨੇ ਦੱਸਿਆ ਕਿ ਮਰੀਜ਼ਾਂ ਵਿੱਚੋਂ ਕੋਈ ਵੀ ਨਾਜ਼ੁਕ ਹਾਲਤ ਵਿੱਚ ਨਹੀਂ ਹੈ। ਉਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਬੁੱਧਵਾਰ ਰਾਤ ਨੂੰ ਇਕੱਠੇ ਫਿਨਾਈਲ ਪੀਤੀ ਹੈ, ਪਰ ਇਸ ਦੀ ਤੁਰੰਤ ਪੁਸ਼ਟੀ ਨਹੀਂ ਕੀਤੀ ਜਾ ਸਕਦੀ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਘਟਨਾ ਟਰਾਂਸਜੈਂਡਰ ਭਾਈਚਾਰੇ ਦੇ ਦੋ ਸਥਾਨਕ ਸਮੂਹਾਂ ਵਿਚਕਾਰ ਵਿਵਾਦ ਨਾਲ ਸੰਬੰਧਤ ਹੋ ਸਕਦੀ ਹੈ।

# 350 ਸਾਲਾ ਸ਼ਹੀਦੀ ਸਮਾਗਮਾਂ ਦੀ ਸ਼ੁਰੂਆਤ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਹੋਵੇਗੀ

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕਰਵਾਏ ਜਾਣ ਵਾਲੇ ਲੜੀਵਾਰ ਸਮਾਗਮਾਂ ਦੀ ਸ਼ੁਰੂਆਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ 25 ਅਕਤੂਬਰ ਨੂੰ ਕੌਮੀ ਰਾਜਧਾਨੀ ਵਿੱਚ ਸਥਿਤ ਇਤਿਹਾਸਕ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਅਰਦਾਸ ਕਰਕੇ ਕੀਤੀ ਜਾਵੇਗੀ।




ਵੀਰਵਾਰ ਨਵੀਂ ਦਿੱਲੀ ਵਿੱਚ ਪੰਜਾਬ ਭਵਨ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ, ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਅਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸ਼ਹੀਦੀ ਦਿਹਾੜੇ ਨੂੰ ਸਮਰਪਤ ਮਹੀਨਾ ਭਰ ਚੱਲਣ ਵਾਲੇ ਸਮਾਗਮਾਂ ਦੀ ਰੂਪ-ਰੇਖਾ ਉਲੀਕੀ ਗਈ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਦੀ ਸ਼ੁਰੂਆਤ 25 ਅਕਤੂਬਰ ਨੂੰ ਦਿੱਲੀ ਵਿੱਚ ਗੁਰਦੁਆਰਾ ਸੀਸ ਗੰਜ ਸਾਹਿਬ ਤੋਂ ਹੋਵੇਗੀ। ਉਨ੍ਹਾ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ, ਸਾਰੇ ਕੈਬਨਿਟ ਮੰਤਰੀ ਅਤੇ ਹੋਰ ਉੱਘੀਆਂ ਸ਼ਖਸੀਅਤਾਂ ਗੁਰਦੁਆਰਾ ਸੀਸ ਗੰਜ ਸਾਹਿਬ ਵਿਖੇ ਨਤਮਸਤਕ ਹੋਣਗੀਆਂ। ਇਸ ਮੌਕੇ ਮੁੱਖ ਮੰਤਰੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਸਥਾਨ 'ਤੇ ਜਾ ਕੇ ਸ਼ਰਧਾ ਤੇ ਸਤਿਕਾਰ ਭੇਟ ਕਰਨਗੇ, ਜਿਨ੍ਹਾਂ ਗੁਰੂ ਸਾਹਿਬ ਪ੍ਰਤੀ ਸਿਦਕ ਨਿਭਾਉਂਦਿਆਂ ਲਾਸਾਨੀ ਕੁਰਬਾਨੀ ਦਿੱਤੀ।

• ਬਾਕੀ ਸਫਾ 6 'ਤੇ

## ਮਾਨ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਸੱਦਾ ਪੱਤਰ ਦੇਣ ਜਾਣਗੇ

**ਚੰਡੀਗੜ੍ਹ** : ਪੰਜਾਬ ਸਰਕਾਰ ਵੱਲੋਂ ਗੁਰੂ ਤੇਗ ਬਹਾਦਰ ਦੇ 350 ਸਾਲਾ ਸ਼ਹੀਦੀ ਸਮਾਗਮਾਂ ਸਬੰਧੀ ਦੇਸ਼ ਦੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸਮੇਤ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਸੱਦਾ ਦਿੱਤਾ ਜਾਵੇਗਾ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਖੁਦ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੱਦਾ ਦੇਣ ਲਈ ਦਿੱਲੀ ਜਾਣਗੇ। ਇਸ ਤੋਂ ਇਲਾਵਾ ਵੱਖ-ਵੱਖ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਸੱਦਾ ਦੇਣ ਲਈ ਪੰਜਾਬ ਦੇ ਕੈਬਨਿਟ ਮੰਤਰੀ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ।

# ਅਧਿਆਪਕ ਵੱਲੋਂ 8 ਸਾਲਾ ਬੱਚੀ ਨਾਲ ਵਾਰ-ਵਾਰ ਜਬਰ-ਜ਼ਨਾਹ

**ਪਟਿਆਲਾ** : ਇੱਕ ਸਕੂਲ ਦੇ ਸਰੀਰਕ ਸਿੱਖਿਆ ਅਧਿਆਪਕ ਵੱਲੋਂ 8 ਸਾਲਾ ਲੜਕੀ ਨਾਲ ਸਕੂਲ ਵਿਚ ਜਬਰ-ਜ਼ਨਾਹ ਕੀਤੇ ਜਾਣ ਦੇ ਦਾਅਵੇ ਤੋਂ ਤਿੰਨ ਦਿਨ ਮਗਰੋਂ ਲੜਕੀ ਦੀ ਮੈਡੀਕਲ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਉਸ ਨਾਲ ਕਈ ਵਾਰ ਜਿਨਸੀ ਦੁਰਾਚਾਰ ਕੀਤਾ ਗਿਆ ਹੈ। ਪੁਲਸ ਦੇ ਕਹਿਣ 'ਤੇ ਡਾਕਟਰਾਂ ਵੱਲੋਂ ਹੁਣ ਮੁਲਜ਼ਮ ਦਾ ਡੀ ਐੱਨ ਏ ਨਮੂਨਾ ਮੈਡੀਕਲ ਜਾਂਚ ਲਈ ਭੇਜਿਆ ਜਾਵੇਗਾ। ਨਾਬਾਲਗ ਨਾਲ ਜਬਰ-ਜ਼ਨਾਹ ਦੀ ਇਹ ਘਟਨਾ ਪਟਿਆਲਾ ਦੇ ਐੱਸ ਐੱਸ ਟੀ ਨਗਰ ਸਥਿਤ ਇੱਕ ਸਕੂਲ ਵਿਚ ਹੋਈ ਦੱਸੀ ਜਾਂਦੀ ਹੈ। ਦਰਜ ਐੱਫ ਆਈ ਆਰ ਵਿਚ ਦਾਅਵਾ ਕੀਤਾ ਗਿਆ ਹੈ ਕਿ ਮੁਲਜ਼ਮ ਨੇ ਪੀੜਤ ਲੜਕੀ ਨਾਲ ਸਕੂਲ ਅਹਾਤੇ ਵਿਚ ਕਈ ਵਾਰ ਜਿਨਸੀ ਦੁਰਾਚਾਰ ਕੀਤਾ। ਐੱਸ ਪੀ (ਸਿਟੀ) ਪਲਵਿੰਦਰ ਚੀਮਾ ਨੇ ਪੁਸ਼ਟੀ ਕੀਤੀ ਕਿ ਮੈਡੀਕਲ ਜਾਂਚ ਤੋਂ ਪਤਾ ਲੱਗਾ ਹੈ ਕਿ ਪੀੜਤਾ ਦਾ ਕਈ ਵਾਰ ਜਿਨਸੀ ਸ਼ੋਸ਼ਣ ਕੀਤਾ ਗਿਆ। ਉਨ੍ਹਾ ਕਿਹਾ ਕਿ ਜਾਂਚ ਜਾਰੀ ਹੈ ਤੇ ਸਕੂਲ ਅਹਾਤੇ ਦੀ ਸੀ ਸੀ ਟੀ ਵੀ ਫੁਟੇਜ ਕਬਜ਼ੇ ਵਿਚ ਲੈ ਲਈ ਹੈ। ਪਹਿਲੀ ਨਜ਼ਰੇ ਪੀੜਤਾ ਨੇ ਮੁਲਜ਼ਮ ਦੀ ਪਛਾਣ ਕਰ ਲਈ ਹੈ, ਜਿਸ ਨੂੰ ਇਸ ਹਫ਼ਤੇ ਦੇ ਸ਼ੁਰੂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

# ਵਾਈ ਪੂਰਨ ਕੁਮਾਰ ਦੇ ਪਰਵਾਰ ਨੂੰ ਨਿਆਂ ਮਿਲਣ ਤੱਕ ਹਰਿਆਣਾ ਸੀ ਪੀ ਆਈ ਅੰਗ-ਸੰਗ ਰਹੇਗੀ

**ਚੰਡੀਗੜ੍ਹ (ਗਿਆਨ ਸੈਦਪੁਰੀ)**

ਭਾਰਤੀ ਕਮਿਊਨਿਸਟ ਪਾਰਟੀ ਦੀ ਸੂਬਾ ਕੌਂਸਲ ਦਾ ਇੱਕ ਵਫਦ ਹਰਿਆਣਾ ਪੁਲਸ ਦੇ ਸੀਨੀਅਰ ਅਧਿਕਾਰੀ ਮਰਹੂਮ ਵਾਈ ਪੂਰਨ ਕੁਮਾਰ ਦੇ ਪਰਵਾਰ ਨੂੰ ਸੈਕਟਰ 24 ਸਥਿਤ ਉਹਨਾ ਦੇ ਨਿਵਾਸ ਸਥਾਨ 'ਤੇ ਮਿਲਿਆ। ਵਫਦ ਨੇ ਵਾਈ. ਪੂਰਨ ਕੁਮਾਰ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਦੁਖੀ ਪਰਵਾਰ ਨਾਲ ਆਪਣੀਆਂ ਸੰਵੇਦਨਾਵਾਂ ਦਾ ਇਜ਼ਹਾਰ ਕੀਤਾ। ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂਆਂ ਨੇ ਕਿਹਾ ਕਿ ਇਹ ਮਾਮਲਾ ਆਈ ਪੀ ਐੱਸ ਅਧਿਕਾਰੀ ਦੀ ਖੁਦਕੁਸ਼ੀ ਦਾ ਨਹੀਂ, ਸਗੋਂ ਸੰਸਥਾਗਤ ਕਤਲ ਹੈ, ਜਿਸ ਲਈ ਸੰਸਥਾਵਾਂ ਅਤੇ ਸਮਾਜ ਵਿੱਚ ਲਗਾਤਾਰ ਤੇਜ਼ ਹੁੰਦਾ ਜਾ ਰਿਹਾ ਜਾਤੀਵਾਦ ਭੇਦਭਾਵ ਜ਼ਿੰਮੇਵਾਰ ਹੈ।



ਆਗੂਆਂ ਨੇ ਇਸ ਦੁਖਦਾਈ ਘਟਨਾ ਦੀ ਹਾਈ ਕੋਰਟ ਦੇ ਮੌਜੂਦਾ ਜੱਜ ਦੀ ਦੇਖਰੇਖ ਹੇਠ ਪੜਤਾਲ ਕਰਨ, ਖੁਦਕੁਸ਼ੀ ਨੋਟ ਵਿੱਚ ਦੱਸੇ ਗਏ ਸਾਰੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੇ ਨਾਲ-ਨਾਲ ਪੀੜਤ ਪਰਵਾਰ ਦੀ ਸੁਰੱਖਿਆ, ਸਹਾਇਤਾ ਅਤੇ ਨਿਆਂ ਦੀ ਮੰਗ ਕੀਤੀ। ਕਮਿਊਨਿਸਟ ਆਗੂਆਂ ਨੇ ਦੁਖੀ ਪਰਵਾਰ ਦੇ ਦੁੱਖ 'ਚ ਸ਼ਾਮਿਲ ਹੁੰਦਿਆਂ ਨਿਆਂ ਮਿਲਣ ਤੱਕ ਕੀਤੇ ਜਾਣ ਵਾਲੇ ਸੰਘਰਸ਼ ਵਿੱਚ ਅੰਗ-ਸੰਗ ਰਹਿਣ ਦਾ ਭਰੋਸਾ ਦਿੱਤਾ।

ਸੀ ਪੀ ਆਈ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਸੂਬੇ ਵਿੱਚ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਜਾਤੀਵਾਦ ਅਤੇ ਮਨੂੰਵਾਦ ਸ਼ਕਤੀਆਂ ਵਧੇਰੇ ਹਮਲਾਵਰ ਹੋ ਗਈਆਂ ਹਨ। ਇਹਨਾਂ ਪ੍ਰਸਥਿਤੀਆਂ ਵਿੱਚ ਦਲਿਤਾਂ, ਪਛੜੇ ਹੋਇਆਂ, ਘੱਟ ਗਿਣਤੀਆਂ ਤੇ ਔਰਤਾਂ ਉਪਰ ਹੋ ਰਹੇ ਅੱਤਿਆਚਾਰਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ। ਅਨੁਸੂਚਿਤ ਜਾਤੀ ਨਾਲ ਸੰਬੰਧਤ ਉੱਚ ਅਧਿਕਾਰੀਆਂ ਨਾਲ ਵਿਤਕਰਾ ਤੇ ਦੁਰਵਿਹਾਰ ਤੇਜ਼ ਹੋ ਗਿਆ ਹੈ। ਇਸੇ ਸਿਲਸਿਲੇ ਤਹਿਤ ਬੀਤੇ ਦਿਨੀਂ ਸੁਪਰੀਮ ਕੋਰਟ ਦੇ ਮੁੱਖ ਜੱਜ ਉਤੇ ਜੁੱਤੀ ਸੁੱਟਣ ਦੀ

• ਬਾਕੀ ਸਫਾ 6 'ਤੇ

# ਬਸਪਾ ਦਾ ਵਫਦ ਰਾਜਪਾਲ ਨੂੰ ਮਿਲਿਆ

**ਚੰਡੀਗੜ੍ਹ** : ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦਾ ਇੱਕ ਵਫਦ ਵੀਰਵਾਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਿਆ। ਵਫਦ ਦੀ ਅਗਵਾਈ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕੀਤੀ। ਵਫਦ ਵਿੱਚ ਬਸਪਾ ਦੇ ਸੂਬਾ ਕੋਆਰਡੀਨੇਟਰ ਤੇ ਵਿਧਾਇਕ ਨਵਾਂਸ਼ਹਿਰ ਡਾ. ਨਛੱਤਰ ਪਾਲ, ਸੂਬਾ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ, ਸੂਬਾ ਕੋਆਰਡੀਨੇਟਰ ਤੀਰਥ ਸਿੰਘ ਮਹਿਰਾ ਰਾਜਪੁਰਾ, ਸੂਬਾ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਤੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਸ਼ਾਮਲ ਸਨ।

ਬਸਪਾ ਆਗੂਆਂ ਨੇ ਰਾਜਪਾਲ ਤੋਂ ਏ ਡੀ ਜੀ ਪੀ ਹਰਿਆਣਾ ਵਾਈ ਪੂਰਨ ਕੁਮਾਰ ਦੀ ਮੌਤ ਦੇ ਮਾਮਲੇ ਵਿੱਚ ਨਿਰਪੱਖ ਉੱਚ ਪੱਧਰੀ ਜਾਂਚ ਤੇ ਪੀੜਤ ਪਰਵਾਰ ਨੂੰ ਇਨਸਾਫ ਦੇਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਵਫਦ ਨੇ ਰਾਜਪਾਲ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਕਿ ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰ ਦੇ ਮਾਮਲੇ ਸਿਰਫ ਹਰਿਆਣਾ ਵਿੱਚ ਹੀ ਨਹੀਂ, ਬਲਕਿ ਪੰਜਾਬ ਵਿੱਚ ਵੀ ਵੱਡੇ ਪੱਧਰ 'ਤੇ ਹੋ ਰਹੇ ਹਨ। ਉਸਨੇ ਕਿਹਾ ਕਿ ਆਈ ਪੀ ਐੱਸ ਅਫਸਰ ਦੀ ਮੌਤ ਦੇ ਮਾਮਲੇ ਨੇ ਇਨ੍ਹਾਂ ਅੱਤਿਆਚਾਰਾਂ ਦੇ ਮਾਮਲਿਆਂ ਨੂੰ ਮੁੜ ਉਭਾਰਿਆ ਹੈ। ਇਸ ਕਰਕੇ ਲੋਕਾਂ ਵਿੱਚ ਖਾਸ ਕਰਕੇ ਐੱਸ ਸੀ ਵਰਗ ਵਿੱਚ ਕਾਫੀ ਰੋਸ ਹੈ ਤੇ ਉਹ ਇਨ੍ਹਾਂ ਨੂੰ ਬਰਦਾਸ਼ਤ ਕਰਨ ਵਾਲੇ ਨਹੀਂ ਹਨ।




## ਅੱਜ-ਨਾਮਾ

ਚੱਲਦੀ ਬੱਸ ਤਾਂ ਲੱਗ ਗਈ ਅੱਗ ਕਿਧਰੇ,
ਮਰ ਗਏ ਵੀਹਾਂ ਤੋਂ ਵੱਧ ਸੀ ਲੋਕ ਮੀਆਂ।
ਮੱਚੀ ਗੈਸ ਦੀ ਗੱਡੀ ਕੋਈ ਕੱਲ੍ਹ ਸੁਣਿਆ,
ਚਾਲਕ ਭੱਜ ਗਿਆ ਗੱਡੀ ਨੂੰ ਰੋਕ ਮੀਆਂ।
ਡਿੱਗਿਆ ਰੇਤ ਦਾ ਟਿੱਪਰ ਹੈ ਕਾਰ ਉੱਤੇ,
ਦਿੱਤਾ ਹੈ ਕਿਸੇ ਟਰੱਕ ਵਿੱਚ ਠੋਕ ਮੀਆਂ।
ਸੜਕਾਂ ਉੱਤੇ ਤਾਂ ਜਾਂਦੀ ਆ ਮੌਤ ਨੱਚਦੀ,
ਕੋਈ ਵੀ ਰਿਹਾ ਨਾ ਅੱਗਿਉਂ ਟੋਕ ਮੀਆਂ।
ਰਾਜਸਥਾਨ ਦੀ ਅੱਜ ਪਏ ਖਬਰ ਪੜ੍ਹੀਏ,
ਪਤਾ ਨਹੀਂ ਕੀ ਹੈ ਕੱਲ੍ਹ ਤੱਕ ਹੋਣ ਵਾਲਾ।
ਜ਼ਿੰਮੇਵਾਰੀ ਨਹੀਂ ਕਿਸੇ ਨੇ ਲੈਣ ਆਉਣਾ,
ਅਕਸ ਸਾਰਿਆਂ ਦਾ ਹੋਊਗਾ ਰੋਣ ਵਾਲਾ।

-ਤੀਸ ਮਾਰ ਖਾਂ

# ਈ ਪੀ ਐੱਫ ਓ ਦੇ ਨਵੇਂ ਨਿਯਮ ਮਜ਼ਦੂਰ ਵਿਰੋਧੀ : ਅਮਰਜੀਤ ਕੌਰ

**ਨਵੀਂ ਦਿੱਲੀ** : ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਕਰਮਚਾਰੀ ਭਵਿੱਖ ਨਿਧੀ ਸੰਸਥਾ (ਈ ਪੀ ਐੱਫ ਓ) ਵੱਲੋਂ ਜਾਰੀ ਕੀਤੇ ਨਵੇਂ ਪੈਸਾ ਕੱਢਣ ਦੇ ਨਿਯਮਾਂ 'ਤੇ ਸਖ਼ਤ ਇਤਰਾਜ਼ ਜਤਾਇਆ ਹੈ ਅਤੇ ਉਨ੍ਹਾਂ ਨੂੰ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ।ਨਵੇਂ ਨਿਯਮਾਂ ਅਨੁਸਾਰ ਕਰਮਚਾਰੀ ਦੀ ਕੁੱਲ ਬਚਤ ਦਾ 25 ਫੀਸਦੀ ਹਿੱਸਾ ਘੱਟੋ-ਘੱਟ ਬਕਾਇਆ ਵਜੋਂ ਖਾਤੇ 'ਚ ਰਹਿਣਾ ਲਾਜ਼ਮੀ ਹੋਵੇਗਾ।ਇਸ ਤੋਂ ਇਲਾਵਾ, ਅੰਤਮ ਪੀ ਐੱਫ਼ ਕਢਾਈ ਲਈ 12 ਮਹੀਨੇ ਦੀ ਲਗਾਤਾਰ ਬੇਰੁਜ਼ਗਾਰੀ ਅਤੇ ਅੰਤਮ ਪੈਨਸ਼ਨ ਕਢਾਈ ਲਈ 36 ਮਹੀਨੇ ਦੀ ਲਗਾਤਾਰ ਬੇਰੁਜ਼ਗਾਰੀ ਦੀ ਸ਼ਰਤ ਲਾਈ ਗਈ ਹੈ। ਇਹ ਨਿਯਮ ਜ਼ਾਲਮਾਨਾ ਹਨ।

ਏਟਕ ਦੀ ਜਨਰਲ ਸਕੱਤਰ ਅਮਰਜੀਤ ਕੌਰ ਨੇ ਕਿਹਾ ਹੈ ਕਿ ਸਰਕਾਰ ਵੱਲੋਂ ਇਨ੍ਹਾਂ ਪਾਬੰਦੀਆਂ ਨੂੰ ਲਾਗੂ ਕਰਨ ਲਈ ਦਿੱਤੀ ਗਈ ਰਿਟਾਇਰਮੈਂਟ ਸੁਰੱਖਿਆ ਦੀ ਦਲੀਲ ਬਿਲਕੁਲ ਅਸਵੀਕਾਰਯੋਗ ਹੈ। ਬੇਰੁਜ਼ਗਾਰ ਵਿਅਕਤੀ ਦੇ ਸਾਹਮਣੇ ਵਿੱਤੀ ਸੰਜਮ ਦੀ ਗੱਲ ਕਰਨੀ ਇਕ ਕਠੋਰ ਮਜ਼ਾਕ ਹੈ।ਈ ਪੀ ਐੱਫ ਓ ਅੰਕੜਿਆਂ ਮੁਤਾਬਕ 87 ਫੀਸਦੀ ਮੈਂਬਰਾਂ ਦੇ ਖਾਤੇ ਵਿੱਚ ਇਕ ਲੱਖ ਤੋਂ ਘੱਟ ਰਕਮ ਹੈ ਅਤੇ ਉਨ੍ਹਾਂ ਵਿੱਚੋਂ 50 ਫੀਸਦੀ ਕੋਲ 20,000 ਤੋਂ ਵੀ ਘੱਟ ਹੈ।ਇਹ ਆਪਣੇ ਆਪ ਵਿੱਚ ਕਰਮਚਾਰੀਆਂ ਦੀ ਵਿੱਤੀ ਹਾਲਤ ਦਾ ਸਬੂਤ ਹੈ।ਇੱਕ ਨਿਯਮ ਸਭ 'ਤੇ ਲਾਗੂ ਵਾਲੀ ਸੋਚ ਇੱਥੇ ਠੀਕ ਨਹੀਂ ਬੈਠਦੀ।ਵੱਡੀ ਗਿਣਤੀ ਮੈਂਬਰਾਂ ਦੀ ਵਿੱਤੀ ਅਸਥਿਰਤਾ ਦਾ ਕਾਰਨ ਉਨ੍ਹਾਂ ਦੀ ਘੱਟ ਤਨਖ਼ਾਹ ਹੈ। ਇਸ ਹਾਲਤ ਵਿੱਚ ਬਚਤ ਦਾ 25 ਫੀਸਦੀ ਹਿੱਸਾ ਘੱਟੋ-ਘੱਟ ਬਕਾਇਆ ਵਜੋਂ ਰੱਖਣਾ ਕਮਜ਼ੋਰਾਂ ਨੂੰ ਸ਼ਿਕਾਰ ਬਣਾਉਣ ਦੇ ਬਰਾਬਰ ਹੈ।ਵੱਡੀ ਗਿਣਤੀ ਕਰਮਚਾਰੀਆਂ ਲਈ ਇਹ ਬਚਤ ਏਨੀ ਘੱਟ ਹੈ ਕਿ ਇਹ ਰਿਟਾਇਰਮੈਂਟ ਸੁਰੱਖਿਆ ਨਹੀਂ ਦੇ ਸਕਦੀ, ਪਰ ਏਨੀ ਜਿਆਦਾ ਹੈ ਕਿ ਇਸ ਦੇ ਨਾ ਮਿਲਣ ਨਾਲ ਕਰਮਚਾਰੀ ਲਈ ਭਾਰੀ ਮੁਸ਼ਕਲ ਪੈਦਾ ਕਰਦੀ ਹੈ।

ਨੌਕਰੀਆਂ ਖੁਸ ਜਾਣ, ਵਾਰ-ਵਾਰ ਨੌਕਰੀ ਬਦਲਣ ਦੀ ਮਜਬੂਰੀ, ਅਨਿਸਚਿਤ ਆਮਦਨ, ਅਸਮਾਨ ਛੂੰਹਦੀ ਮਹਿੰਗਾਈ, ਸਿੱਖਿਆ ਤੇ ਸਿਹਤ ਦੀ ਵਧਦੀ ਲਾਗਤ, ਇਹ ਸਭ ਕਾਰਨ ਕਰਮਚਾਰੀ ਨੂੰ ਆਪਣੀ ਬਚਤ ਕੱਢਣ ਲਈ ਮਜਬੂਰ ਕਰਦੇ ਹਨ।ਇਸ ਹਾਲਤ ਵਿੱਚ ਪੈਸਾ ਕਢਾਉਣ ਦੀ ਉਡੀਕ ਮਿਆਦ ਵਧਾਉਣਾ ਤੇ ਰਿਟਾਇਰਮੈਂਟ ਸੁਰੱਖਿਆ ਜਾਂ ਤੁਰੰਤ ਕਢਾਈ ਰੋਕਣ ਦੇ ਨਾਂਅ 'ਤੇ ਹਿੱਸਾ ਰੋਕਣਾ ਅਨਿਆਂ ਹੈ। ਹਰ ਵਿਅਕਤੀ ਨੂੰ ਆਪਣੀ ਕਮਾਈ 'ਤੇ ਪੂਰਾ ਹੱਕ ਹੈ।ਰਾਜ ਵੱਲੋਂ ਕਰਮਚਾਰੀਆਂ ਦੀ ਬਚਤ ਨੂੰ ਜ਼ਬਰਦਸਤੀ ਰੋਕ ਕੇ ਕੋਸ਼ ਬਣਾਉਣਾ 'ਖਜ਼ਾਨੇ ਭਰਨਾ' ਤੋਂ ਘੱਟ ਨਹੀਂ।ਹੋਰ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਨਵੇਂ ਨਿਯਮਾਂ ਅਨੁਸਾਰ 'ਪੂਰੀ ਕਢਾਈ' ਦਾ ਮਤਲਬ ਸਿਰਫ਼ 100 ਫੀਸਦੀ ਯੋਗ ਰਕਮ ਹੈ, ਜਿਸ ਵਿੱਚ 25 ਫੀਸਦੀ ਰੋਕੀ ਗਈ ਘੱਟੋ-ਘੱਟ ਬਕਾਇਆ ਰਕਮ ਸ਼ਾਮਲ ਨਹੀਂ।ਜਿਨ੍ਹਾਂ ਨਿਯਮਾਂ ਨੂੰ ਵਿੱਤੀ ਅਨੁਸ਼ਾਸਨ ਦੇ ਨਾਂਅ 'ਤੇ ਲਿਆਂਦਾ ਗਿਆ ਹੈ, ਉਹ ਆਮ ਤਨਖਾਹਦਾਰ ਵਿਅਕਤੀ ਦੀ ਜ਼ਿੰਦਗੀ ਦੀ ਹਕੀਕਤ ਤੇ ਤਰਕ ਦੀ

• ਬਾਕੀ ਸਫਾ 6 'ਤੇ

# ਦੀਵਾਲੀ ਅਤੇ ਗੁਰਪੁਰਬ ਨੂੰ ਸਮਰਪਿਤ ਨਾਭਾ ਵਿਸ਼ੇਸ਼ ਸਪਲੀਮੈਂਟ


ਦੀਵਾਲੀ ਅਤੇ ਗੁਰਪੁਰਬ ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਅਮਰਦੀਪ ਸਿੰਘ ਖੰਨਾ
ਜਸਦੀਪ ਸਿੰਘ ਖੰਨਾ
ਕੌਂਸਲਰ ਵਾਰਡ ਨੰ. 20 ਨਾਭਾ

ਮਾਨਵ ਸੇਵਾ ਉੱਤਮ ਸੇਵਾ (ਰਜਿ.), ਨਾਭਾ
ਵੱਲੋਂ
ਦੀਵਾਲੀ, ਵਿਸ਼ਵਕਰਮਾ ਅਤੇ ਗੁਰਪੁਰਬ
ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ
ਵਿਕਾਸ ਮਿੱਤਲ, ਸੁਨੀਲ ਗੁਪਤਾ, ਅੰਕੁਰ ਸਿੰਗਲਾ, ਰਵਿੰਦਰ ਸਿੰਘ, ਵਰੁਣ ਸਿੰਗਲਾ
Adv. ਅਤੁਲ ਬਾਂਸਲ, ਦੀਪਕ ਕੁਮਾਰ, ਸਾਹਿਲ ਗੁਪਤਾ, ਵਿਨੋਦ ਸਿੰਗਲਾ, ਬਲਦੇਵ ਕੁਮਾਰ

ਆਪ ਸਭ ਦਾ ਤਹਿ ਦਿਲੋਂ ਧੰਨਵਾਦ
ਦੀਵਾਲੀ, ਵਿਸ਼ਵਕਰਮਾ ਅਤੇ ਗੁਰਪੁਰਬ ਦਿਵਸ ਦੇ ਸ਼ੁਭ ਮੌਕੇ ਤੇ ਨਾਭਾ ਤੋਂ ਸਪਲੀਮੈਂਟ ਕੱਢਣ ਤੇ ਸਹਿਯੋਗ ਕਰਨ ਵਾਲੇ ਸਾਰੇ ਦੋਸਤਾਂ ਮਿੱਤਰਾਂ ਅਤੇ ਸਹਿਯੋਗੀ ਸੱਜਣਾ ਦਾ ਧੰਨਵਾਦੀ ਹਾਂ। ਜਿਨਾਂ ਨੇ ਮੈਨੂੰ ਨਵਾਂ ਜ਼ਮਾਨਾ ਵਿੱਚ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਮੇਰਾ ਸਹਿਯੋਗ ਦਿੱਤਾ। ਮੈਂ ਆਸ ਕਰਦਾ ਹਾਂ ਕਿ ਤੁਸੀ ਮੈਨੂੰ ਅੱਗੇ ਤੋਂ ਵੀ ਇਸੇ ਤਰ੍ਹਾਂ ਸਹਿਯੋਗ ਦਿੰਦੇ ਰਹੋਗੇ।
ਵਰਿੰਦਰ ਵਰਮਾ ਪੱਤਰਕਾਰ ਨਾਭਾ ਮੋ. 96467-00885
varinderverma1999@gmail.com, varinderverma1972@gmail.com

ਦੀਵਾਲੀ ਅਤੇ ਗੁਰਪੁਰਬ ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਮੁੱਖ ਸੇਵਾਦਾਰ ਵਾਰਡ ਨੰਬਰ 20, ਨਾਭਾ
ਸੰਨੀ ਸਿੰਗਲਾ

ਓਮ ਪ੍ਰਕਾਸ਼ ਗਰਗ
ਜ਼ਿਲ੍ਹਾ ਪ੍ਰਧਾਨ ਅਗਰਵਾਲ ਸਭਾ, ਪਟਿਆਲਾ
ਐਡਵੋਕੇਟ ਨਰੇਸ਼ ਸਿੰਗਲਾ
ਕੈਸ਼ੀਅਰ ਅਗਰਵਾਲ ਸਭਾ, ਨਾਭਾ

Auth. Distributor:
BELL & GRAFDOER
Sanitary Wares
Rahul Singla
M. 88472-35686, 92165-73351
M/s Star Sales
Circular Road, Near Dr. Rajwant Hospital, Nabha

Singla Enterprises
Courier & Cargo Services
Domestic & International Couriers
DHL FedEx DPD aramex
OLD GRAIN MARKET, NABHA
M. 98156-53495, 99147-53495
Sushil Singla

ਦੀਵਾਲੀ ਅਤੇ ਗੁਰਪੁਰਬ ਦੀਆਂ
ਆਪ ਸਭ ਨੂੰ
ਲੱਖ ਲੱਖ ਵਧਾਈਆਂ
ਜਨਸੇਵਾ ਸੁਸਾਇਟੀ ਫਾਰ ਆਈ ਕੇਅਰ ਐਂਡ ਏਡਜ਼ ਅਵੇਅਰਨੈਸ (ਰਜਿ.)
ਪਿੰਡ ਕਕਰਾਲਾ (ਨਾਭਾ)
ਡਾ. ਆਈ.ਡੀ. ਗੋਇਲ
ਡਾ. ਧੀਰ ਸਿੰਘ ਕਕਰਾਲਾ

PREET
FARMING WITH PASSION
ਦੀਵਾਲੀ
ਦੀਆਂ ਲੱਖ ਲੱਖ ਵਧਾਈਆਂ
HAPPY Diwali
92170-01649, 81469-97149

THE PUNJAB PUBLIC SCHOOL, NABHA (PUNJAB), INDIA
NEP-2020 INTEGRATED BOARDING SCHOOL OF EXCELLENCE
ADMISSION NOTICE FOR ACADEMIC SESSION 2026-27
SCHOOL IS CREDITED FOR QUALITY ALUMNI
ENTRANCE TEST
CLASSES IV TO IX- 30 NOVEMBER 2025 AT 9.00 AM
CLASSES IV TO IX & CLASS XI (ALL STREAMS)- 29 MARCH 2026 AT 9.00AM
UNIQUE FEATURES
- 105 ACRES LUSH GREEN ECO-FRIENDLY CAMPUS & SUPERB INFRASTRUCTURE
- COMPETENT, ACCOUNTABLE FACULTY
- NEP 2020 INTEGRATED CURRICULUM OF ACADEMICS, SPORTS & CO-CURRICULAR ACTIVITIES
- AUDITORIUM, SEMINAR HALL & FUNCTIONAL LABS
- STEM/STEAM, ROBOTICS, AI & AUDIO VISUAL LABS
- ADVANCED COMPUTER LAB AND IT RESEARCH CENTRE
- IT-ENABLED CLASSROOMS WITH SMART BOARDS
- WELL-EQUIPPED ULTRA-MODERN PHYSICS, CHEMISTRY AND BIOLOGY LABS
- NCC, IAYP, CLUBS, MORE THAN 15 HOBBY CLUBS AND SOCIETIES
- CAREER COUNSELLING & GUIDANCE
- MEDICAL INFIRMARY WITH VMO:(24-BED MEDICAL INFIRMARY)
- SAFETY & SECURITY, EXCELLENT PASTORAL CARE & STUDENT COUNSELLOR
- BOARDING HOUSES:SEPARATE MODERN BOARDING HOUSES FOR GIRLS AND BOYS
- SPACIOUS TWO DINING HALLS FOR BALANCED MEALS
- ULTRA-MODERN GIRLS' HOSTEL
SPORTS AND GAMES
- SEPARATE PLAYFIELDS FOR CRICKET, HOCKEY, FOOTBALL AND ATHLETICS
- SWIMMING POOL, VOLLEYBALL, LAWN TENNIS AND BASKETBALL
- INDOOR MULTI-FACILITY SPORTS COMPLEX FOR SHOOTING, GYMNASIUM, BADMINTON, TABLE TENNIS
- EQUESTRIAN : HORSE RIDING ARENA FOR ALL ACTIVITIES WITH 41 HORSES

M. 98727-67946, 98881-10857
HARSH MOBILES
Happy Bansal
oppo SAMSUNG mi vivo HOME CREDIT BAJAJ FINSERV NOKIA ONEPLUS realme
Deals in: All Types of Old & New Mobile Phone & Accessories
Near Khanna Gun House, Nabha

ਦੀਵਾਲੀ ਅਤੇ ਗੁਰਪੁਰਬ ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਗੌਰਵ ਜਲੋਟਾ

ਦੀਵਾਲੀ ਅਤੇ ਗੁਰਪੁਰਬ ਦੀਆਂ
ਸ਼ਹਿਰ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਭਾਰਤ ਭੂਸ਼ਣ ਜੈਨ (ਨੀਟਨ)
ਜਨਰਲ ਸਕੱਤਰ ਅਗਰਵਾਲ ਸਭਾ, ਨਾਭਾ
ਜਨਰਲ ਸਕੱਤਰ ਨਾਭਾ ਉਤਸਵ ਸਮਿਤੀ, ਨਾਭਾ

ਦੀਵਾਲੀ ਅਤੇ ਗੁਰਪੁਰਬ ਦੀਆਂ
ਆਪ ਸਭ ਨੂੰ
ਲੱਖ ਲੱਖ ਵਧਾਈਆਂ
ਮੈ/ਸ ਰੌਣਕ ਰਾਮ ਹੇਮ ਰਾਜ
ਵਪਾਰੀ ਅਤੇ ਆੜਤੀ
ਦੀਪਕ ਗੁਪਤਾ

ਦੀਵਾਲੀ ਅਤੇ ਗੁਰਪੁਰਬ ਦੀਆਂ
ਵਧਾਈਆਂ
M. 98147-56324
ਚੈਂਬਰ ਨੰ ਜੁਡੀਸ਼ੀਅਲ ਕੋਰਟ ਕੰਪਲੈਕਸ, ਨਾਭਾ (ਪਟਿਆਲਾ)

ਦੀਵਾਲੀ ਅਤੇ ਗੁਰਪੁਰਬ ਦੀਆਂ
ਆਪ ਸਭ ਨੂੰ ਵਧਾਈਆਂ
ਭੁਵੇਸ਼ ਬਾਂਸਲ (ਭਾਸ਼ੀ)
ਪ੍ਰਧਾਨ
ਹਰਸ਼ ਬਲੱਡ ਡੋਨਰ ਸੁਸਾਇਟੀ ਨਾਭਾ

ਦੀਵਾਲੀ ਦੇ ਤਿਉਹਾਰ ਦੀਆਂ
ਲੱਖ ਲੱਖ ਮੁਬਾਰਕਾਂ
ਜੀਵਨ ਪ੍ਰਕਾਸ਼ ਬਾਂਸਲ
ਸਾ. ਪ੍ਰਧਾਨ ਅਗਰਵਾਲ ਸਭਾ ਨਾਭਾ

NAVBHARAT
FURNITURE PALACE
Circular Road, Nabha
87290-73351
81466-43351
"Quality You Can Trust, Style You'll Love"
Raman Singla

ਦੀਵਾਲੀ ਦੀਆਂ ਮੁਬਾਰਕਾਂ
ਦੀਪਕ ਜੰਡ
ਸਮਾਜ ਸੇਵੀ ਨਾਭਾ

ਦੀਵਾਲੀ ਅਤੇ ਗੁਰਪੁਰਬ ਦੀਆਂ
ਆਪ ਸਭ ਨੂੰ
ਲੱਖ ਲੱਖ ਵਧਾਈਆਂ
ਮੈ/ਸ ਸਿਕੰਦਰ ਸਿੰਘ ਐਂਡ ਸੰਨਜ
ਵਪਾਰੀ ਅਤੇ ਆੜਤੀ
ਦੁਕਾਨ ਨੰ. 111, ਨਵੀਂ ਅਨਾਜ ਮੰਡੀ, ਨਾਭਾ

ਦੀਵਾਲੀ ਅਤੇ ਵਿਸ਼ਵਕਰਮਾ ਦੀਆਂ ਮੁਬਾਰਕਾਂ
ਨਾਭਾ ਉਤਸਵ ਸਮਿਤੀ ਨਾਭਾ

ਸਮੂਹ ਇਲਾਕਿਆ ਨਿਵਾਸੀਆਂ ਨੂੰ ਦੀਵਾਲੀ ਅਤੇ ਵਿਸ਼ਵਕਰਮਾ ਦੀਆਂ
ਲੱਖ ਲੱਖ ਵਧਾਈਆਂ
Vipan Light & Dj System
Near Hanuman Mandir Bathindian Mohalla, Nabha

ਗਿਆਨ ਸਿੰਘ ਮੂੰਗੋ
ਪ੍ਰਧਾਨ ਬਾਰ ਐਸੋਸ਼ੀਏਸ਼ਨ ਨਾਭਾ
ਵੱਲੋਂ ਦੀਵਾਲੀ ਅਤੇ ਗੁਰਪੁਰਬ ਦੀਆਂ
ਲੱਖ ਲੱਖ ਵਧਾਈਆਂ

ਦੀਵਾਲੀ ਅਤੇ ਗੁਰਪੁਰਬ
ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਲਕਸ਼ਮੀ ਟ੍ਰੇਡਿੰਗ ਕੰਪਨੀ, ਬੌੜਾਂ ਗੇਟ, ਨਾਭਾ
ਜਸਪਾਲ ਜੁਨੇਜਾ

ਦੀਵਾਲੀ ਅਤੇ ਗੁਰਪੁਰਬ ਦੀਆਂ
ਆਪ ਸਭ ਨੂੰ
ਲੱਖ ਲੱਖ ਵਧਾਈਆਂ
ਮੈ/ਸ ਮੁਨਸ਼ੀ ਰਾਮ ਅਨੁਜ ਕੁਮਾਰ
ਵਪਾਰੀ ਅਤੇ ਆੜਤੀ
ਦੁਕਾਨ ਨੰ. 7, ਨਵੀਂ ਅਨਾਜ ਮੰਡੀ, ਨਾਭਾ
ਅਨੁਜ ਕੁਮਾਰ

Chirag
MUSTARD OIL
Jindal Agencies
M. 98158-03229
Jattan Wala Bans, Nabha 147201 (Punjab)

ਦੀਵਾਲੀ, ਗੁਰਪੁਰਬ ਅਤੇ ਵਿਸ਼ਵਕਰਮਾ ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਜੈ ਸ਼੍ਰੀ ਰਾਮ ਸੇਵਾ ਸਮਿਤੀ (ਰਜਿ.) ਨਾਭਾ
ਪ੍ਰਧਾਨ- ਮੋਹਿਤ ਅਰੋੜਾ ਅਤੇ ਸਮੂਹ ਮੈਂਬਰ

ਆਪ
ਦੀਵਾਲੀ ਅਤੇ ਗੁਰਪੁਰਬ ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਸ੍ਰੀ ਸੰਦੀਪ ਸ਼ਰਮਾ
ਗੁਰਪ੍ਰੀਤ ਸਿੰਘ ਰੋਧੀ

ਰਣਧੀਰ ਸਿੰਘ ਖੰਗੂੜਾ
ਸੂਬਾ ਪ੍ਰਧਾਨ, ਪੰਜਾਬ
ਮਨਦੀਪ ਸਿੰਘ ਮਾਝੀ
ਸਕੱਤਰ ਪੰਜਾਬ
ਬਹਾਦਰ ਸਿੰਘ ਖੱਟੜਾ
ਜਨਰਲ ਸਕੱਤਰ ਨਾਭਾ
ਦੀਵਾਲੀ, ਬੰਦੀਛੋੜ ਤੇ ਵਿਸ਼ਵਕਰਮਾ ਦਿਵਸ
ਦੀਆਂ ਹਲਕਾ ਨਾਭਾ ਅਤੇ ਦੇਸ਼-ਵਾਸੀਆ ਨੂੰ
ਲੱਖ ਲੱਖ ਵਧਾਈਆਂ
ਵੱਲੋਂ: ਸਮਾਜ ਕਲਿਆਣ ਜਾਗ੍ਰਤੀ ਮੰਚ, ਪੰਜਾਬ
M. 93177-21501

ਦੀਵਾਲੀ, ਗੁਰਪੁਰਬ ਅਤੇ
ਵਿਸ਼ਵਕਰਮਾ ਦਿਵਸ ਦੀਆਂ
ਲੱਖ ਲੱਖ ਵਧਾਈਆਂ
ਮੈ/ਸ ਮਾਝੂ ਖਾਨ ਐਂਡ ਨਾਭਾ ਡੇਅਰੀ,
ਅਲੌਹਰਾਂ ਗੇਟ, ਨਾਭਾ
ਸੂਰਜ ਖਾਂ

ਦੀਵਾਲੀ ਅਤੇ ਗੁਰਪੁਰਬ ਦੀਆਂ
ਸ਼ਹਿਰ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਕ੍ਰਿਸ਼ਨ ਮੰਗਲਾ ਕੁੱਕੀ
ਪ੍ਰਧਾਨ ਨਾਭਾ ਉਤਸਵ ਸਮਿਤੀ, ਨਾਭਾ

ਦੀਵਾਲੀ ਅਤੇ ਗੁਰਪੁਰਬ ਦੀਆਂ
ਸ਼ਹਿਰ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਸੰਵਾਦ ਗਰੁੱਪ, ਨਾਭਾ
ਰਾਜੇਸ਼ ਢੀਂਗਰਾ

ਦੀਵਾਲੀ ਅਤੇ ਗੁਰਪੁਰਬ ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ ਲੱਖ ਵਧਾਈਆਂ
ਹਰਵਿੰਦਰ ਸਿੰਘ ਖਹਿਰਾ

ਦੀਵਾਲੀ ਅਤੇ ਗੁਰਪੁਰਬ ਦੀਆਂ ਸ਼ਹਿਰ ਅਤੇ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈਆਂ
ਤੁਸ਼ਾਰ ਵਰਮਾ ਨਾਭਾ
ਵਿਕਾਸ ਗੋਇਲ
ਸੁਮਿਤ ਗੋਇਲ ਸੋਟੀ
ਡਾ. ਜੇ ਪੀ ਨਰੂਲਾ
ਪ੍ਰਧਾਨ

ਦੀਵਾਲੀ, ਬੰਦੀਛੋੜ ਦਿਵਸ, ਵਿਸ਼ਵਕਰਮਾ ਦਿਵਸ
ਦੀਆਂ ਸਮੂਹ ਸੰਗਤਾਂ ਨੂੰ
ਲੱਖ-ਲੱਖ ਵਧਾਈਆ
ਵੱਲੋਂ: ਅਮਰ ਸਿੰਘ ਟੌਡਰਵਾਲ
ਰਿਟਾ. ਮੁੱਖ ਅਧਿਆਪਕ,
ਜਨਰਲ ਸਕੱਤਰ ਸ਼੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ (ਰਜਿ. 239) ਨਾਭਾ
98767-10679
#620 Hira Enclave, Pudda Colony, Nabha (Patiala)

ਦੀਵਾਲੀ, ਗੁਰਪੁਰਬ ਅਤੇ
ਵਿਸ਼ਵਕਰਮਾ ਦਿਵਸ ਦੀਆਂ
ਹਲਕਾ ਨਾਭਾ ਅਤੇ ਦੇਸ਼ ਵਾਸੀਆਂ ਨੂੰ
ਲੱਖ-ਲੱਖ ਵਧਾਈਆਂ
ਸ੍ਰੀ ਸਨਾਤਨ ਮਹਾਵੀਰ ਦਲ ਨਾਭਾ (ਜੁਆਇੰਟ ਸਕੱਤਰ)

ਦੀਵਾਲੀ ਅਤੇ ਗੁਰਪੁਰਬ ਦੀਆਂ ਸ਼ਹਿਰ ਅਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਰਵਨੀਸ਼ ਗੋਇਲ
ਪ੍ਰਧਾਨ ਅਗਰਵਾਲ ਸਭਾ, ਨਾਭਾ,
ਪ੍ਰਧਾਨ ਰੋਟਰੀ ਕਲੱਬ ਨਾਭਾ

ਆਪ
ਦੀਵਾਲੀ, ਬੰਦੀਛੋੜ ਦਿਵਸ
ਅਤੇ ਵਿਸ਼ਵਕਰਮਾ
ਦੀਆਂ
ਲੱਖ ਲੱਖ ਵਧਾਈਆਂ
ਵੱਲੋਂ: ਰੇਣੀ ਨਾਗਪਾਲ MC ਵਾਰਡ ਨੰ. 23
ਅਤੇ ਦੀਪਕ ਨਾਗਪਾਲ ਸਮਾਜ ਸੇਵਕ

17 Oct Page 3.qxd 10/16/2025 11:06 PM Page 1



# ਜ਼ਿਲ੍ਹੇ ਦੀਆਂ ਮੰਡੀਆਂ 'ਚ ਝੋਨੇ ਦੀ 156472 ਮੀਟਰਕ ਟਨ ਦੀ ਖਰੀਦ

**ਗੁਰਦਾਸਪੁਰ (ਜਨਕ ਮਹਾਜਨ)**- ਜ਼ਿਲ੍ਹੇ ਦੀਆਂ ਮੰਡੀਆਂ ਵਿਚ ਬੀਤੀ ਸ਼ਾਮ ਤੱਕ 165155 ਮੀਟਰਕ ਟਨ ਝੋਨੇ ਦੀ ਫਸਲ ਦੀ ਆਮਦ ਹੋਈ ਸੀ, ਜਿਸ ਵਿਚੋਂ 156472 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ ਅਤੇ ਫਸਲ ਦੀ ਚੁਕਾਈ ਅਤੇ ਅਦਾਇਗੀ ਨੂੰ ਨਿਸ਼ਚਿਤ ਸਮੇਂ ਅੰਦਰ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਫਸਲ ਕੱਟਣ ਉਪਰੰਤ ਇਨ ਸਿਟੂ ਵਿਧੀ ਨਾਲ ਫਸਲ ਦੀ ਰਹਿੰਦ-ਖੂੰਹਦ ਨੂੰ ਖੇਤ ਵਿਚ ਵਾਹ ਕੇ ਕਣਕ ਦੀ ਬਿਜਾਈ ਕਰਨ ਜਾਂ ਐਕਸ ਸੀਟੂ ਵਿਧੀ ਰਾਹੀਂ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਦੀ ਵਰਤੋਂ ਕਰਨ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਕਟਾਈ ਝੋਨਾ ਪੂਰੀ ਤਰ੍ਹਾਂ ਪੱਕਣ 'ਤੇ ਹੀ ਕੀਤੀ ਜਾਵੇ ਅਤੇ ਕੇਵਲ ਸੁੱਕਾ ਝੋਨਾ ਹੀ ਮੰਡੀਆਂ ਵਿੱਚ ਵੇਚਣ ਲਈ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਖ਼ਰੀਦ ਵੇਲੇ ਝੋਨੇ ਵਿੱਚ ਨਮੀਂ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਫ਼ਸਲ ਵਿਚ 17 ਫ਼ੀਸਦੀ ਤੋਂ ਵੱਧ ਦੀ ਨਮੀਂ ਪਾਈ ਜਾਂਦੀ ਹੈ ਤਾਂ ਉਸ ਦੀ ਜਿਨਸ ਦੀ ਖ਼ਰੀਦ ਨਹੀਂ ਹੋ ਪਾਉਂਦੀ, ਜਿਸ ਕਾਰਨ ਕਿਸਾਨਾਂ ਨੂੰ ਮੰਡੀ ਵਿੱਚ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਡਿਪਟੀ ਕਮਿਸ਼ਨਰ ਨੇ ਸਾਰੇ ਕੰਬਾਈਨ ਓਪਰੇਟਰਾਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਝੋਨੇ ਦੀ ਕਟਾਈ ਕਰਨ ਤਾਂ ਜੋ ਝੋਨੇ ਦੀ ਫਸਲ ਵਿੱਚ ਨਮੀਂ ਦੀ ਮਾਤਰਾ ਵੱਧ ਨਾ ਆ ਸਕੇ। ਉਨ੍ਹਾਂ ਕਿਸਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੇਵਲ ਦਿਨ ਵੇਲੇ ਹੀ ਆਪਣੀ ਝੋਨੇ ਦੀ ਪੱਕੀ ਹੋਈ ਫ਼ਸਲ ਦੀ ਕਟਾਈ ਕਰਵਾਉਣ। ਦੱਸਣਯੋਗ ਹੈ ਕਿ ਪਨਗਰੇਨ ਵਲੋਂ 58439 ਮੀਟਰਕ ਟਨ, ਮਾਰਕਫੈੱਡ ਵਲੋਂ 47931 ਮੀਟਰਕ ਟਨ, ਪਨਸਪ ਵਲੋਂ 28732 ਮੀਟਰਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਵਲੋਂ 21362 ਅਤੇ ਪ੍ਰਾਈਵੇਟ ਖਰੀਦ 8 ਮੀਟਰਕ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ।



# ਮਾਹਵਾਰੀ ਸਵੱਛਤਾ ਬਾਰੇ ਕੀਤਾ ਜਾਗਰੂਕ

**ਫ਼ਿਰੋਜ਼ਪੁਰ (ਮਨੋਜ ਕੁਮਾਰ)**- ਸ੍ਰੀ ਗੁਰੂ ਅਰਜੁਨ ਦੇਵ ਜੀ ਇੰਸਟੀਚਿਊਟ ਆਫ ਨਰਸਿੰਗ ਝਬਾਲ ਰੋਡ ਦੇ ਫੈਕਲਟੀ ਤੇ ਵਿਦਿਆਰਥਣਾਂ ਨੇ ਡੀ.ਏ.ਵੀ. ਸੀਨੀਅਰ ਸੈਕੰਡਰੀ ਗਰਲਜ਼ ਸਕੂਲ, ਲਾਹੌਰੀ ਗੇਟ ਵਿਚ ਵਿਦਿਆਰਥਣਾਂ ਲਈ ਮਾਹਵਾਰੀ ਸਵੱਛਤਾ ਬਾਰੇ ਇਕ ਜਾਗਰੂਕਤਾ ਸੈਮੀਨਾਰ ਕੀਤਾ। ਇਸ ਮੌਕੇ ਨਰਸਿੰਗ ਫੈਕਲਟੀ ਦੀ ਮਾਹਰ ਟੀਮ ਨੇ ਵਿਦਿਆਰਥਣਾਂ ਨੂੰ ਮਾਹਵਾਰੀ ਨਾਲ ਸੰਬੰਧਤ ਸਰੀਰਕ ਤੇ ਮਾਨਸਿਕ ਚੁਣੌਤੀਆਂ, ਸਵੱਛਤਾ ਦੀ ਮਹੱਤਤਾ ਤੇ ਸਿਹਤ ਨਾਲ ਸੰਬੰਧਤ ਸਾਵਧਾਨੀਆਂ ਬਾਰੇ ਜਾਣਕਾਰੀ ਦਿੱਤੀ। ਪ੍ਰੋਗਰਾਮ ਦੌਰਾਨ ਵਿਦਿਆਰਥਣਾਂ ਨੂੰ ਸੈਨੇਟਰੀ ਉਤਪਾਦਾਂ ਦੀ ਸਹੀ ਵਰਤੋਂ, ਇਨਫੈਕਸ਼ਨ ਤੋਂ ਬਚਾਓ ਤੇ ਸੰਤੁਲਿਤ ਖੁਰਾਕ ਬਾਰੇ ਵਿਸਥਾਰ ਵਿਚ ਦੱਸਿਆ ਗਿਆ। ਅਦਾਰੇ ਦੇ ਫੈਕਲਟੀ ਮੈਂਬਰਾਂ ਨੇ ਕਿਹਾ ਕਿ ਮਾਹਵਾਰੀ ਸਿਹਤ ਸਿੱਖਿਆ ਮਹਿਲਾਵਾਂ ਵਿਚ ਆਤਮ-ਵਿਸ਼ਵਾਸ ਨੂੰ ਵਧਾਉਂਦੀ ਹੈ ਅਤੇ ਉਨ੍ਹਾਂ ਨੂੰ ਆਪਣੇ ਸਮਾਜਿਕ ਤੇ ਵਿੱਦਿਅਕ ਜੀਵਨ ਵਿਚ ਸੁਚਾਰੂ ਢੰਗ ਨਾਲ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਵਿਦਿਆਰਥਣਾਂ ਨੇ ਜਾਗਰੂਕਤਾ ਸੈਮੀਨਾਰ ਦੌਰਾਨ ਸਵਾਲ ਵੀ ਪੁੱਛੇ। ਸਕੂਲ ਪ੍ਰਸ਼ਾਸਨ ਨੇ ਸ੍ਰੀ ਗੁਰੂ ਅਰਜੁਨ ਦੇਵ ਜੀ ਇੰਸਟੀਚਿਊਟ ਆਫ ਨਰਸਿੰਗ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਹੀ ਜਾਣਕਾਰੀ ਤੇ ਬੇਹਤਰ ਸਿਹਤ ਪ੍ਰਦਾਨ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸਬ ਡਵੀਜ਼ਨ ਧਾਰੀਵਾਲ ਦੀ ਚੋਣ; ਮਨੋਜ ਸ਼ਰਮਾ ਪ੍ਰਧਾਨ ਚੁਣੇ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਸੂਬਾ ਕਮੇਟੀ ਦੇ ਫ਼ੈਸਲੇ ਮੁਤਾਬਕ ਸਬ ਯੂਨਿਟ ਧਾਰੀਵਾਲ ਦੀ ਚੋਣ ਸਰਕਲ ਪ੍ਰਧਾਨ ਗੁਰਦਾਸਪੁਰ ਸਾਥੀ ਬਲਵਿੰਦਰ ਉਦੀਪੁਰ ਤੇ ਮੰਡਲ ਪ੍ਰਧਾਨ ਸਾਥੀ ਨਿਸ਼ਾਨ ਸਿੰਘ ਸੋਹਲ ਦੀ ਨਿਗਰਾਨੀ ਹੇਠ ਸਰਵਸੰਮਤੀ ਨਾਲ ਹੋਈ। ਜਿਸ ਵਿੱਚ ਸਾਥੀ ਮਨੋਜ ਸ਼ਰਮਾ ਪ੍ਰਧਾਨ, ਸਾਥੀ ਸਤਨਾਮ ਸਿੰਘ ਕਲੇਰ ਸੀਨੀਅਰ ਮੀਤ ਪ੍ਰਧਾਨ, ਕਿਸ਼ਨ ਲਾਲ ਮੀਤ ਪ੍ਰਧਾਨ, ਰਜੇਸ਼ ਕੁਮਾਰ ਐਲ ਡੀ ਸੀ ਸਕੱਤਰ, ਸਲਵਿੰਦਰ ਕੁਮਾਰ ਸਹਾਇਕ ਸਕੱਤਰ, ਸਤਨਾਮ ਸਿੰਘ ਸੋਹਲ ਕੈਸ਼ੀਅਰ ਚੁਣੇ ਗਏ। ਨਵੀਂ ਚੁਣੀ ਕਮੇਟੀ ਨੂੰ ਵਧਾਈ ਦਿੰਦਿਆਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਬਲਵਿੰਦਰ ਉਦੀਪੁਰ ਨੇ ਕਿਹਾ ਕਿ ਅੱਜ ਜਥੇਬੰਦੀ ਨੂੰ ਮਜ਼ਬੂਤ ਕਰਨ ਦੀ ਲੋੜ ਹੈ ਤਾਂ ਜੋ ਆਪਣੇ ਹੱਕਾਂ ਦੀ ਰਾਖੀ ਕੀਤੀ ਜਾ ਸਕੇ। ਕਮੇਟੀ ਵਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਉਹ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਕਰਨਗੇ ਅਤੇ ਹਰ ਸੰਘਰਸ਼ ਵਿੱਚ ਸ਼ਾਮਲ ਹੋਣਗੇ ਅਤੇ ਪਾਵਰਕਾਮ ਦੀ ਮੈਨੇਜਮੈਂਟ ਅਤੇ ਸਰਕਾਰ ਵਲੋਂ ਮਹਿਕਮੇ ਦੀਆਂ ਜ਼ਮੀਨਾਂ ਨੂੰ ਕਾਰਪੋਰੇਟ ਘਰਾਣਿਆਂ ਕੋਲ ਵੇਚਣ ਵਿਰੁੱਧ ਬਿਜਲੀ ਮੁਲਾਜ਼ਮ ਏਕਤਾ ਮੰਚ ਅਤੇ ਜੁਆਇੰਟ ਫ਼ੋਰਮ ਪੰਜਾਬ ਦੇ ਸੂਬਾ ਪੱਧਰੀ ਸੰਘਰਸ਼ ਤਹਿਤ 29 ਅਕਤੂਬਰ ਨੂੰ ਗੁਰਦਾਸਪੁਰ ਸਰਕਲ ਵਿਖੇ ਦਿੱਤੇ ਜਾ ਰਹੇ ਧਰਨੇ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਇਸ ਮੌਕੇ ਸਾਹਿਬ ਸਿੰਘ ਧਾਲੀਵਾਲ, ਨਿਰਮਲ ਸਿੰਘ ਆਰ ਏ, ਜੋਧ ਸਿੰਘ, ਮਾਨਵਜੋਤ ਸਿੰਘ ਰੰਧਾਵਾ ਵੀ ਹਾਜ਼ਰ ਸਨ।



# ਪੰਜਾਬ ਨੈਸ਼ਨਲ ਲੀਡ ਬੈਂਕ ਤੇ ਸਹਿਕਾਰੀ ਬੈਂਕ ਲਿਮਟਿਡ ਨੇ ਬੈਂਕਾਂ 'ਚ ਨਾ ਦਾਅਵਾ ਰਾਸ਼ੀ ਸੰਬੰਧੀ ਪ੍ਰੋਗਰਾਮ ਕਰਵਾਇਆ



**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਨੈਸ਼ਨਲ ਲੀਡ ਬੈਂਕ ਅਤੇ ਸਹਿਕਾਰੀ ਬੈਂਕ ਲਿਮਟਿਡ ਗੁਰਦਾਸਪੁਰ ਵਲੋਂ ਸਾਂਝੇ ਤੌਰ 'ਤੇ ਬੈਂਕਾਂ ਵਿਚ ਦਾਅਵਾ ਨਾ ਕੀਤੇ ਗਏ ਜਮ੍ਹਾਂ ਰਾਸ਼ੀ ਸਬੰਧੀ ਗੁਰਦਾਸਪੁਰ ਵਿਖੇ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਰਾਜਨ ਮਲਹੋਤਰਾ ਚੀਫ਼ ਜ਼ਿਲ੍ਹਾ ਲੀਡ ਬੈਂਕ ਮੈਨੇਜਰ, ਹਰਜਿੰਦਰ ਸਿੰਘ ਜ਼ਿਲ੍ਹਾ ਮੈਨੇਜਰ ਸਹਿਕਾਰੀ ਬੈਂਕ, ਹੀਰਾ ਲਾਲ ਏਸ ਡਿਪਟੀ ਸਰਕਲ ਹੈਡ ਪੰਜਾਬ ਨੈਸ਼ਨਲ ਬੈਂਕ ਅਤੇ ਸੁਸ਼ੀਲ ਕੁਮਾਰ ਜ਼ੋਨਲ ਮੈਨੇਜਰ ਪੰਜਾਬ ਸਿੰਧ ਬੈਂਕ ਆਦਿ ਅਧਿਕਾਰੀ ਹਾਜ਼ਰ ਸਨ। ਇਸ ਮੌਕੇ ਰਾਜਨ ਮਲਹੋਤਰਾ ਤੇ ਹੋਰਨਾਂ ਨੇ ਦੱਸਿਆ ਕਿ ਆਰ.ਬੀ.ਆਈ. ਅਤੇ ਵਿਤ ਮੰਤਰਾਲੇ ਦੀਆਂ ਹਦਾਇਤਾਂ ਅਨੁਸਾਰ ਬੈਂਕਾਂ ਵਿਚ ਜਮ੍ਹਾਂ ਰਾਸ਼ੀ ਸੰਬੰਧੀ ਨਾ ਦਾਅਵਾ ਕਰਨ ਵਾਲੇ ਖਾਤਾਧਾਰਕਾਂ ਨੂੰ ਬੈਂਕ ਖ਼ਾਤਿਆਂ ਨਾਲ ਪੈਨ ਅਤੇ ਆਧਾਰ ਕਾਰਡ ਜੋੜਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 10 ਸਾਲਾਂ ਤੋਂ ਨਾ ਚਲਾਏ ਜਾ ਰਹੇ ਖ਼ਾਤਿਆਂ ਨੂੰ ਆਰ.ਬੀ.ਆਈ. ਦੇ ਡੀ.ਈ.ਏ.ਐਫ. ਖ਼ਾਤਿਆਂ ਵਿਚ ਤਬਦੀਲ ਕਰ ਦਿੱਤਾ ਜਾਂਦਾ ਹੈ ਜਿਸ ਨੂੰ ਖ਼ਾਤਾਧਾਰਕਾਂ ਵਲੋਂ ਦੁਬਾਰਾ ਕੇ.ਵਾਈ.ਸੀ. ਕਰਵਾ ਕੇ ਖ਼ਾਤਾ ਚਾਲੂ ਕਰਵਾਇਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਇਸ ਕੈਂਪ ਦਾ ਮੁੱਖ ਮੰਤਵ ਲੋਕਾਂ ਨੂੰ ਜਾਗਰੂਕ ਕਰਨਾ ਹੈ ਕਿ ਉਹ ਆਪਣੀ ਅਣਵਰਤੀ ਜਮ੍ਹਾਂ ਰਾਸ਼ੀਆਂ ਦਾ ਦਾਅਵਾ ਕਿਵੇਂ ਕਰਨਾ ਹੈ ਅਤੇ ਇਸ ਦੇ ਨਾਲ-ਨਾਲ ਵਿਤੀ ਜਾਗਰੂਕਤਾ ਨੂੰ ਉਤਸ਼ਾਹਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਆਰ.ਬੀ.ਆਈ. ਵਲੋਂ ਸ਼ੁਰੂ ਕੀਤੇ ਉਧਗਮ ਪੋਰਟਲ ਤਹਿਤ ਖ਼ਾਤਾਧਾਰਕ ਕਾਨੂੰਨੀ ਤੌਰ 'ਤੇ ਕੇ.ਵਾਈ.ਸੀ. ਦਸਤਾਵੇਜ਼ਾਂ ਨੂੰ ਫੀਡ ਕਰਕੇ ਪੁੱਛਗਿੱਛ ਕਰ ਸਕਦੇ ਹਨ।

# 350 ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਤ ਸਕੂਲਾਂ ਦਾ ਕੁਇਜ਼ ਮੁਕਾਬਲਾ ਕਰਵਾਇਆ

**ਵਲਟੋਹਾ (ਰਣਜੀਤ ਸਿੰਘ)**- ਨੈਤਿਕ ਸਿੱਖਿਆ ਦੇ ਇਮਤਿਹਾਨ ਦਾ ਇਨਾਮ ਵੰਡ ਸਮਾਗਮ ਗੁਰਦੁਆਰਾ ਬਾਬਾ ਟਾਹਲਾ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਬਹਾਦਰ ਨਗਰ ਵਿਖੇ ਕਰਵਾਇਆ ਗਿਆ। ਇਸ ਸਮਾਰੋਹ ਵਿੱਚ 10 ਸਕੂਲਾਂ ਦੇ 350 ਬੱਚਿਆਂ ਨੇ ਭਾਗ ਲਿਆ।ਸਮਾਗਮ ਦੀ ਆਰੰਭਤਾ ਡਾਕਟਰ ਦਲਜੀਤ ਸਿੰਘ ਖੇਤਰ ਪ੍ਰਧਾਨ ਵੱਲੋਂ ਮੂਲ ਮੰਤਰ ਅਤੇ ਗੁਰਮੰਤਰ ਦੇ ਜਾਪ ਨਾਲ ਕੀਤੀ ਗਈ ।ਇਸ ਤੋਂ ਬਾਅਦ ਕੁਇਜ਼ ਮੁਕਾਬਲੇ ਸ਼ੁਰੂ ਕਰਵਾਏ ਗਏ। ਦਸ ਸਕੂਲਾਂ ਵਿੱਚੋਂ ਛੇ ਸਕੂਲਾਂ ਨੇ ਕੁਇਜ਼ ਮੁਕਾਬਲੇ ਵਿੱਚ ਭਾਗ ਲਿਆ।ਜਿਨਾਂ ਵਿੱਚੋਂ ਪਹਿਲੇ ਸਥਾਨ 'ਤੇ ਸ੍ਰ ਹਰੀ ਸਿੰਘ ਨਲੂਆ ਪਬਲਿਕ ਸਕੂਲ ਵਲਟੋਹਾ ਦੀ ਟੀਮ ਰਹੀ।ਦੂਸਰੇ ਸਥਾਨ 'ਤੇ ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਲਟੋਹਾ ਦੀ ਟੀਮ, ਤੀਸਰੇ ਸਥਾਨ 'ਤੇ ਸਰਕਾਰੀ ਕੰਨਿਆ ਸਕੂਲ ਵਲਟੋਹਾ ਦੀ ਟੀਮ ਰਹੀ।ਇਹਨਾਂ ਬੱਚਿਆਂ ਨੂੰ ਗੁਰਦੁਆਰਾ ਟਾਹਲਾ ਸਾਹਿਬ ਪਾਤਸ਼ਾਹੀ ਛੇਵੀਂ ਦੇ ਸਮੂਹ ਸੇਵਾਦਾਰਾਂ ਵੱਲੋਂ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਡਾ. ਮਲਕੀਅਤ ਸਿੰਘ (ਜ਼ੋਨਲ ਸਕੱਤਰ ਅੰਮ੍ਰਿਤਸਰ ਤਰਨ ਤਰਨ ਜ਼ੋਨ) ਵੱਲੋਂ ਜਥੇਬੰਦੀ ਦੇ ਉਦੇਸ਼ ਜਥੇਬੰਦੀ ਦੇ ਕਾਰਜ ਤੇ ਨੈਤਿਕ ਕਦਰਾਂ ਕੀਮਤਾਂ ਬਾਰੇ ਭਾਵਪੂਰਤ ਸ਼ਬਦਾਂ ਰਾਹੀਂ ਸਾਂਝ ਪਾਈ ਗਈ।ਉਪਰੰਤ ਗੁਰਦੇਵ ਸਿੰਘ (ਐਡੀਸ਼ਨਲ ਚੀਫ਼ ਆਰਗੇਨਾਈਜਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) ਵੱਲੋਂ ਬੱਚਿਆਂ ਨੂੰ ਦੱਸਿਆ ਗਿਆ ਕਿ ਇਹ ਜਥੇਬੰਦੀ ਕਿਵੇਂ ਕਾਰਜ ਕਰਦੀ ਹੈ ।ਉਪਰੰਤ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਕੱਤਰ ਜਨਰਲ ਗੁਰਚਰਨ ਸਿੰਘ ਮੁੱਖ ਮਹਿਮਾਨ ਨੇ ਵੀ ਆਏ ਹੋਏ ਸਮੂਹ ਸਕੂਲਾਂ ਦੇ ਵਿਦਿਆਰਥੀਆਂ ਤੇ ਟੀਚਰਜ਼ ਨੂੰ ਸ੍ਰੀ ਸਹਿਜ ਪਾਠ ਕਰਨ ਦੀ ਪ੍ਰੇਰਨਾ ਕੀਤੀ ।ਅਖੀਰ ਵਿੱਚ ਬਾਬਾ ਗੁਰਜੰਟ ਸਿੰਘ (ਮੁੱਖ ਸੇਵਾਦਾਰ ਗੁਰਦੁਆਰਾ ਟਾਹਲਾ ਸਾਹਿਬ ਪਾਤਸ਼ਾਹੀ ਛੇਵੀਂ) ਵੱਲੋਂ ਆਏ ਹੋਏ ਸਮੂਹ ਸਕੂਲਾਂ ਵਿਦਿਆਰਥੀਆਂ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ ।ਨੈਤਿਕ ਸਿੱਖਿਆ ਦੇ ਇਮਤਿਹਾਨ ਵਿੱਚੋਂ ਚੰਗੇ ਨੰਬਰਾਂ 'ਤੇ ਆਉਣ ਵਾਲੇ ਬੱਚਿਆਂ ਨੂੰ ਗੁਰੂ ਗੋਬਿੰਦ ਸਿੰਘ ਸਟਡੀ ਸਰਕਲ ਵੱਲੋਂ ਏ+, ਏ++ ਤੇ ਵਿਸ਼ੇਸ਼ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ।ਇਸ ਇਮਤਿਹਾਨ ਵਿੱਚ ਭਾਗ ਲੈਣ ਵਾਲੇ ਬਾਕੀ ਬੱਚਿਆਂ ਨੂੰ ਗੁਰਦੁਆਰਾ ਟਾਹਲਾ ਸਾਹਿਬ ਪਾਤਸ਼ਾਹੀ ਛੇਵੀਂ ਦੇ ਸਮੂਹ ਸੇਵਾਦਾਰਾਂ ਵੱਲੋਂ ਵਿਸ਼ੇਸ਼ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ।ਇਸ ਸਮੇਂ ਡਾਕਟਰ ਦਲਜੀਤ ਸਿੰਘ ਖੇਤਰ ਸਕੱਤਰ, ਕਸ਼ਮੀਰ ਸਿੰਘ ਅਲਗੋ ਕੋਠੀ, ਸਤਨਾਮ ਸਿੰਘ ਅਲਗੋਂ, ਸੁਖਵਿੰਦਰ ਸਿੰਘ ਵਲਟੋਹਾ, ਸਰਪੰਚ ਛਤਰਪਾਲ ਸਿੰਘ ਭੁੱਲਰ, ਸਰਪੰਚ ਜਸਵੰਤ ਸਿੰਘ ਦਸ਼ਮੇਸ਼ ਨਗਰ, ਨਿਸ਼ਾਨ ਸਿੰਘ ਪੂਨੀਆਂ ਵਾਲੇ, ਗੁਰਵਰਿਆਮ ਸਿੰਘ ਸੋਨੂੰ, ਡਾ ਦਲਜੀਤ ਸਿੰਘ, ਗੁਰਸੇਵਕ ਸਿੰਘ, ਸੁਖਦੇਵ ਸਿੰਘ, ਵਰਿੰਦਰ ਸਿੰਘ ਵਿੰਦਾ, ਮਨਜੀਤ ਸਿੰਘ ਮਿਸਤਰੀ, ਮਸਤਾਨ ਸਿੰਘ ਮੈਂਬਰ, ਆਦਿ ਹਾਜ਼ਰ ਸਨ।

# ਕੇਂਦਰ ਦੀ ਹਰੇਕ ਸਰਕਾਰ ਨੇ ਪੰਜਾਬ ਨਾਲ ਹਮੇਸ਼ਾ ਬੇਇਨਸਾਫੀ ਕੀਤੀ : ਪੀਰ ਮੁਹੰਮਦ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪੰਜਾਬ ਦੇ ਦਰਿਆਈ ਪਾਣੀਆਂ ਨਾਲ ਜੋ ਧੱਕਾ ਕਾਂਗਰਸ ਪਾਰਟੀ ਨੇ ਕੇਂਦਰੀ ਸੱਤਾ ਵਿੱਚ ਰਹਿੰਦਿਆਂ ਕੀਤਾ, ਉਸ ਨੂੰ ਠੀਕ ਕਰਨ ਦੀ ਬਜਾਏ ਕੇਂਦਰ ਦੀ ਸਰਕਾਰ ਹੁਣ ਉਸੇ ਧੱਕੇਸ਼ਾਹੀ ਨੂੰ ਹੋਰ ਅੱਗੇ ਵਧਾ ਰਹੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ ਕਰਦਿਆਂ ਕਿਹਾ ਕਿ ਪੂਰੇ ਦੇਸ਼ ਵਿੱਚ ਇਹ ਇਕੋ ਉਦਾਹਰਨ ਹੈ ਜਿੱਥੇ ਇੱਕ ਸੂਬੇ ਦੇ ਸੰਵਿਧਾਨਕ ਅਧਿਕਾਰਾਂ ਨੂੰ ਖੋਹ ਕੇ, ਪੰਜਾਬ ਪੁਨਰਗਠਨ ਐਕਟ ਦੀਆਂ ਧਾਰਾਵਾਂ ਨਾਲ ਉਸ ਦੇ ਪਾਣੀਆਂ ਨੂੰ ਗੈਰ-ਸੰਵਿਧਾਨਕ ਤਰੀਕੇ ਨਾਲ ਵੰਡ ਦਿੱਤਾ ਗਿਆ। ਹੁਣ ਕੇਂਦਰ ਸਰਕਾਰ ਬੀ ਬੀ ਐਮ ਬੀ ਅਤੇ ਡੈਮਾਂ ਉੱਪਰ ਕਬਜ਼ੇ ਨੂੰ ਹੋਰ ਪੀਡਾ ਕਰ ਰਹੀ ਹੈ ਜੋ ਸਾਫ ਤੌਰ 'ਤੇ ਸੂਬਾਈ ਹੱਕਾਂ 'ਤੇ ਹਮਲਾ ਹੈ। ਉਨ੍ਹਾ ਕਿਹਾ ਕਿ ਇਹ ਸਾਰੀ ਖੇਡ ਕਾਂਗਰਸ ਦੀ ਪੰਜਾਬ ਅਤੇ ਸਿੱਖਾਂ ਪ੍ਰਤੀ ਵਿਗੜੀ ਮਾਨਸਿਕਤਾ ਵਿੱਚੋਂ ਹੀ ਪੈਦਾ ਹੋਈ ਸੀ, ਤੇ ਹੁਣ ਭਾਜਪਾ ਉਸੇ ਸੋਚ ਨੂੰ ਨਵੇਂ ਰੂਪ ਵਿੱਚ ਅੱਗੇ ਵਧਾ ਰਹੀ ਹੈ। ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਸਾਡੇ ਦਰਿਆਈ ਹੱਕਾਂ ਦੀ ਲੜਾਈ ਨੂੰ ਅੰਤ ਤੱਕ ਨਹੀਂ ਲੈ ਕੇ ਗਈਆਂ। ਪਰ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਤਾਂ ਉਲਟਾ ਨਵੇਂ ਧੱਕਿਆਂ ਵਿੱਚ ਕੇਂਦਰ ਨਾਲ ਰਲੀ ਹੋਈ ਹੈ। ਜਿੱਥੇ ਚਾਹੀਦਾ ਸੀ ਕਿ ਪੰਜਾਬ ਦੀ ਸਰਕਾਰ ਕੇਂਦਰ ਅੱਗੇ ਸੰਵਿਧਾਨਕ ਅਤੇ ਰਾਜਨੀਤਿਕ ਤੌਰ 'ਤੇ ਸੂਬੇ ਦੇ ਹੱਕਾਂ ਲਈ ਖੜ੍ਹੀ ਹੋਵੇ, ਉੱਥੇ ਇਹ ਲੋਕ ਰੋਪੜ ਵਿੱਚ ਡਰਾਮੇਬਾਜ਼ੀ ਕਰ ਕੇ ਬੀ ਬੀ ਐਮ ਬੀ ਖਿਲਾਫ ਧਰਨੇ ਲਾਉਣ ਤੱਕ ਸੀਮਤ ਰਹੇ, ਤੇ ਠੋਸ ਲੜਾਈ ਨਾ ਲੜੀ ਜਾਵੇ। ਪੰਜਾਬ ਦੀ ਪਾਣੀ ਦੀ ਲੜਾਈ, ਇਸ ਦੀ ਹੋਂਦ, ਸੂਬਾਈ ਪ੍ਰਭੂਸੱਤਾ ਅਤੇ ਮਾਣ-ਸਨਮਾਨ ਦੀ ਲੜਾਈ ਹੈ। ਇਸ ਮੌਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸਨ ਦੇ ਜਨਰਲ ਸਕੱਤਰ ਤੇ ਸਮਾਜ ਸੇਵੀ ਆਗੂ ਭਾਈ ਗਗਨਦੀਪ ਸਿੰਘ ਰਿਆੜ ਨੇ ਆਖਿਆ ਕਿ ਜਿਸ ਤਰੀਕੇ ਅਸੀਂ ਆਪਣੇ ਗੁਰੂ, ਮਾਂ ਅਤੇ ਬਾਪ ਦਾ ਸਤਿਕਾਰ ਕਰਦੇ ਹਾਂ ਉਸੇ ਤਰੀਕੇ ਹੀ ਗੁਰਬਾਣੀ ਸਾਨੂੰ ਉਪਦੇਸ਼ ਸੰਦੇਸ਼ ਦਿੰਦੀ ਹੈ ਕਿ ਅਸੀਂ ਹਵਾ, ਪਾਣੀ ਅਤੇ ਧਰਤੀ ਨੂੰ ਵੀ ਮਾਂ ਬਾਪ ਅਤੇ ਗੁਰੂ ਵਾਲਾ ਦਰਜਾ ਦੇਈਏ। ਇਸ ਮੌਕੇ ਕਰਨੈਲ ਸਿੰਘ ਪੀਰ ਮੁਹੰਮਦ ਦੇ ਨਾਲ ਗਗਨਦੀਪ ਸਿੰਘ ਰਿਆੜ, ਡਾਕਟਰ ਕਾਰਜ ਸਿੰਘ, ਗੁਰਮੁੱਖ ਸਿੰਘ ਸੰਧੂ, ਸੁਖਵਿੰਦਰ ਸਿੰਘ ਪਾਹੜਾ, ਲਵਪ੍ਰੀਤ ਸਿੰਘ ਬਟਾਲਾ, ਕੰਵਲਜੀਤ ਸਿੰਘ ਬਿੱਟਾ, ਅਮਨਦੀਪ ਸਿੰਘ ਰਿਆੜ ਆਦਿ ਹਾਜ਼ਰ ਸਨ।



# ਹਜ਼ੂਰ ਸਾਹਿਬ ਵਿਖੇ 20 ਤੋਂ 5 ਨਵੰਬਰ ਤੱਕ ਧਾਰਮਿਕ ਸਮਾਗਮ ਹੋਣਗੇ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਤਖਤ ਇਸ਼ਨਾਨ, ਦੀਪਮਾਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਗੁਰਪੁਰਬ 20 ਅਕਤੂਬਰ ਤੋਂ 05 ਨਵੰਬਰ ਤੱਕ ਮਾਨਯੋਗ ਪੰਜਪਿਆਰੇ ਸਾਹਿਬਾਨ, ਸੰਤ ਮਹਾਂਪੁਰਖ, ਸਾਧ-ਸੰਗਤ ਅਤੇ ਗੁਰਦੁਆਰਾ ਸੱਚਖੰਡ ਬੋਰਡ ਦੇ ਮਾਨਯੋਗ ਪ੍ਰਸ਼ਾਸਕ ਡਾ. ਵਿਜੇ ਸਤਬੀਰ ਸਿੰਘ ਦੀ ਹਾਜ਼ਰੀ ਵਿੱਚ ਹੋਵੇਗਾ। ਇਸ ਸਮਾਗਮ ਲਈ ਗੁਰਦੁਆਰਾ ਬੋਰਡ ਦੇ ਪ੍ਰਸ਼ਾਸਕ ਵੱਲੋਂ ਆਉਣ ਵਾਲੀ ਸਮੂਹ ਸਾਧ-ਸੰਗਤ, ਮਹਾਂਪੁਰਸ਼, ਜੱਥੇਬੰਦੀਆਂ ਲਈ ਸਮਾਗਮ ਸਮੇਂ ਰਿਹਾਇਸ਼, ਲੰਗਰ, ਪਾਣੀ, ਅਸਪਤਾਲ ਅਤੇ ਹੋਰ ਜ਼ਰੂਰੀ ਸਹੂਲਤਾ ਮੁਹੱਈਆ ਕਰਵਾਉਣ ਲਈ ਗੁਰਦੁਆਰਾ ਬੋਰਡ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਵੱਧ ਅਤੇ ਯੋਗ ਪ੍ਰਬੰਧ ਕਰਨ ਲਈ ਸੂਚਨਾ ਦਿੱਤੀ ਗਈ ਹੈ।20 ਅਕਤੂਬਰ ਤਖਤ ਇਸ਼ਨਾਨ ਮੰਗਲਵਾਰ ਮਿਤੀ 21 ਅਕਤੂਬਰ ਬੰਦੀਛੋੜ ਦਿਵਸ (ਦੀਪਮਾਲਾ), ਬੁੱਧਵਾਰ 22 ਅਕਤੂਬਰ ਮਹੱਲਾ ਦੀਪਮਾਲਾ, ਵੀਰਵਾਰ 23 ਅਕਤੂਬਰ ਗੁਰਪੁਰਬ ਦੂਜ-ਗੁਰਤਾ ਗੱਦੀ ਨਸ਼ੀਨੀ ਨਗਰ ਕੀਰਤਨ ਸਵੇਰੇ 08:00 ਵਜੇ ਗੁਰਦੁਆਰਾ ਨਗੀਨਾ ਘਾਟ ਸਾਹਿਬ ਤੋਂ ਆਰੰਭ ਹੋਵੇਗਾ ਅਤੇ ਤਖਤ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦੀ ਰਸਮ ਅਦਾ ਹੋਵੇਗੀ ਅਤੇ ਸ਼ਾਮ 07:30 ਵਜੇ ਤੋਂ ਗੁਰਤਾਗੱਦੀ ਗੁਰਮਤਿ ਸਮਾਗਮ ਦੀ ਅਰੰਭਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ ਵਿਖੇ ਐਤਵਾਰ 26 ਅਕਤੂਬਰ ਪੰਚਮੀ-ਸੱਚਖੰਡ ਗਮਨ ਪਾ. 10ਵੀਂ ਅਤੇ ਸ਼ਾਮ 04:15 ਵਜੇ 15 ਮਿੰਟਾਂ ਲਈ ਮੂਲਮੰਤਰ ਦਾ ਸਿਮਰਨ ਹੋਵੇਗਾ ਸੋਮਵਾਰ ਮਿਤੀ 27 ਅਕਤੂਬਰ ਸਮਾਪਤੀ ਗੁਰਮਤਿ ਸਮਾਗਮ ਅਤੇ ਸ਼ਾਮ 04:00 ਵਜੇ ਨਗਰ ਕੀਰਤਨ ਆਰੰਭ 5 ਨਵੰਬਰ ਨੂੰ ਪ੍ਰਕਾਸ਼ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਧੂਮ-ਧਾਮ ਨਾਲ ਮਨਾਇਆ ਜਾਵੇਗ। ਸਮਾਗਮ ਲਈ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਨਾਨਕਝੀਰਾ ਸਾਹਿਬ ਬਿਦਰ (ਕਰਨਾਟਕਾ) ਵਿਖੇ ਸਮਾਗਮ ਮਨਾਉਣ ਲਈ ਵਿਸ਼ੇਸ਼ ਰੇਲ ਰਾਹੀ ਚੌਂਕੀ 4 ਨਵੰਬਰ ਨੂੰ ਸਵੇਰੇ 7 ਵਜੇ ਹਜ਼ੂਰ ਸਾਹਿਬ ਰੇਲਵੇ ਸਟੇਸ਼ਨ ਤੋਂ ਨਾਨਕਝੀਰਾ ਸਾਹਿਬ ਬਿਦਰ ਲਈ ਰਵਾਨਾ ਹੋਵੇਗੀ ਅਤੇ 5 ਨਵੰਬਰ ਨੂੰ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਮਨਾ ਕੇ ਇਹ ਚੌਂਕੀ 6 ਨਵੰਬਰ ਨੂੰ ਦੁਪਹਿਰ 1:30 ਵਜੇ ਬਿਦਰ ਰੇਲਵੇ ਸਟੇਸ਼ਨ ਤੋਂ ਤਖਤ ਸ੍ਰੀ ਹਜ਼ੂਰ ਸਾਹਿਬ ਲਈ ਰਵਾਨਾ ਹੋਵੇਗੀ।ਸਮੂਹ ਸਾਧ-ਸੰਗਤ ਨੂੰ ਬੇਨਤੀ ਹੈ ਕਿ ਇਨਾਂ ਸਾਰੀਆਂ ਧਾਰਮਿਕ ਸਮਾਗਮਾਂ ਵਿੱਚ ਦਰਸ਼ਨ ਦੇ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

# ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਵੱਲੋਂ ਜਾਤੀਵਾਦ ਤੇ ਲਿੰਗਕ ਜਬਰ ਵਿਰੁੱਧ ਪੁਤਲਾ ਫੂਕ ਮੁਜ਼ਾਹਰਾ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ( ਆਰ ਐਮ ਪੀ ਆਈ) ਨੇ ਦੇਸ਼ ਭਰ ਦੇ ਸੱਦੇ 'ਤੇ ਅਜਨਾਲਾ ਦੀ ਪਾਰਟੀ ਵੱਲੋਂ ਜਾਤੀਵਾਦ ਤੇ ਲਿੰਗਕ ਜਬਰ ਦੇ ਵਿਤਕਰੇ ਤੋਂ ਮੁਕਤੀ ਹਾਸਲ ਕਰਨ ਦੇ ਮਾਨਵੀ ਸੰਘਰਸ਼ ਦੀ ਕੜੀ ਵਜੋਂ ਅੱਜ ਇਥੇ ਪੁਤਲਾ ਫੂਕ ਮੁਜ਼ਾਹਰਾ ਕੀਤਾ ਗਿਆ। ਜਿੱਥੇ ਪਾਰਟੀ ਦੇ ਪ੍ਰਮੁੱਖ ਆਗੂਆਂ ਡਾ. ਸਤਨਾਮ ਸਿੰਘ ਅਜਨਾਲਾ, ਸਤਵਿੰਦਰ ਸਿੰਘ ਉਠੀਆਂ, ਦੇਸਾ ਸਿੰਘ ਭਿੰਡੀ ਔਲਖ, ਪ੍ਰੋ. ਮਾਲਕ ਸਿੰਘ ਗੁਰਾਲਾ ਨੇ ਇਸ ਸਮੇਂ ਜੁੜੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਦੀ ਸਰਬਉੱਚ ਅਦਾਲਤ ਦੇ ਮੁੱਖ ਜੱਜ ਵੱਲ ਆਰ. ਐਸ. ਐਸ.ਨਾਲ ਜੁੜੇ ਵਿਅਕਤੀ ਵੱਲੋਂ ਜੁੱਤੀ ਵਗਾਹ ਕੇ ਮਾਰਨ ਤੋਂ ਇਹ ਸਿੱਧ ਹੁੰਦਾ ਹੈ ਕਿ ਸੰਘ ਪਰਵਾਰ-ਬੀਜੇਪੀ ਦੀਆਂ ਨਜ਼ਰਾਂ 'ਚ ਦੇਸ਼ ਦੇ ਸੰਵਿਧਾਨ-ਕਨੂੰਨ ਦਾ ਮੁੱਲ ਕਾਣੀ ਕੌਡੀ ਬਰਾਬਰ ਵੀ ਨਹੀਂ। ਉਹਨਾਂ ਅੱਗੇ ਕਿਹਾ ਕਿ ਹਰਿਆਣੇ ਦੇ ਆਈ ਪੀ ਐਸ ਅਫਸਰ ਪੂਰਨ ਕੁਮਾਰ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਹੋਣਾ ਇਹ ਸਿੱਧ ਕਰਦਾ ਹੈ ਕਿ ਦੇਸ਼ ਅੰਦਰ ਜਾਤੀਵਾਦ ਦੀਆਂ ਕਿੰਨੀਆਂ ਡੂੰਘੀਆਂ ਜੜ੍ਹਾਂ ਹਨ, ਦੇਸ਼ ਵਿੱਚ ਜਦੋਂ ਤੋਂ ਮੋਦੀ ਸਰਕਾਰ ਕੇਂਦਰ ਚ ਆਈ ਹੈ ਉੱਦੋ ਤੋਂ ਹੀ ਔਰਤਾਂ ਖ਼ਿਲਾਫ਼ ਵੀ ਜਿਸਮਾਨੀ ਅਪਰਾਧਾਂ ਵਿੱਚ ਵਾਧਾ ਹੋਇਆ ਹੈ, ਦਲਿਤਾਂ, ਘੱਟ ਗਿਣਤੀਆਂ ਤੇ ਗਰੀਬ ਆਦਿ ਹਰ ਪ੍ਰਕਾਰ ਦੇ ਅਧਿਕਾਰਾਂ ਤੋਂ ਵਾਂਝੇ ਹੋ ਰਹੇ ਹਨ। ਸਮੂਹ ਬੁਲਾਰਿਆਂ ਨੇ ਉਕਤ ਮੁੱਖ ਘਟਨਾਵਾਂ ਮੋਦੀ ਸਰਕਾਰ ਵੱਲੋਂ ਬਣਦਾ ਪ੍ਰਤੀਕਰਮ ਵੀ ਨਾ ਕਰਨਾ ਵੀ ਕੋਈ ਮਾਮੂਲੀ ਘਟਨਾ ਨਹੀਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਫੌਰਮਰ ਥਾਣੇਦਾਰ ਲਖਬੀਰ ਸਿੰਘ ਤੇੜਾਂ, ਹਰਦੀਪ ਸਿੰਘ ਬੱਗੇ ਕਲਾ, ਔਰਤ ਮੁਕਤੀ ਮੋਰਚਾ ਦੀ ਆਗੂ ਸਰਬਜੀਤ ਕੌਰ ਜਸਰਾਊਰ, ਮਹਿੰਦਰ ਸਿੰਘ ਗੁਰਾਲਾ, ਕੁਲਦੀਪ ਸਿੰਘ ਅਜਨਾਲਾ, ਕਰਨੈਲ ਸਿੰਘ ਭਿੰਡੀ ਸੈਦਾਂ, ਹਰਿੰਦਰ ਸਿੰਘ ਤੇੜਾਂ ਰਾਜਪੂਤਾਂ, ਹੀਰਾ ਸਿੰਘ ਕੋਟਲੀ ਕੋਰਾਟਨ, ਹਰਦੀਪ ਸਿੰਘ ਅੰਬ ਕੋਟਲੀ, ਜਗਤਾਰ ਸਿੰਘ ਲੱਖੋਵਾਲ, ਮੇਜਰ ਸਿੰਘ ਸਰਾਏ ਆਦਿ ਨੇ ਵੀ ਆਪਣੇ ਵਿਚਾਰ ਰੱਖੇ।



# ਅਜਨਾਲਾ ਤੋਂ ਵੱਡੀ ਗਿਣਤੀ 'ਚ ਵੱਖ-ਵੱਖ ਪਾਰਟੀਆਂ ਦੇ ਆਗੂ ਅਕਾਲੀ ਦਲ ਵਾਰਿਸ ਪੰਜਾਬ 'ਚ ਸ਼ਾਮਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਬਾਪੂ ਤਰਸੇਮ ਸਿੰਘ ਦੀ ਅਗਵਾਈ ਹੇਠ ਉਦੋਂ ਵੱਡਾ ਸਿਆਸੀ ਬਲ ਮਿਲਿਆ ਜਦੋਂ ਵਿਧਾਨ ਸਭਾ ਹਲਕਾ ਅਜਨਾਲਾ ਤੋਂ ਸਾਬਕਾ ਸਰਪੰਚ ਪਿੰਡ ਗਾਲਿਬ ਅਤੇ 2022 ਵਿੱਚ ਸੰਯੁਕਤ ਸੰਘਰਸ਼ ਪਾਰਟੀ ਪੰਜਾਬ ਤੇ ਸੰਯੁਕਤ ਸਮਾਜ ਮੋਰਚਾ ਵੱਲੋਂ ਵਿਧਾਨ ਸਭਾ ਚੋਣ ਲੜ ਚੁੱਕੇ ਚਰਨਜੀਤ ਸਿੰਘ ਗਾਲਿਬ ਨੇ ਆਪਣੇ ਸੈਂਕੜੇ ਸਾਥੀਆਂ ਸਮੇਤ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਡੇਰਾ ਬਾਬਾ ਨਾਨਕ ਤੋਂ ਆਮ ਆਦਮੀ ਪਾਰਟੀ ਦੇ ਐਗਰੀ ਸਪੋਰਟ ਕਾਰਪੋਰੇਸ਼ਨ ਦੇ ਸਾਬਕਾ ਡਾਇਰੈਕਟਰ ਚੰਨਣ ਸਿੰਘ ਨੇ ਵੀ ਆਪਣੇ ਸਮਰਥਕਾਂ ਸਮੇਤ ਅਕਾਲੀ ਦਲ ਵਾਰਿਸ ਪੰਜਾਬ ਦੇ 'ਚ ਵਿਸ਼ਵਾਸ ਜਤਾਉਂਦਿਆਂ ਸ਼ਮੂਲੀਅਤ ਕੀਤੀ। ਇਸ ਮੌਕੇ ਬਾਪੂ ਤਰਸੇਮ ਸਿੰਘ ਤੇ ਉਨ੍ਹਾ ਨਾਲ ਅਕਾਲੀ ਦਲ ਵਾਰਿਸ ਪੰਜਾਬ ਦੇ ਦੀ ਲੀਡਰਸ਼ਿਪ ਵਿੱਚੋਂ ਭਾਈ ਪਰਮਜੀਤ ਸਿੰਘ ਜੌਹਲ, ਭਾਈ ਭੁਪਿੰਦਰ ਸਿੰਘ ਗੱਦਲੀ, ਭਾਈ ਸ਼ਮਸ਼ੇਰ ਸਿੰਘ ਪੱਧਰੀ, ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਭਾਈ ਜੁਗਰਾਜ ਸਿੰਘ ਲਾਲਾਨੰਗਲ, ਭਾਈ ਦਇਆ ਸਿੰਘ, ਭਾਈ ਅਜੇਪਾਲ ਸਿੰਘ ਢਿੱਲੋਂ, ਭਾਈ ਤੇਜਿੰਦਰ ਸਿੰਘ ਮੁਕਤਸਰ, ਭਾਈ ਗੁਰਪ੍ਰੀਤ ਸਿੰਘ ਬਟਾਲਾ, ਅਡਵੋਕੇਟ ਕਰਨਵੀਰ ਸਿੰਘ, ਭਾਈ ਬਲਦੇਵ ਸਿੰਘ ਬਿੱਟਾ, ਬਲਜੀਤ ਸਿੰਘ ਸਰਪੰਚ ਚਾਟੀਵਿੰਡ ਅਤੇ ਭਾਈ ਮਹਿੰਦਰਪਾਲ ਸਿੰਘ ਤੁੰਗ ਤੋਂ ਇਲਾਵਾ ਸ਼ਾਮਲ ਹੋਏ ਮੁੱਖ ਆਗੂਆਂ ਵਿੱਚੋਂ ਸੁਖਵਿੰਦਰ ਸਿੰਘ ਵਾਈਸ ਪ੍ਰਧਾਨ ਰਾਏ ਸਿੱਖ ਮਹਾਤਮ ਐਸੋਸੀਏਸ਼ਨ ਪੰਜਾਬ, ਸੁਖਵਿੰਦਰ ਸਿੰਘ ਅਜਨਾਲਾ ਕਾਂਗਰਸ ਤੋਂ, ਬਲਵਿੰਦਰ ਸਿੰਘ ਸਾਬਕਾ ਸਰਪੰਚ ਪਿੰਡ ਫੂਲਚੱਕ, ਸੱਤਪਾਲ ਸਿੰਘ ਸਾਬਕਾ ਸਰਪੰਚ ਪਿੰਡ ਨਵਾਂ ਡੱਲਾ ਕਾਂਗਰਸ ਤੋਂ, ਜਰਨੈਲ ਸਿੰਘ ਮੌਜੂਦਾ ਸਰਪੰਚ ਡੱਲਾ ਭੂਤਨਪੁਰਾ ਆਮ ਆਦਮੀ ਪਾਰਟੀ ਤੋਂ, ਰਣਜੀਤ ਸਿੰਘ ਗਾਲਿਬ ਕਿਸਾਨ ਯੂਨੀਅਨ, ਗੱਜਣ ਸਿੰਘ ਬੱਲੋਵਾਲ ਆਮ ਆਦਮੀ ਪਾਰਟੀ ਤੋਂ, ਪ੍ਰੇਮ ਸਿੰਘ ਡੱਲਾ ਆਮ ਆਦਮੀ ਪਾਰਟੀ ਤੋਂ, ਹਰਜੀਤ ਸਿੰਘ ਸਾਬਕਾ ਸਰਪੰਚ ਪਿੰਡ ਲਾਲ ਵਾਲਾ ਕਾਂਗਰਸ ਤੋਂ, ਗੁਰਭੇਜ ਸਿੰਘ ਮਾਕੋਵਾਲ ਆਮ ਆਦਮੀ ਪਾਰਟੀ ਤੋਂ, ਨਿਰਭੈ ਸਿੰਘ ਮਾਸਟਰ ਅਜਨਾਲਾ ਮਾਸਟਰ ਆਮ ਆਦਮੀ ਪਾਰਟੀ ਤੋਂ, ਸ੍ਰ ਲਵਪ੍ਰੀਤ ਸਿੰਘ ਮੌਜੂਦਾ ਸਰਪੰਚ ਅਬਾਦੀ ਹਰਨਾਮ ਸਿੰਘ ਆਮ ਆਦਮੀ ਪਾਰਟੀ ਤੋਂ, ਯੋਧਾ ਸਿੰਘ ਕਾਂਗਰਸ ਤੋਂ ਪ੍ਰਧਾਨ ਬਾਲਮੀਕਿ ਸਮਾਜ ਅਤੇ ਸੈਂਕੜੇ ਹੋਰ ਵਰਕਰ ਸ਼ਾਮਿਲ ਸਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਸੱਚ, ਨਿਆਂ ਅਤੇ ਸਿੱਖ ਸਿਧਾਂਤਾਂ 'ਤੇ ਆਧਾਰਤ ਰਾਜਨੀਤੀ ਦਾ ਪ੍ਰਤੀਕ ਹੈ, ਜਿਸ ਨਾਲ ਹੁਣ ਹਰ ਵਰਗ ਦੇ ਲੋਕ ਆਪਣੇ ਆਪ ਜੁੜ ਰਹੇ ਹਨ। ਸ਼ਾਮਲ ਹੋਏ ਸਮੂਹ ਆਗੂਆਂ ਨੇ ਵਿਸ਼ਵਾਸ ਦਿਵਾਇਆ ਕਿ ਉਹ ਤਰਨ ਤਾਰਨ ਜ਼ਿਮਨੀ ਇਲੈਕਸ਼ਨ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਡਟ ਕੇ ਸਾਥ ਦੇਣਗੇ ਅਤੇ ਪੰਥ ਦੇ ਸਾਂਝੇ ਉਮੀਦਵਾਰ ਭਾਈ ਮਨਦੀਪ ਸਿੰਘ ਨੂੰ ਵੱਧ ਤੋਂ ਵੱਧ ਵੋਟਾਂ ਪਵਾ ਕੇ ਜਿਤਾਉਣਗੇ।



# ਪੰਜਾਬ ਮੰਡੀ ਬੋਰਡ ਦੀ ਫਲਾਇੰਗ ਸਕਵੈਡ ਟੀਮ ਵੱਲੋਂ ਬਟਾਲਾ ਤੇ ਫਤਿਹਗੜ੍ਹ ਚੂੜੀਆਂ ਦੀਆਂ ਮੰਡੀਆਂ ਤੇ ਸ਼ੈਲਰਾਂ ਦੀ ਚੈਕਿੰਗ

**ਗੁਰਦਾਸਪੁਰ (ਜਨਕ ਮਹਾਜਨ)**- ਜਸਵਿੰਦਰ ਸਿੰਘ ਰਿਆੜ, ਜ਼ਿਲ੍ਹਾ ਮੰਡੀ ਅਫਸਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀ ਫਲਾਇੰਗ ਸਕਵੈਡ ਟੀਮ ਵਲੋਂ ਸਾਉਣੀ ਸੀਜ਼ਨ ਦੌਰਾਨ ਬਟਾਲਾ ਅਤੇ ਫਤਿਹਗੜ੍ਹ ਚੂੜੀਆਂ ਦੀਆਂ ਮੰਡੀਆਂ ਅਤੇ ਸੈਲਰਾਂ ਦੀ ਚੈਕਿੰਗ ਕੀਤੀ ਗਈ, ਜਿਸ ਦੌਰਾਨ ਕਿਸਾਨਾ ਨੂੰ ਦਿੱਤੇ ਜਾ ਰਹੇ ਐਮ.ਐਸ.ਪੀ ਤੋ ਘੱਟ ਰੇਟ 'ਤੇ ਜਿਣਸ ਦੀ ਕੀਤੀ ਖਰੀਦ ਦੀ ਉਲੰਘਣਾ ਕਰਕੇ ਰੁਪਏ 78360 ਰੁਪਏ ਦਾ ਜੁਰਮਾਨਾ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਇਲਾਵਾ ਬੀਤੇ ਦਿਨੀਂ ਡੇਰਾ ਬਾਬਾ ਨਾਨਕ ਵਿਖੇ ਮੁੱਖ ਦਾਣਾ ਮੰਡੀ ਵਿਚ ਵੱਖ-ਵੱਖ ਆੜ੍ਹਤੀਆਂ ਵਲੋਂ ਬਿਨਾਂ ਬੋਲੀ ਦੇ ਜਿਣਸ ਨੂੰ ਬਾਰਦਾਨੇ ਵਿਚ ਭਰਨ 'ਤੇ ਕੀਤੀ ਐਕਟ ਰੂਲਜ਼ ਦੀ ਉਲੰਘਣਾ ਕਰਕੇ ਰੁਪਏ 60000 ਜੁਰਮਾਨਾ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਜ਼ਿਲ੍ਹੇ ਵਿੱਚ ਡਿਪਟੀ ਕਮਿਸ਼ਨਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਝੋਨੇ ਦੀ ਫਸਲ ਦੀ ਸਮੁੱਚੀ ਪ੍ਰਕਿਰਿਆ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਕੀਤੀ ਜਾ ਰਹੀ ਹੈ ਅਤੇ ਮੰਡੀਆਂ ਵਿੱਚ ਫਸਲ ਦੀ ਨਿਰਵਿਘਨ ਖਰੀਦ, ਚੁਕਾਈ ਤੇ ਅਦਾਇਗੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਮੰਡੀ ਬੋਰਡ ਦੀ ਫਲਾਇੰਗ ਸਕਵੈਡ ਟੀਮ ਵਲੋਂ ਲਗਾਤਾਰ ਫੀਲਡ ਵਿਚ ਜਾ ਕੇ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਕਿਸਾਨਾਂ ਨੂੰ ਫਸਲ ਵੇਚਣ ਦੌਰਾਨ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ।

# ਮਾਨ ਸਰਕਾਰ ਨੇ ਸਿਰਫ 30 ਦਿਨਾਂ 'ਚ ਸਭ ਤੋਂ ਵੱਧ ਮੁਆਵਜ਼ਾ ਦੇ ਕੇ ਰਚਿਆ ਇਤਿਹਾਸ : ਬਰਿੰਦਰ ਗੋਇਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਹੜ੍ਹ ਪੀੜਤਾਂ ਨੂੰ ਮੁਆਵਜ਼ਾ ਵੰਡਣ ਲਈ ਮਿੱਥੀ ਆਪਣੀ 45 ਦਿਨਾਂ ਦੀ ਸਮਾਂ ਹੱਦ ਤੋਂ ਪਹਿਲਾਂ ਕਰੀਬ 30 ਦਿਨਾਂ ਦੇ ਅੰਦਰ-ਅੰਦਰ ਦੀਵਾਲੀ ਤੋਂ ਪਹਿਲਾਂ ਹੜ੍ਹ ਪੀੜਤਾਂ ਨੂੰ ਰਾਹਤ ਰਾਸ਼ੀ ਪ੍ਰਦਾਨ ਕਰਨ ਦਾ ਵਾਅਦਾ ਪੂਰਾ ਕੀਤਾ ਸੀ ਜਿਸ ਨੂੰ ਸਮੇਂ ਤੋਂ ਪਹਿਲਾਂ ਹੀ 13 ਅਕਤੂਬਰ ਨੂੰ ਅਜਨਾਲਾ ਹਲਕੇ ਵਿੱਚ ਪੀੜਤ ਪਰਵਾਰਾਂ ਨੂੰ ਮੁਆਵਜ਼ਾ ਰਾਸ਼ੀ ਦੀ ਵੰਡ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਰਿੰਦਰ ਕੁਮਾਰ ਗੋਇਲ ਜਲ ਸਪਲਾਈ ਮੰਤਰੀ ਪੰਜਾਬ ਨੇ ਅਜਨਾਲਾ ਐਸ ਡੀ ਐਮ ਦਫਤਰ ਵਿਖੇ ਅਜਨਾਲਾ ਹਲਕੇ ਦੇ 28 ਪਰਵਾਰਾਂ ਨੂੰ 24 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਅਤੇ ਰਾਜਾਸਾਂਸੀ ਹਲਕੇ ਦੇ 23 ਪਰਵਾਰਾਂ ਨੂੰ 18 ਲੱਖ 41 ਹਜ਼ਾਰ ਰੁਪਏ ਫਸਲਾਂ ਦੇ ਖਰਾਬੇ ਦੀ ਰਾਸ਼ੀ ਵੰਡਣ ਸਮੇਂ ਕੀਤਾ।ਉਨ੍ਹਾਂ ਕਿਹਾ ਕਿ ਇਤਿਹਾਸ ਦੀ ਇਹ ਪਹਿਲੀ ਸਰਕਾਰ ਹੈ ਜਿਸ ਨੇ ਘੱਟ ਸਮੇਂ ਅੰਦਰ ਹੀ ਕਿਸਾਨਾਂ ਨੂੰ ਮੁਆਵਜ਼ਾ ਰਾਸ਼ੀ ਵੰਡਣ ਦਾ ਕੰਮ ਸ਼ੁਰੂ ਕੀਤਾ ਹੈ। ਉਨ੍ਹਾਂ ਦੱਸਿਆ ਕਿ 13 ਅਕਤੂਬਰ ਵਾਲੇ ਦਿਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਅਜਨਾਲਾ ਹਲਕੇ ਤੋਂ ਹੀ 631 ਹੜ੍ਹ ਪੀੜਤ ਪਰਵਾਰਾਂ ਨੂੰ 5 ਕਰੋੜ 70 ਲੱਖ ਰੁਪਏ ਦੀ ਰਾਸ਼ੀ ਦੇਣ ਦੀ ਰਸਮੀ ਸ਼ੁਰੂਆਤ ਕਰ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਅੱਜ ਦੇ ਦਿਨ ਸਾਡੇ 13 ਕੈਬਨਿਟ ਮੰਤਰੀ ਮਿਸ਼ਨ ਪੁਨਰਵਾਸ ਤਹਿਤ ਵੱਖ-ਵੱਖ ਜ਼ਿਲ੍ਹਿਆਂ ਵਿੱਚ ਰਾਹਤ ਵੰਡਣ ਲਈ ਪੁੱਜੇ ਹਨ। ਕੈਬਨਿਟ ਮੰਤਰੀ ਗੋਇਲ ਨੇ ਪੀੜਤ ਪਰਵਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੀ ਸਰਕਾਰ ਲੋਕਾਂ ਦੇ ਹਰ ਦੁੱਖ ਸੁੱਖ ਉਨ੍ਹਾਂ ਦੇ ਨਾਲ ਖੜ੍ਹੀ ਹੈ। ਉਨ੍ਹਾਂ ਨੇ ਵਿਰੋਧੀ ਪਾਰਟੀਆਂ 'ਤੇ ਤਨਜ਼ ਕੱਸਦਿਆਂ ਕਿਹਾ ਕਿ ਉਹ ਸਿਰਫ ਗੱਲਾਂ ਹੀ ਕਰ ਸਕਦੇ ਹਨ ਜਦ ਕਿ ਉਨ੍ਹਾਂ ਦੀਆਂ ਸਰਕਾਰਾਂ ਵੇਲੇ ਤਾਂ ਲੋਕਾਂ ਨੂੰ ਕੇਵਲ 50 ਰੁਪਏ ਅਤੇ 75 ਰੁਪਏ ਦੀ ਰਾਸ਼ੀ ਦੇ ਚੈਕ ਹੀ ਦਿੱਤੇ ਜਾਂਦੇ ਸਨ ਜਿਸ ਨੂੰ ਲੈਣ ਲਈ ਇਕ ਸਾਲ ਦਾ ਸਮਾਂ ਲੱਗ ਜਾਂਦਾ ਸੀ। ਉਨ੍ਹਾਂ ਨੇ ਕੇਂਦਰ ਸਰਕਾਰ 'ਤੇ ਤਨਜ਼ ਕੱਸਦਿਆਂ ਕਿਹਾ ਕਿ ਕੇਂਦਰ ਨੇ ਹਮੇਸ਼ਾ ਹੀ ਪੰਜਾਬ ਨਾਲ ਵਿਤਕਰਾ ਕੀਤਾ ਹੈ ਅਤੇ ਹੁਣ ਵੀ ਹੜ੍ਹਾਂ ਦੀ ਤ੍ਰਾਸਦੀ ਸਮੇਂ ਪੰਜਾਬ ਦੇ ਜਖਮਾਂ 'ਤੇ ਲੂਣ ਹੀ ਛਿੜਕਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 1600 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ ਅਤੇ ਇਸ ਵਿੱਚੋਂ ਅਜੇ ਇਕ ਰੁਪਏ ਦੀ ਰਾਸ਼ੀ ਵੀ ਨਹੀਂ ਪੁੱਜੀ।ਇਸ ਉਪਰੰਤ ਕੈਬਨਿਟ ਮੰਤਰੀ ਗੋਇਲ ਵੱਲੋਂ ਕਾਰਜ ਸਾਧਕ ਅਫਸਰ ਨਗਰ ਪੰਚਾਇਤ ਦਫਤਰ ਰਾਜਾਸਾਂਸੀ ਵਿਖੇ ਹੜ੍ਹ ਪ੍ਰਭਾਵਤ ਪਰਵਾਰਾਂ ਨੂੰ ਮੁਆਵਜ਼ਾ ਰਾਸ਼ੀ ਦੀ ਵੰਡ ਕੀਤੀ ਗਈ।ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਦਰਿਆਵਾਂ ਵਿੱਚ 85 ਥਾਵਾਂ ਦੀ ਨਿਸ਼ਾਨਦੇਹੀ ਕੀਤੀ ਹੈ, ਜਿਨ੍ਹਾਂ ਵਿੱਚ ਡੀਸਿਲਟਿੰਗ ਕਰਵਾਈ ਜਾਵੇਗੀ।ਇਸ ਮੌਕੇ ਹਲਕਾ ਵਿਧਾਇਕ ਅਜਨਾਲਾ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਲੋਕਾਂ ਦਾ ਜੋ ਵੀ ਨੁਕਸਾਨ ਹੋਇਆ ਹੈ ਉਸ ਦੀ ਇਕ ਇਕ ਪਾਈ ਦੀ ਭਰਪਾਈ ਕਰਨ ਲਈ ਵਚਨਬੱਧ ਹਾਂ। ਧਾਲੀਵਾਲ ਨੇ ਦੱਸਿਆ ਕਿ ਕੇਂਦਰ ਤਾਂ ਕੇਵਲ 6800 ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਮੁਆਵਜ਼ਾ ਦੇਣ ਦੀ ਗੱਲ ਕਰਦਾ ਹੈ ਜਦ ਕਿ ਸਾਡੀ ਸਰਕਾਰ ਨੇ ਪੀੜਤ ਪਰਵਾਰਾਂ ਨੂੰ 20 ਹਜ਼ਾਰ ਪਤੀ ਏਕੜ ਦੇਣ ਦਾ ਵਾਅਦਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅੱਜ ਖਰਾਬੇ ਦੀ ਰਾਸ਼ੀ ਦੀ ਵੰਡ ਕੀਤੀ ਗਈ ਹੈ। ਹਲਕਾ ਰਾਜਾਸਾਂਸੀ ਦੇ ਇੰਚਾਰਜ ਮੈਡਮ ਸੋਨੀਆ ਮਾਨ ਨੇ ਰਾਜਾਸਾਂਸੀ ਵਿਖੇ ਕੈਬਨਿਟ ਮੰਤਰੀ ਗੋਇਲ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਉਨ੍ਹਾਂ ਵੱਲੋਂ ਅੱਜ ਰਾਜਾਸਾਂਸੀ ਹਲਕੇ ਦੇ ਪਿੰਡ ਮੰਝ ਦੇ 23 ਵਿਅਕਤੀਆਂ ਨੂੰ ਫਸਲਾਂ ਦੇ ਖਰਾਬੇ ਦੀ ਰਾਹਤ ਰਾਸ਼ੀ ਦੇ ਸੈਕਸ਼ਨ ਪੱਤਰ ਦਿੱਤੇ ਗਏ ਹਨ।ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਪਰਮਜੀਤ ਕੌਰ, ਐਸ.ਡੀ.ਐਮ ਅਜਨਾਲਾ ਰਵਿੰਦਰ ਸਿੰਘ ਅਰੋੜਾ, ਐਸ.ਡੀ.ਐਮ ਲੋਪੋਕੇ ਸੰਜੀਵ ਸ਼ਰਮਾ, ਤਹਿਸੀਲਦਾਰ ਕੰਵਲਦੀਪ ਸਿੰਘ, ਕਾਰਜਸਾਧਕ ਅਫਸਰ ਅਮਨ ਚੋਪੜਾ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਸਰਕਾਰੀ ਕਾਲਜ ਨੂੰ ਕੁਇਜ਼ ਮੁਕਾਬਲੇ 'ਚ ਦੂਜਾ ਸਥਾਨ ਹਾਸਲ



**ਗੁਰਦਾਸਪੁਰ (ਜਨਕ ਮਹਾਜਨ)**- ਡਾ. ਅਸ਼ਵਨੀ ਕੁਮਾਰ ਭੱਲਾ ਪ੍ਰਿੰਸੀਪਲ ਸਰਕਾਰੀ ਕਾਲਜ ਗੁਰਦਾਸਪੁਰ ਨੇ ਦੱਸਿਆ ਕਿ ਸਰਕਾਰੀ ਕਾਲਜ ਗੁਰਦਾਸਪੁਰ ਦੇ ਵਿਦਿਆਰਥੀਆਂ ਵਲੋਂ ਪੰਡਿਤ ਮੋਹਨ ਲਾਲ ਐਸ. ਡੀ ਕਾਲਜ ਫਾਰ ਵੋਮੈਨ ਦੀਨਾਨਗਰ ਵਿਖੇ ਕਰਵਾਏ ਕਾਲਜ ਪੱਧਰ ਕੁਇਜ਼ ਮੁਕਾਬਲੇ ਵਿਚ ਭਾਗ ਲਿਆ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੇ ਗੁਰਦਾਸਪੁਰ ਜ਼ਿਲ੍ਹੇ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ ਅਤੇ ਇਨਾਮੀ ਰਾਸ਼ੀ ਨਾਲ ਸਨਮਾਨਤ ਕੀਤੇ ਗਏ। ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਪ੍ਰਤੀਯੋਗੀ ਮੁਕਾਬਲੇ ਵਿਦਿਆਰਥੀਆਂ ਵਿਚ ਆਤਮ ਵਿਸ਼ਵਾਸ, ਉਤਸ਼ਾਹ ਅਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਦੇ ਹਨ। ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੂੰ ਕਾਲਜ ਪ੍ਰਬੰਧਕੀ, ਅਧਿਆਪਕ ਮੰਡਲ ਅਤੇ ਵਿਦਿਆਰਥੀ ਭਾਈਚਾਰੇ ਵਲੋਂ ਹਾਰਦਿਕ ਵਧਾਈ ਦਿੱਤੀ ਗਈ।

# ਜੂਨ 1984 ਤੋਂ ਅੱਜ ਤੱਕ ਸਿੱਖ ਧਰਮ 'ਤੇ ਕੌਮ ਦੇ ਹੋਏ ਨੁਕਸਾਨ ਦੀ ਐੱਸ ਜੀ ਪੀ ਸੀ ਜ਼ੁੰਮੇਵਾਰ : ਧਰਮੀ ਫੌਜੀ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਮੂਹ ਸਿੱਖ ਧਰਮੀ ਫੌਜੀ ਜੂਨ 1984 ਪਰਵਾਰ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਅਤੇ ਸਾਥੀ ਧਰਮੀ ਫੌਜੀਆਂ ਨੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਪੀ.ਚਿਦੰਬਰਮ ਵੱਲੋਂ ਜੂਨ 1984 ਦੌਰਾਨ ਸ੍ਰੀ ਅਕਾਲ ਤਖਤ ਸਾਹਿਬ 'ਤੇ ਕੀਤੇ ਫੌਜੀ ਹਮਲੇ ਸਬੰਧੀ ਤੱਤਕਾਲੀ ਸਮੇਂ ਦੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਵੱਡੀ ਗਲਤੀ ਦੇ ਬਿਆਨ ਦੀ ਸ਼ਲਾਘਾ ਕੀਤੀ। ਧਰਮੀ ਫੌਜੀਆਂ ਨੇ ਕਿਹਾ ਕਿ ਹਮਲੇ ਦੇ 41 ਸਾਲ ਬੀਤ ਜਾਣ 'ਤੇ ਕਾਂਗਰਸ ਦੇ ਇੱਕ ਸੀਨੀਅਰ ਆਗੂ ਵਲੋਂ ਵੱਡੀ ਗਲਤੀ ਦੱਸਿਆ ਹੈ, ਪਰ ਸਿੱਖ ਕੌਮ ਦੀ ਨੁਮਾਇੰਦਗੀ ਕਰਨ ਵਾਲੀ ਐਸ.ਜੀ.ਪੀ.ਸੀ.ਨੇ 1984 ਦੇ ਫੌਜੀ ਹਮਲੇ ਦੇ ਤੱਥਾਂ ਉਜਾਗਰ ਕਰਨ ਦੀ ਬਜਾਏ ਵੋਟਾਂ ਦੀ ਖਾਤਰ ਇਸ ਨੂੰ ਕਦੇ ਸੰਜੀਦਗੀ ਨਾਲ ਨਹੀਂ ਦੇਖਿਆ। ਪ੍ਰਧਾਨ ਬਲਦੇਵ ਸਿੰਘ ਗੁਰਦਾਸਪੁਰ ਨੇ ਕਿਹਾ ਕਿ ਜੂਨ 1984 ਦੇ ਫੌਜੀ ਹਮਲੇ ਨਾਲ ਜਿਥੇ ਸਿੱਖ ਧਰਮੀ ਫੌਜੀਆਂ ਅਤੇ ਸਿੱਖ ਕੈਦੀਆਂ ਦਾ ਜੀਵਨ ਬਰਬਾਦ ਹੋਇਆ ਹੈ, ਉੱਥੇ ਹਜ਼ਾਰਾਂ ਹੀ ਸਿੱਖ ਨੌਜਵਾਨਾਂ ਦੀ ਜ਼ਿੰਦਗੀ ਦਾ ਵੱਡਾ ਨੁਕਸਾਨ ਹੋਇਆ। ਧਰਮੀ ਫੌਜੀਆਂ ਨੇ ਕਿਹਾ ਸਿੱਖ ਕੌਮ ਨੂੰ ਅੱਤਵਾਦ ਨਾਲ ਜੋੜ ਕੇ ਸਿੱਖ ਧਰਮ ਅਤੇ ਕੌਮ ਨੂੰ ਬਦਨਾਮ ਕੀਤੇ ਜਾਣ ਕਰਕੇ ਹੀ ਸਿੱਖ ਵਿਰੋਧੀ ਤਾਕਤਾਂ ਨੂੰ ਧਰਮ ਕੌਮ 'ਤੇ ਹਮਲੇ ਕਰਨ ਦਾ ਬਹਾਨਾ ਮਿਲਿਆ ਅਤੇ ਬੇਅਦਬੀਆਂ ਦਾ ਸਿਲਸਲਾ ਜਾਰੀ ਹੈ। ਉਨ੍ਹਾਂ ਕਿਹਾ ਜੂਨ 1984 ਤੋਂ ਲੈ ਕੇ ਅੱਜ ਤੱਕ ਸਿੱਖ ਧਰਮ ਅਤੇ ਕੌਮ ਦਾ ਨੁਕਸਾਨ ਅਤੇ ਬੇਅਦਬੀਆਂ ਹੋ ਰਹੀਆਂ ਹਨ, ਇਸ ਵਾਸਤੇ ਐਸ.ਜੀ.ਪੀ.ਸੀ.ਸਿੱਧੀ ਜ਼ੁੰਮੇਵਾਰ ਹੈ। ਪ੍ਰਧਾਨ ਬਲਦੇਵ ਸਿੰਘ ਨੇ ਕਿਹਾ ਕਾਂਗਰਸ ਨੇ 41 ਸਾਲ ਬਾਅਦ ਆਪਣੀ ਗਲਤੀ ਮੰਨੀ, ਜਦਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 41 ਬੀਤ ਜਾਣ 'ਤੇ ਵੀ ਜੂਨ 1984 ਦੇ ਫੌਜੀ ਹਮਲੇ ਦੌਰਾਨ ਹੋਏ ਨੁਕਸਾਨ ਅਤੇ ਬੇਅਦਬੀ ਬਾਰੇ ਗੱਲ ਕਿਉਂ ਨਹੀਂ ਕੀਤੀ? ਇਸ ਬਾਰੇ 2027 ਦੀਆਂ ਚੋਣਾਂ ਦੌਰਾਨ ਖੁੱਲ੍ਹ ਕੇ ਖੁਲਾਸੇ ਹੋਣਗੇ। ਇਸ ਮੌਕੇ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਣਧੀਰ ਸਿੰਘ, ਜ਼ਿਲ੍ਹਾ ਗੁਰਦਾਸਪੁਰ ਪ੍ਰਧਾਨ ਸਵਿੰਦਰ ਸਿੰਘ ਸੋਹੀ, ਜ਼ਿਲ੍ਹਾ ਅੰਮ੍ਰਿਤਸਰ ਪ੍ਰਧਾਨ ਗੁਲਜਾਰ ਸਿੰਘ, ਜਰਨੈਲ ਸਿੰਘ, ਬਲਵਿੰਦਰ ਸਿੰਘ ਆਦਿ ਧਰਮੀ ਫੌਜੀ ਹਾਜਰ ਸਨ।



# ਗਰੀਬ ਪਰਵਾਰ ਦੇ ਬਰਸਾਤਾਂ 'ਚ ਡਿੱਗੇ ਮਕਾਨ ਦੀ ਅਜੇ ਤੱਕ ਕਿਸੇ ਨਾ ਲਈ ਸਾਰ

**ਧਾਰੀਵਾਲ/ਹਰਚੋਵਾਲ (ਮਨਦੀਪ ਸਿੰਘ ਵਿੱਕੀ)**- ਕਸਬਾ ਹਰਚੋਵਾਲ ਦੇ ਇੱਕ ਗਰੀਬ ਪਰਵਾਰ ਦੇ ਪਿਛਲੇ ਦਿਨੀਂ ਬਾਰਸਾਤਾਂ ਦੌਰਾਨ ਡਿੱਗੇ ਘਰ ਦੀ ਅਜੇ ਤੱਕ ਕਿਸੇ ਨੇ ਸਾਰ ਨਹੀਂ ਲਈ। ਪੀੜਤ ਹਰਪ੍ਰੀਤ ਕੌਰ ਪਤਨੀ ਹਰਪਾਲ ਸਿੰਘ ਪੁੱਤਰ ਬਲਦੇਵ ਸਿੰਘ ਨੇ ਦੱਸਿਆ ਕਿ ਪਿਛਲੇ ਮਹੀਨੇ ਹੋਈਆਂ ਬਰਸਾਤਾਂ ਕਾਰਨ ਸਾਡੇ ਘਰ ਦੀਆਂ ਕੰਧਾਂ ਵਿੱਚ ਤਰੇੜਾਂ ਆਉਣ ਅਤੇ ਬਾਲਿਆਂ ਵਾਲੀਆਂ ਛੱਤਾਂ ਡਿੱਗਣ ਕਾਰਨ ਬਹੁਤ ਮਾੜੇ ਹਾਲਾਤ ਵਿੱਚੋਂ ਦੀ ਗੁਜ਼ਰਨਾ ਪੈ ਰਿਹਾ ਹੈ। ਉਨ੍ਹਾਂ ਦੇ ਘਰ ਦੇ ਨੇੜਿਓਂ ਗੰਦੇ ਪਾਣੀ ਦੀ ਨਿਕਾਸੀ ਵਾਲਾ ਨਾਲਾ ਲੰਘਦਾ ਹੈ। ਘਰ ਨੀਵਾਂ ਹੋਣ ਕਾਰਨ ਬਰਸਾਤਾਂ ਦੌਰਾਨ ਮੀਂਹ ਤੇ ਗੰਦੇ ਨਾਲੇ ਦਾ ਪਾਣੀ ਉਨ੍ਹਾਂ ਦੇ ਘਰ ਵਿੱਚ ਦੋ ਦੋ ਫੁੱਟ ਫਿਰਦਾ ਰਿਹਾ। ਇਸ ਕਾਰਨ ਉਨ੍ਹਾਂ ਨੂੰ ਨਰਕ ਵਰਗੀ ਜ਼ਿੰਦਗੀ ਜਿਊਣ ਲਈ ਮਜਬੂਰ ਹੋਣਾ ਪਿਆ। ਹਰਪ੍ਰੀਤ ਕੌਰ ਨੇ ਦੱਸਿਆ ਬਰਸਾਤਾਂ ਦੌਰਾਨ ਸਾਡੇ ਘਰ ਦੀਆਂ ਛੱਤਾਂ ਡਿੱਗੀਆਂ ਨੂੰ ਲਗਪਗ ਦੋ ਮਹੀਨੇ ਹੋ ਚੁੱਕੇ ਹਨ, ਪਰ ਅੱਜ ਤੱਕ ਕਿਸੇ ਵੀ ਸਰਕਾਰੀ ਅਧਿਕਾਰੀ ਨੇ ਸਾਡੀ ਸਾਰ ਤੱਕ ਨਹੀਂ ਲਈ। ਉਨ੍ਹਾਂ ਦਾ ਪਰਵਾਰ ਬਹੁਤ ਗਰੀਬ ਹੈ ਅਤੇ ਉਹ ਮਿਹਨਤ ਮਜ਼ਦੂਰੀ ਕਰਕੇ ਪਰਵਾਰ ਦਾ ਗੁਜ਼ਾਰਾ ਬੜੀ ਮੁਸ਼ਕਲ ਨਾਲ ਚਲਾ ਰਹੇ ਹਨ। ਉਨ੍ਹਾਂ ਨੇ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ/ਸੁਸਾਇਟੀਆਂ ਅਤੇ ਕਲੱਬਾਂ ਤੇ ਐਨ ਆਰ ਆਈ ਵਾਰਾਂ ਨੂੰ ਅਪੀਲ ਕੀਤੀ ਕਿ ਘਰ ਦੀਆਂ ਛੱਤਾਂ ਪਾਉਣ ਲਈ ਸਾਡੀ ਮਦਦ ਕੀਤੀ ਜਾਵੇ। ਹਰਚੋਵਾਲ ਵਾਸੀ ਸਮਾਜ ਸੇਵੀ ਗਗਨਦੀਪ ਸਿੰਘ ਰਿਆੜ ਨੇ ਕਿਹਾ ਇਹ ਪਰਵਾਰ ਬਹੁਤ ਹੀ ਗਰੀਬ ਹੈ ਅਤੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਬੱਚਿਆਂ ਦਾ ਪਾਲਣ ਪੋਸਣ ਕਰ ਰਿਹਾ ਹੈ। ਉਨ੍ਹਾਂ ਐਨ ਆਰ ਆਈ ਵੀਰਾਂ, ਸਮਾਜ ਸੇਵੀ ਜਥੇਬੰਦੀਆਂ ਅਤੇ ਸਬੰਧਤ ਵਿਭਾਗ ਨੂੰ ਅਪੀਲ ਕੀਤੀ ਕਿ ਇਸ ਗਰੀਬ ਪਰਵਾਰ ਦੀ ਮਦਦ ਕੀਤੀ ਜਾਵੇ। ਪਿੰਡ ਹਰਚੋਵਾਲ ਦੇ ਸਰਪੰਚ ਕੈਪਟਨ ਧਰਮਿੰਦਰ ਸਿੰਘ ਨੇ ਕਿਹਾ ਬਰਸਾਤਾਂ ਨਾਲ ਡਿੱਗੇ ਹੋਏ ਘਰਾਂ ਬਾਰੇ ਉਨ੍ਹਾਂ ਨੇ ਮਹਿਕਮੇ ਨੂੰ ਜਾਣੂ ਕਰਵਾ ਦਿੱਤਾ ਹੈ।



# ਕਲਗੀਧਰ ਟਰੱਸਟ ਵੱਲੋਂ ਹੜ੍ਹ ਪੀੜਤਾਂ ਲਈ ਇਨਸਾਨੀਅਤ ਦੀ ਅਨੋਖੀ ਮਿਸਾਲ ਕਾਇਮ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਮਦਦ ਵਜੋਂ ਕਲਗੀਧਰ ਟਰੱਸਟ ਗੁਰਦੁਆਰਾ ਬੜੂ ਸਾਹਿਬ ਦੇ ਉਪ ਪ੍ਰਧਾਨ ਜਗਜੀਤ ਸਿੰਘ (ਕਾਕਾ ਵੀਰ ਜੀ) ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ 7 ਘਰ ਨਵੇਂ ਪ੍ਰੀ-ਫੈਬ੍ਰੀਕੇਟਡ ਮਟੀਰੀਅਲ ਨਾਲ ਮਕਾਨ ਤਿਆਰ ਕਰਕੇ ਦਿੱਤੇ ਗਏ। ਕਾਹਨਾ ਪਿੰਡ ਵਿੱਚ 4 ਘਰ ਅਤੇ ਹਸਨਪੁਰ ਪਿੰਡ ਵਿੱਚ 3 ਘਰ ਤਿਆਰ ਕਰਕੇ ਦਿੱਤੇ ਗਏ। ਇਨ੍ਹਾਂ ਲੋਕਾਂ ਦੇ ਮਕਾਨ ਹੜ੍ਹਾਂ ਦੇ ਪਾਣੀ ਅਤੇ ਭਾਰੀ ਬਾਰਿਸ਼ ਕਰਕੇ ਢਹਿ ਗਏ ਸਨ। ਇਨ੍ਹਾਂ ਪਰਿਵਾਰਾਂ ਨੂੰ 24 ਘੰਟੇ ਪ੍ਰਤੀ ਮਕਾਨ ਤਿਆਰ ਕਰਕੇ ਦਿੱਤਾ ਗਿਆ, ਜਿਸ ਵਿੱਚ ਰਸੋਈ ਦੇ ਰਾਸ਼ਨ ਤੋਂ ਲੈ ਕੇ ਕੁੱਲ ਘਰੇਲੂ ਸੁੱਖ ਸਹੂਲਤ (ਬੈੱਡ, ਗੱਦੇ, ਪੱਖੇ, ਰਸੋਈ ਦਾ ਰਾਸ਼ਨ ਆਦਿ) ਸਾਮਾਨ ਮੁਹੱਈਆ ਕਰਵਾਇਆ ਗਿਆ। ਇਨ੍ਹਾਂ ਘਰਾਂ ਦਾ ਉਦਘਾਟਨ ਦਲਵਿੰਦਰਜੀਤ ਸਿੰਘ (ਡੀਸੀ); ਜਸਪਿੰਦਰ ਸਿੰਘ (ਐੱਸਡੀਐੱਮ, ਦੀਨਾਨਗਰ) ਵੱਲੋਂ ਕੀਤਾ ਗਿਆ। ਉਨ੍ਹਾਂ ਟਰੱਸਟ ਵੱਲੋਂ ਕੀਤੇ ਇਸ ਨਵੇਕਲੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸਾਬਕਾ ਸਰਪੰਚ ਕਰਤਾਰ ਸਿੰਘ ਪਿੰਡ ਸੱਦਾ, ਰਵਿੰਦਰ ਸਿੰਘ (ਗੁ: ਟਾਹਲੀ ਸਾਹਿਬ, ਗਾਹਲੜੀ ਸਾਹਿਬ), ਹਰਜੀਤ ਸਿੰਘ (ਮੈਨੇਜਰ ਟਾਹਲੀ ਸਾਹਿਬ), ਹਰਪ੍ਰੀਤ ਸਿੰਘ ਗ੍ਰੰਥੀ (ਗੁ: ਫਰੀਦਪੁਰ), ਸਰਪੰਚ ਕੁਲਵਿੰਦਰ ਸਿੰਘ ਪਿੰਡ ਚਿੱਟੀ, ਸਰਪੰਚ ਰਣਜੀਤ ਸਿੰਘ ਪਿੰਡ ਜੀਵਨ ਚੱਕ, ਡਾ. ਹਰਵਿੰਦਰਪਾਲ ਸਿੰਘ (ਜੈਨਪੁਰ), ਕੁਲਦੀਪ ਸਿੰਘ (ਜਾਫਲਪੁਰ), ਗੁਰਜਿੰਦਰ ਸਿੰਘ (ਗੰਜੀ), ਸਰਪੰਚ ਨਿਸ਼ਾਨ ਸਿੰਘ ਪਿੰਡ ਖ਼ੁਸ਼ੀਪੁਰ, ਸਰਪੰਚ ਵਾਸੂਦੇਵ ਪਿੰਡ ਠਾਕਰਪੁਰ, ਸਰਪੰਚ ਗੁਰਦੀਪ ਸਿੰਘ ਪਿੰਡ ਬੈਂਸ, ਸਰਪੰਚ ਬੱਬੂ ਸਿੰਘ ਪਿੰਡ ਤਲਵੰਡੀ, ਸਰਪੰਚ ਬੱਬਾ ਪਿੰਡ ਸੱਦਾ, ਸਰਪੰਚ ਸਾਬੀ ਪਿੰਡ ਸੱਦੇਪੁਰ, ਸਰਪੰਚ ਮਿੱਟੂ ਸਿੰਘ ਪਿੰਡ ਦੋਰੰਗਲਾ, ਸਰਪੰਚ ਬਲਦੇਵ ਸਿੰਘ ਪਿੰਡ ਕਾਠਗੜ੍ਹ ਅਤੇ ਟਰੱਸਟ ਦੇ ਸੇਵਾਦਾਰ ਅਤੇ ਪਿੰਡ ਦੇ ਪਤਵੰਤੇ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੇ ਲਗਭਗ 100 ਨਵੇਂ ਪ੍ਰੀ-ਫੈਬ੍ਰੀਕੇਟਡ ਮਟੀਰੀਅਲ ਨਾਲ ਮਕਾਨ ਤਿਆਰ ਕਰਕੇ (400 ਤੋਂ 900 ਸੁਕੇਅਰ ਫੁੱਟ ਤੱਕ ਉਸਾਰੀ ਕੀਤੀ ਜਾਵੇਗੀ) ਲੋੜਵੰਦਾਂ ਨੂੰ ਅਸੀਂ ਸੰਗਤ ਦੇ ਸਹਿਯੋਗ ਨਾਲ ਬਣਾ ਕੇ ਦਿਆਂਗੇ। ਹਰ ਦੇਸ਼ ਵਾਸੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਦਸਵੰਧ ਦਾ ਹਿੱਸਾ ਇਨ੍ਹਾਂ ਦੀ ਮਦਦ ਕਰਨ ਲਈ ਜ਼ਰੂਰ ਕੱਢਣਾ ਚਾਹੀਦਾ ਹੈ। ਇਥੇ ਜ਼ਿਕਰਯੋਗ ਹੈ ਕਿ ਇੱਕ ਆਮ ਆਦਮੀ ਲਈ ਆਏ ਹੜ੍ਹਾਂ ਦੀ ਕਰੋਪੀ ਤੋਂ ਪੈਦਾ ਹੋਏ ਹਾਲਾਤ ਵਿੱਚ ਘਰ ਪਾਉਣਾ ਇੱਕ ਸੁਪਨੇ ਦੀ ਤਰ੍ਹਾਂ ਹੈ। ਹੋਰ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਹੁਣ ਤੱਕ ਲਗਭਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ 'ਤੇ ਪਹੁੰਚਾਇਆ ਗਿਆ। ਗੁਰਦੁਆਰਾ ਬੜੂ ਸਾਹਿਬ, ਹਿਮਾਚਲ ਪ੍ਰਦੇਸ਼ ਵਿਖੇ ਸਰਬੱਤ ਦੇ ਭਲੇ ਲਈ ਸ੍ਰੀ ਸਹਿਜ ਪਾਠ ਸਾਹਿਬ ਨਿਰੰਤਰ ਚੱਲ ਰਹੇ ਹਨ, ਜਿੱਥੇ ਪੰਜਾਬ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਂਦੀ ਹੈ। ਇਥੇ ਜ਼ਿਕਰਯੋਗ ਹੈ ਕਿ ਦੇਸ਼ ਵਿੱਚ ਜਦੋਂ ਵੀ ਕੁਦਰਤੀ ਆਫ਼ਤਾਂ ਆਉਂਦੀਆਂ ਹਨ ਤਾਂ ਟਰੱਸਟ ਦੀ ਅਕਾਲ ਸੇਵਾ ਟੀਮ ਵੱਲੋਂ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤਤਪਰ ਰਹਿੰਦੀ ਹੈ।




# ਸੇਂਟ ਸੋਲਜਰ ਦੇ ਵਿਦਿਆਰਥੀਆਂ ਡਾ. ਗੁਰਦਿਆਲ ਸਿੰਘ ਯਾਦਗਾਰੀ ਮੇਲੇ 'ਚ ਵਾਹ-ਵਾਹ ਲੁੱਟੀ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਮੰਚ ਲੋਕ ਦੇ ਪ੍ਰਧਾਨ ਪੰਡਿਤ ਕਿਸ਼ਨ ਦਵੇਸਰ ਵੱਲੋਂ ਡਾ.ਗੁਰਦਿਆਲ ਸਿੰਘ ਯਾਦਗਾਰੀ ਮੇਲਾ 14 ਅਕਤੂਬਰ ਨੂੰ ਸਰਕਾਰੀ ਹਾਈ ਸਕੂਲ ਟਾਂਗਰਾ ਵਿਖੇ ਕਰਵਾਇਆ ਗਿਆ ।ਜਿਸ ਵਿੱਚ ਬੱਚਿਆਂ ਦੇ ਭਾਸ਼ਣ ਗੀਤ, ਡਰਾਇੰਗ, ਨਾਅਰਾ ਲੇਖਣ, ਚਾਟ ਮੇਕਿੰਗ ਅਤੇ ਸੁੰਦਰ ਲਿਖਾਈ ਦੇ ਮੁਕਾਬਲੇ ਕਰਵਾਏ ਗਏ। ਇਹਨਾਂ ਮੁਕਾਬਲਿਆਂ ਵਿੱਚ ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। ਇਹਨਾਂ ਮੁਕਾਬਲਿਆਂ ਵਿੱਚ ਭਾਸ਼ਣ ਸੀਨੀਅਰ ਗੁਰਲੀਨ ਕੌਰ ਪਹਿਲਾ, ਭਾਸ਼ਣ ਜੂਨੀਅਰ ਹਰਸਿਮਰਤ ਕੌਰ ਦੂਜਾ, ਗੀਤ ਸੀਨੀਅਰ ਗੁਰਪ੍ਰਤਾਪ ਸਿੰਘ ਪਹਿਲਾ, ਗੀਤ ਜੂਨੀਅਰ ਗੁਰਕੀਰਤ ਸਿੰਘ ਪਹਿਲਾ, ਚਾਰਟ ਮੇਕਿੰਗ ਵਿੱਚ ਗੁਰਸ਼ਰਨ ਸਿੰਘ ਪਹਿਲਾ ਅਤੇ ਮਨਸੀਰਤ ਕੌਰ ਤੀਸਰਾ, ਨਾਅਰਾ ਲੇਖਨ 'ਚ ਪਲਕਪ੍ਰੀਤ ਕੌਰ ਪਹਿਲਾ ਅਤੇ ਸੁੰਦਰ ਲਿਖਾਈ ਵਿੱਚ ਪਰਨੀਤ ਕੌਰ ਨੇ ਪਹਿਲਾ ਇਨਾਮ ਹਾਸਲ ਕੀਤਾ। ਸਕੂਲ ਪਹੁੰਚਣ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਨੇ ਬੱਚਿਆਂ ਦਾ ਸ਼ਾਨਦਾਰ ਸਵਾਗਤ ਕੀਤਾ ਅਤੇ ਉਹਨਾਂ ਨੂੰ ਇਸ ਕਾਮਯਾਬੀ ਲਈ ਵਧਾਈ ਅਤੇ ਸ਼ਾਬਾਸ਼ੀ ਦਿੱਤੀ। ਉਹਨਾਂ ਨੇ ਸਬੰਧਤ ਅਧਿਆਪਕਾਂ ਗੁਰਵਿੰਦਰ ਸਿੰਘ, ਸੁਸ਼ੀਲ ਕੁਮਾਰ, ਅਜੇ ਕੁਮਾਰ, ਜਗਰੂਪ ਕੌਰ, ਰਮਨਪ੍ਰੀਤ ਕੌਰ ਅਤੇ ਜਸਬੀਰ ਸਿੰਘ ਦੀ ਮਿਹਨਤ ਦੀ ਵੀ ਖੂਬ ਸਰਾਹਨਾ ਕੀਤੀ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੁਆਡੀਨੇਟਰ, ਨੀਲਾਕਸ਼ੀ ਗੁਪਤਾ ਕੁਆਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।



17-Oct-PAGE-4.qxd 10/16/2025 11:02 PM Page 1

ਨਵਾਂ ਜ਼ਮਾਨਾ
ਸ਼ੁੱਕਰਵਾਰ, 17 ਅਕਤੂਬਰ 2025

# ਆਦਿਵਾਸੀ ਪਛਾਣ 'ਤੇ ਹਮਲਾ

ਕੇਂਦਰ ਸਰਕਾਰ ਦੀ ਸੰਸਥਾ ਨੈਸ਼ਨਲ ਐਜੂਕੇਸ਼ਨ ਸੁਸਾਇਟੀ ਫਾਰ ਟ੍ਰਾਈਬਲ ਸਟੂਡੈਂਟਸ (ਐੱਨ ਈ ਐੱਸ ਟੀ ਐੱਸ) ਨੇ ਸਾਰੇ ਏਕਲਵਯ ਮਾਡਲ ਰਿਹਾਇਸ਼ੀ ਸਕੂਲਾਂ ਦੇ ਮੁਖੀਆਂ ਨੂੰ ਹਦਾਇਤ ਦਿੱਤੀ ਹੈ ਕਿ ਉਹ ਛੇਵੀਂ ਤੋਂ ਅੱਠਵੀਂ ਤੱਕ ਦੇ ਆਦਿਵਾਸੀ ਵਿਦਿਆਰਥੀਆਂ ਵਿੱਚ 'ਹਿੰਦੀ ਭਾਸ਼ਾ ਪ੍ਰਤੀ ਦਿਲਚਸਪੀ ਤੇ ਰੁਝਾਨ ਜਗਾਉਣ' ਲਈ ਵਿਆਪਕ ਮੁਹਿੰਮ ਚਲਾਉਣ। ਉਸ ਵੱਲੋਂ ਜਾਰੀ ਸਰਕੂਲਰ ਕਹਿੰਦਾ ਹੈ ਕਿ ਭਾਸ਼ਾ ਸਿਖਾਉਣਾ ਸਿਰਫ ਭਾਸ਼ਾ ਦੇ ਅਧਿਆਪਕ ਦੀ ਜ਼ਿੰਮੇਵਾਰੀ ਨਹੀਂ, ਸਗੋਂ ਸਕੂਲ ਦੇ ਹੋਰਨਾਂ ਅਧਿਆਪਕਾਂ ਦੀ ਵੀ ਜ਼ਿੰਮੇਵਾਰੀ ਹੈ, ਯਾਨੀ ਹਿਸਾਬ, ਵਿਗਿਆਨ ਤੇ ਸਮਾਜੀ ਵਿਗਿਆਨ ਦੇ ਅਧਿਆਪਕਾਂ ਨੂੰ ਵੀ ਹਿੰਦੀ ਅਧਿਆਪਕ ਦਾ ਰੋਲ ਨਿਭਾਉਣਾ ਹੋਵੇਗਾ। ਇਹ ਭਾਰਤੀ ਸਿੱਖਿਆ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਹੈ ਕਿ ਹੋਰਨਾਂ ਵਿਸ਼ਿਆਂ ਦੇ ਅਧਿਆਪਕਾਂ ਨੂੰ ਵੀ ਹਿੰਦੀ ਸਿਖਾਉਣ ਦੀ ਜ਼ਿੰਮੇਵਾਰੀ ਲਾਈ ਗਈ ਹੈ। ਇਹ ਸੰਸਥਾ ਜਨਜਾਤੀ ਕਾਰਜ ਮੰਤਰਾਲੇ ਤਹਿਤ ਆਉਂਦੀ ਹੈ ਅਤੇ ਇਸ ਦੇ ਸਰਕੂਲਰ ਵਿੱਚ ਕਈ ਅਜਿਹੇ ਨਿਰਦੇਸ਼ ਹਨ, ਜਿਨ੍ਹਾਂ ਨਾਲ ਤੌਖਲਾ ਪੈਦਾ ਹੁੰਦਾ ਹੈ ਕਿ ਕੀ ਆਦਿਵਾਸੀ ਭਾਈਚਾਰਿਆਂ ਦੀ ਭਾਸ਼ਾਈ ਤੇ ਸੱਭਿਆਚਾਰਕ ਪਛਾਣ ਨੂੰ ਨਕਾਰ ਕੇ ਉਨ੍ਹਾਂ ਨੂੰ ਹਿੰਦੀ ਦੀ ਚੌਧਰਵਾਦੀ ਛਤਰੀ ਹੇਠ ਲਿਆਉਣ ਦਾ ਜਤਨ ਕੀਤਾ ਜਾ ਰਿਹਾ ਹੈ?

ਏਕਲਵਯ ਮਾਡਲ ਰਿਹਾਇਸ਼ੀ ਸਕੂਲਾਂ ਦੀ ਸਥਾਪਨਾ 1997-98 ਵਿੱਚ ਕੀਤੀ ਗਈ ਸੀ, ਤਾਂ ਕਿ ਆਦਿਵਾਸੀ ਵਿਦਿਆਰਥੀਆਂ ਨੂੰ ਆਪਣੇ ਮਾਹੌਲ ਵਿੱਚ ਕੁਆਲਿਟੀ ਸਿੱਖਿਆ ਮਿਲ ਸਕੇ। ਇਨ੍ਹਾਂ ਸਕੂਲਾਂ ਦਾ ਮੂਲ ਸਿਧਾਂਤ ਸੀ ਕਿ ਆਦਿਵਾਸੀ ਬੱਚਿਆਂ ਦੀ ਸੱਭਿਆਚਾਰਕ ਤੇ ਭਾਸ਼ਾਈ ਪਛਾਣ ਨੂੰ ਬਰਕਰਾਰ ਰੱਖਦਿਆਂ ਉਨ੍ਹਾਂ ਨੂੰ ਅਧੁਨਿਕ ਸਿੱਖਿਆ ਪ੍ਰਦਾਨ ਕੀਤੀ ਜਾਵੇ। ਦੇਸ਼ ਵਿੱਚ 722 ਸਕੂਲਾਂ ਨੂੰ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਵੇਲੇ ਲੱਦਾਖ ਤੇ ਮੇਘਾਲਿਆ ਨੂੰ ਛੱਡ ਕੇ ਬਾਕੀ 26 ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ 485 ਸਕੂਲ ਚੱਲ ਰਹੇ ਹਨ। ਇਨ੍ਹਾਂ ਵਿੱਚ ਗੈਰ-ਹਿੰਦੀ ਭਾਸ਼ੀ ਰਾਜ ਤੇ ਕੇਂਦਰ ਸ਼ਾਸਤ ਪ੍ਰਦੇਸ਼ ਸ਼ਾਮਲ ਹਨ। ਦਾਦਰ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਵ ਵਿੱਚ ਇੱਕ, ਆਸਾਮ ਵਿੱਚ ਇੱਕ, ਅਰੁਣਾਚਲ ਵਿੱਚ ਪੰਜ, ਨਾਗਾਲੈਂਡ ਵਿੱਚ ਤਿੰਨ, ਮਿਜ਼ੋਰਮ ਵਿੱਚ 11, ਮਨੀਪੁਰ ਵਿੱਚ 3, ਕਰਨਾਟਕ ਵਿੱਚ 12 ਤੇ ਕੇਰਲਾ ਵਿੱਚ 4 ਸਕੂਲ ਹਨ।

ਭਾਸ਼ਾ ਮਾਹਰਾਂ ਦਾ ਤੌਖਲਾ ਹੈ ਕਿ ਇਹ ਸਰਕੂਲਰ ਉਨ੍ਹਾਂ ਆਦਿਵਾਸੀ ਵਿਦਿਆਰਥੀਆਂ ਨਾਲ ਭੇਦਭਾਵ ਕਰਦਾ ਹੈ, ਜਿਹੜੇ ਹਿੰਦੀ ਵਿੱਚ ਸਹਿਜ ਨਹੀਂ ਹਨ ਅਤੇ ਇਹ ਬੱਚਿਆਂ ਵਿੱਚ ਹੀਣਭਾਵਨਾ ਪੈਦਾ ਕਰਕੇ ਉਨ੍ਹਾਂ ਦੀ ਰਚਨਾਤਮਕਤਾ ਨੂੰ ਖੁੰਢਾ ਕਰ ਸਕਦਾ ਹੈ। ਖੋਜਾਂ ਦੱਸਦੀਆਂ ਹਨ ਕਿ ਭਾਰਤ ਵਿੱਚ ਲਗਭਗ 25 ਫੀਸਦੀ ਬੱਚਿਆਂ ਨੂੰ ਉਸ ਭਾਸ਼ਾ ਵਿੱਚ ਸਿੱਖਿਆ ਦੇਣ ਨਾਲ ਗੰਭੀਰ ਨੁਕਸਾਨ ਹੁੰਦਾ ਹੈ, ਜਿਸ ਤੋਂ ਉਹ ਜਾਣੂੰ ਨਹੀਂ ਹੁੰਦੇ। ਭਾਸ਼ਾ ਵਿਗਿਆਨ ਤੇ ਸਿੱਖਿਆ ਮਨੋਵਿਗਿਆਨ ਮੁਤਾਬਕ ਮੁਢਲੇ ਸਾਲਾਂ ਵਿੱਚ ਮਾਂ ਬੋਲੀ ਵਿੱਚ ਸਿੱਖਿਆ ਬੱਚਿਆਂ ਦੇ ਵਿਕਾਸ ਲਈ ਅਤਿਅੰਤ ਜ਼ਰੂਰੀ ਹੈ, ਪਰ ਕੇਂਦਰ ਸਰਕਾਰ ਇਕਰੂਪ ਪਛਾਣ ਵੱਲ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਆਦਿਵਾਸੀ ਬੱਚਿਆਂ 'ਤੇ ਹਿੰਦੀ ਮੜ੍ਹਨ ਦੀ ਕੋਸ਼ਿਸ਼ ਦਿਖਾਉਂਦੀ ਹੈ ਕਿ ਹੁਣ ਸਿੱਖਿਆ ਦੇ ਖੇਤਰ ਵਿੱਚ ਵੀ ਆਦਿਵਾਸੀ ਪਛਾਣ 'ਤੇ ਹਮਲਾ ਕੀਤਾ ਜਾ ਰਿਹਾ ਹੈ।

**—ਚੰਦ ਫਤਿਹਪੁਰੀ**

## ਸੁੰਨੀਆਂ ਖੱਡਾਂ!

ਬਿਨ ਮੁੱਦਿਆਂ ਤੋਂ ਚੋਣ ਹੁੰਦੀ ਉਂਝ,
ਮੁੱਦਿਆਂ ਦੀ ਗੱਲ ਸਾਰੇ ਕਰਦੇ।
ਜਿੱਥੇ ਭੀੜਾਂ ਲੱਗੀਆਂ ਹੋਵਣ,
ਜਾ ਕੇ ਉੱਥੇ ਛਿਆਨੀ ਭਰਦੇ।
ਸਮੇਂ ਦਾ ਸੱਚ ਅਮਾਵਸ ਬਣਿਆ,
ਚਾਨਣ ਮੰਗਣ ਵਾਲੇ ਮਰਦੇ।
ਜਿੱਤਣ ਵਾਲੇ ਜਿੱਤ ਜਾਂਦੇ ਹਨ,
ਅੱਗੇ ਰਹਿੰਦੇ ਜਿਹੜੇ ਹਰਦੇ।
ਕਹਿਣੀ ਕਰਨੀ ਅੱਡ ਹੋ ਗਈ,
ਸੱਚ ਬੋਲਣ ਤੋਂ ਆਗੂ ਡਰਦੇ।
ਬੀਬੇ ਰਾਣੇ ਬਣ ਕੇ ਯਾਰੋ,
ਲੋਕੀਂ ਨਿੱਤ ਅੰਗੂਰੀ ਚਰਦੇ।
ਫੁੱਲ ਸੁਗੰਧੀ ਡੁੱਬ ਜਾਂਦੇ ਨੇ,
ਭਾਰੇ ਪੱਥਰ ਦੇਖੇ ਤਰਦੇ।
ਬੱਦਲਾਂ ਨੇ ਰੰਗ ਬਦਲ ਲਿਆ,
ਸੁੰਨੀਆਂ ਖੱਡਾਂ 'ਤੇ ਜਾ ਵਰ੍ਹਦੇ।

-ਗੁਲਪੁਰ

# ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਨੂੰ 37ਵੀਂ ਬਰਸੀ 'ਤੇ ਯਾਦ ਕਰਦਿਆਂ

**ਜਗਦੀਸ਼ ਸਿੰਘ ਚਾਹਲ**

ਪੰਜਾਬ ਰੋਡਵੇਜ਼ ਦੇ ਕਾਮਿਆਂ ਦਾ ਚਹੇਤਾ ਆਗੂ, ਮਜ਼ਦੂਰਾਂ, ਮੁਲਾਜ਼ਮਾਂ ਦਾ ਉਦਾਹਰਨੀ ਰਹਿਬਰ, ਮਨੁੱਖੀ ਗੁਣਾਂ ਦੀ ਬੁਲੰਦੀ ਨੂੰ ਪੁੱਜਿਆ ਅਸਲੀ ਇਨਸਾਨ, ਸਾਦਾ ਸੰਜਮੀ, ਸੁੱਘੜ ਸਿਆਣਾ, ਸੂਰਤ ਅਤੇ ਸੀਰਤ ਦਾ ਧਨੀ ਆਤਮ ਵਿਸ਼ਵਾਸ ਨਾਲ ਭਰਪੂਰ, ਗਜ਼ਬ ਦਾ ਬੁਲਾਰਾ, ਬਾਈ ਨਛੱਤਰ ਧਾਲੀਵਾਲ ਅੱਜ ਤੋਂ 37 ਵਰ੍ਹੇ ਪਹਿਲਾਂ ਲੋਕ ਵਿਰੋਧੀ ਤਾਕਤਾਂ ਨੇ ਸਾਡੇ ਕੋਲੋਂ ਸਦਾ ਲਈ ਖੋਹ ਲਿਆ। ਉਸ ਦਾ ਕਸੂਰ ਇਹ ਸੀ ਕਿ ਉਹ ਦੱਬੇ-ਕੁਚਲੇ ਕਿਰਤੀ ਲੋਕਾਂ ਦੇ ਲਈ ਹੱਕ-ਸੱਚ ਇਨਸਾਫ ਦੀ ਲੜਾਈ ਲੜਦਾ ਸੀ। ਉਹ ਅਜਿਹੇ ਸਮਾਜਵਾਦ ਦੀ ਗੱਲ ਕਰਦਾ ਸੀ, ਜਿੱਥੇ ਹਰ ਇੱਕ ਲਈ ਰੁਜ਼ਗਾਰ ਉਸ ਦੀ ਯੋਗਤਾ ਅਨੁਸਾਰ, ਨਿੱਜੀ ਮਾਲਕੀ ਖਤਮ ਕਰਕੇ ਪਬਲਿਕ ਅਦਾਰਿਆਂ ਦੀ ਉਸਾਰੀ ਲਈ, ਕਿਰਤੀਆਂ ਦੀ ਲੁੱਟ ਦਾ ਖਾਤਮਾ, ਕੁਦਰਤੀ ਸਰੋਤਾਂ ਦੀ ਰੱਖਿਆ ਅਤੇ ਰਿਸ਼ਵਤਖੋਰੀ ਦਾ ਖਾਤਮਾ ਜੋ ਉਸ ਸਮੇਂ ਦੇ ਹਾਕਮਾਂ ਨੂੰ ਮਨਜ਼ੂਰ ਨਹੀਂ ਸੀ।

ਭਾਵੇਂ ਨਛੱਤਰ ਧਾਲੀਵਾਲ 50 ਕੁ ਵਰ੍ਹੇ ਹੀ ਜੀਵਿਆ, ਪਰ ਉਸ ਦੀ ਸੰਘਰਸ਼ਮਈ ਜ਼ਿੰਦਗੀ ਮਿਹਨਤਕਸ਼ ਲੋਕਾਂ ਲਈ ਵਡਮੁੱਲੀ ਦੇਣ ਹੈ। ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦਾ ਜਨਮ 16 ਮਈ 1938 ਨੂੰ ਮਾਤਾ ਚੰਦ ਕੌਰ ਅਤੇ ਪਿਤਾ ਭਾਗ ਸਿੰਘ ਪਿੰਡ ਬੱਧਨੀ ਖੁਰਦ ਸੱਤਾਂ 'ਚੋਂ ਵਿਚਲਾ ਪੁੱਤਰ ਸੀ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਘਰੇਲੂ ਜ਼ਿੰਮੇਵਾਰੀਆਂ, ਮਜਬੂਰੀਆਂ ਨੂੰ ਅਣਡਿੱਠ ਨਹੀਂ ਕਰ ਸਕਦਾ ਸੀ, ਜਿਸ ਦਾ ਪੜ੍ਹਾਈ ਉੱਪਰ ਵੀ ਅਸਰ ਪਿਆ, ਜਿਸ ਕਰਕੇ ਦਸਵੀਂ ਪਾਸ ਕਰਦਿਆਂ ਹੀ ਕੰਮ ਦੀ ਤਲਾਸ਼ ਕਰਨੀ ਸ਼ੁਰੂ ਕਰ ਦਿੱਤੀ। ਕੁਝ ਸਮੇਂ ਪਿੱਛੋਂ ਆਪ ਬਾਗਬਾਨੀ ਦਾ ਕੋਰਸ ਕਰਨ ਅੰਮ੍ਰਿਤਸਰ ਚਲੇ ਗਏ। ਜਿੱਥੋਂ ਉਨ੍ਹਾਂ ਦਾ ਟਰੇਡ ਯੂਨੀਅਨ ਦਾ ਸਫਰ ਆਰੰਭ ਹੋਇਆ। ਉਥੇ ਹੀ ਮੈਨੇਜਮੈਂਟ ਅਤੇ ਪ੍ਰਿੰਸੀਪਲ ਵੱਲੋਂ ਸਿਖਿਆਰਥੀਆਂ ਨਾਲ ਕੀਤੀ ਜਾਂਦੀ ਧੱਕੇਸ਼ਾਹੀ ਨੂੰ ਸਾਥੀਆਂ ਦੀ ਮਦਦ ਨਾਲ ਜੱਥੇਬੰਦਕ ਵਿਰੋਧ ਕੀਤਾ ਅਤੇ ਜਿੱਤ ਪ੍ਰਾਪਤ ਕੀਤੀ। ਸਮੇਂ ਦੇ ਗੇੜ ਨਾਲ 1958 ਵਿੱਚ ਉਹ ਓਮਨੀ ਬੱਸ ਸਰਵਿਸ ਵਿੱਚ ਬਤੌਰ ਕੰਡਕਟਰ ਭਰਤੀ ਹੋ ਗਏ। ਪਿੱਛੋਂ ਇਸ ਦਾ ਨਾਂਅ ਪੰਜਾਬ ਰੋਡਵੇਜ਼ ਪੈ ਗਿਆ। ਭਰਤੀ ਹੋਣ ਉਪਰੰਤ ਉਹ ਪੰਜਾਬ ਗੌਰਮੈਂਟ ਨੈਸ਼ਨਲ ਮੋਟਰਸ ਟਰਾਂਸਪੋਰਟ ਵਰਕਰ ਯੂਨੀਅਨ ਜਿਸ ਦਾ ਹੁਣ ਨਾਂਅ ਪੰਜਾਬ ਗੌਰਮੈਂਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਹੈ, ਵਿੱਚ ਸ਼ਾਮਲ ਹੋ ਕੇ ਸਰਗਰਮੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਅਪ੍ਰੈਲ 1965 ਵਿੱਚ ਪਹਿਲੀ ਵਾਰ ਹੜਤਾਲ ਹੋਈ। ਜਿਸ ਉਪਰ 4 ਮਈ 1965 ਨੂੰ ਹੋਏ ਐਗਰੀਮੈਂਟ ਮੁਤਾਬਕ ਚਾਰ ਪ੍ਰਤੀਸ਼ਤ ਬੋਨਸ, ਓਵਰ ਟਾਈਮ ਅਤੇ ਗੁਰਗਾਬੀਆਂ ਦੀ ਪ੍ਰਾਪਤੀ ਹੋਈ।

ਇਸ ਹੜਤਾਲ ਵਿੱਚ ਕੀਤੀ ਸਰਗਰਮੀ ਕਾਰਨ ਕਾਮਰੇਡ ਧਾਲੀਵਾਲ ਦੀ ਲੀਡਰਸ਼ਿਪ ਵਿੱਚ ਐਂਟਰੀ ਹੋਈ ਅਤੇ ਆਪ ਨੂੰ ਸਬ ਡੀਪੂ ਮੋਗਾ ਦਾ ਜਨਰਲ ਸਕੱਤਰ ਚੁਣ ਲਿਆ ਗਿਆ। ਇਸ ਐਂਟਰੀ ਤੋਂ ਬਾਅਦ ਉਨ੍ਹਾਂ ਦੀ ਮਹਿਕਮੇ ਪ੍ਰਤੀ ਇਮਾਨਦਾਰੀ ਅਤੇ ਜਥੇਬੰਦੀ ਪ੍ਰਤੀ ਲਗਨ ਨੂੰ ਦੇਖਦਿਆਂ ਆਪ ਨੂੰ 1973 ਵਿੱਚ ਪੰਜਾਬ ਗੌਰਮੈਂਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਦਾ ਸੂਬਾਈ ਪ੍ਰਧਾਨ ਬਣਾਇਆ ਗਿਆ। ਸੰਘਰਸ਼ਾਂ ਦਰਮਿਆਨ ਆਪ ਨੂੰ ਕਈ ਵਾਰ ਜੇਲ੍ਹ ਅਤੇ ਟਰਮੀਨੇਸ਼ਨ ਦਾ ਸਾਹਮਣਾ ਵੀ ਕਰਨਾ ਪਿਆ। ਆਪ ਦੀ ਵਰਕਰਾਂ ਵਿੱਚ ਵਧ ਰਹੀ ਮਕਬੂਲੀਅਤ ਨੂੰ ਦੇਖਦਿਆਂ ਆਪ ਨੂੰ ਰੋਡਵੇਜ਼ ਦੀ ਜਥੇਬੰਦੀ ਤੋਂ ਇਲਾਵਾ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 -22 ਬੀ, ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਰੋਡ ਟਰਾਂਸਪੋਰਟ ਅਤੇ ਏਟਕ ਦੇ ਕੇਂਦਰੀ ਅਤੇ ਸੂਬਾਈ ਆਗੂ ਬਣਾਇਆ ਗਿਆ।

ਕਾਮਰੇਡ ਨਛੱਤਰ ਸਿੰਘ ਧਾਲੀਵਾਲ ਟਰੇਡ ਯੂਨੀਅਨ ਕੌਂਸਲ ਮੋਗਾ ਦੇ ਵੀ ਪ੍ਰਧਾਨ ਸਨ। ਹਰ ਪਦਾਰਥ ਦੂਜੇ ਪਦਾਰਥਾਂ 'ਤੇ ਅਸਰ ਕਰਦਾ ਹੈ ਅਤੇ ਪ੍ਰਭਾਵ ਪੈਦਾ ਕਰਦਾ ਹੈ। ਪਦਾਰਥ ਦਾ ਉੱਚਤਮ ਰੂਪ ਮਨੁੱਖ, ਸਮਾਜ ਵਿੱਚ ਵਾਪਰਦੇ ਵਰਤਾਰਿਆਂ, ਘਟਨਾਵਾਂ ਦਾ ਅਸਰ ਕਬੂਲਦਿਆਂ, ਜਜ਼ਬ ਅਤੇ ਪਰਤਾਓ ਦੀ ਪ੍ਰਕਿਰਿਆ 'ਚ ਪੈਂਦਿਆਂ, ਉਸ ਦੇ ਗੁਣਾਂ ਨੂੰ ਜਾਣ ਕੇ ਅਮਲ ਵਿੱਚ ਲਿਆਉਂਦਾ ਹੈ। ਸਮਾਜ ਦੇ ਸੰਵੇਦਨਸ਼ੀਲ ਦਿਮਾਗ ਇਸ ਦੀਆਂ ਸਮੱਸਿਆਵਾਂ ਨੂੰ ਤੀਖਣਤਾ ਨਾਲ ਸਮਝਦੇ ਹਨ। ਇਨ੍ਹਾਂ ਵਿੱਚੋਂ ਇੱਕ ਸਨ ਕਾਮਰੇਡ ਨਛੱਤਰ ਸਿੰਘ ਧਾਲੀਵਾਲ, ਸਮਾਜ ਵਿੱਚ ਵਾਪਰਦੇ ਜਾਤ, ਬਰਾਦਰੀ ਦੇ ਭੇਦ-ਭਾਵ, ਗਰੀਬ ਲੋਕਾਂ ਉੱਪਰ ਹੁੰਦੇ ਪੁਲਸੀ ਅੱਤਿਆਚਾਰ, ਰੋਟੀ ਖੁਣੋਂ ਵਿਲਕਦੇ ਪਰਵਾਰ, ਸਕੂਲਾਂ ਦੀ ਬਜਾਏ ਸੜਕਾਂ ਉੱਪਰ ਭੀਖ ਮੰਗਦਾ ਬਚਪਨ, ਪਬਲਿਕ ਅਦਾਰਿਆਂ ਅਤੇ ਨਿੱਜੀ ਮਾਲਕੀ ਹੇਠ ਲੱਗੇ ਕਾਰਖਾਨਿਆਂ ਵਿੱਚ ਹੁੰਦੀ ਕਿਰਤੀ ਜਮਾਤ ਦੀ ਲੁੱਟ, ਇਹ ਸਾਰਾ ਵਰਤਾਰਾ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਵੇਖਿਆ ਤਾਂ ਸੰਵੇਦਨਸ਼ੀਲ ਦਿਮਾਗ ਇਸ ਵਰਤਾਰੇ ਵਿਰੁੱਧ ਕਾਰਨ ਜਾਨਣ ਅਤੇ ਇਸ ਦੇ ਹੱਲ ਲਈ ਲਗਾਤਾਰ ਸਰਗਰਮੀ ਕਰਦੇ। ਬਾਈ ਨਛੱਤਰ ਮੁਢਲੇ ਤੌਰ 'ਤੇ ਇਸ ਦੇ ਖਿਲਾਫ ਲੜਿਆ। 1973 ਵਿੱਚ ਇਸ ਦੇ ਅਸਲ ਕਾਰਨਾਂ ਨੂੰ ਲੱਭਣ ਦੇ ਲਈ ਨੌਂ ਮਹੀਨੇ ਦੀ ਪੜ੍ਹਾਈ ਕਰਨ ਲਈ ਬੁਲਗਾਰੀਆ ਗਿਆ। ਜਿਸ 'ਤੇ ਉਹਨਾਂ ਦੀ ਸੋਚ ਨੇ ਵਿਗਿਆਨਕ ਰੂਪ ਧਾਰਨ ਕਰ ਲਿਆ। ਉਹਨਾਂ ਨੂੰ ਕੁਦਰਤ ਅਤੇ ਸਮਾਜ ਨੂੰ ਵੇਖਣ ਲਈ ਇੱਕ ਦ੍ਰਿਸ਼ਟੀਕੋਣ ਮਾਰਕਸਵਾਦ ਮਿਲ ਗਿਆ। ਮੁਢਲੇ ਦਿਨਾਂ ਵਿੱਚ ਘੱਟ ਵਿਦਿਅਕ ਯੋਗਤਾ ਬਾਈ ਦਾ ਕੁੱਝ ਅੜਿੱਕਾ ਬਣੀ, ਪਰ ਕੁਦਰਤ ਵੱਲੋਂ ਬਖਸ਼ਿਸ਼ ਚੇਤਨ ਬੁੱਧੀ ਅਤੇ ਲਗਨ ਨੇ ਉਹਨਾਂ ਦੀ ਸ਼ਖਸੀਅਤ ਵਿੱਚ ਹੋਰ ਨਿਖਾਰ ਲਿਆਂਦਾ, ਜਿਸ ਦਾ ਸਿੱਟਾ ਕਿ ਉਹ ਆਪਣੀ ਕਲਾਸ ਵਿੱਚ ਪਹਿਲੇ ਨੰਬਰ 'ਤੇ ਆਏ। ਉਹਨਾਂ ਨੂੰ ਪੜ੍ਹਾਈ ਦੇ ਸਰਟੀਫਿਕੇਟ ਤੋਂ ਇਲਾਵਾ ਗੋਲਡ ਮੈਡਲ ਦੇ ਕੇ ਨਿਵਾਜਿਆ ਗਿਆ। ਬੁਲਗਾਰੀਆ ਤੋਂ ਵਾਪਸ ਆ ਕੇ ਉਹਨਾਂ ਨੇ ਮੁਲਾਜ਼ਮਾਂ ਅਤੇ ਮਜ਼ਦੂਰਾਂ ਦੀ ਸੋਚ ਨੂੰ ਤਿੱਖਾ ਕਰਨ ਦੇ ਲਈ ਮਾਰਕਸਵਾਦ ਦੀ ਸਿੱਖਿਆ ਦੇਣ ਲਈ ਬਤੌਰ ਟੀਚਰ ਕੰਮ ਕਰਨਾ ਸ਼ੁਰੂ ਕੀਤਾ। ਬਾਈ ਨਛੱਤਰ ਨੇ ਬੱਸ ਸਟੈਂਡ ਮੋਗਾ ਉੱਪਰ ਜਥੇਬੰਦੀ ਵੱਲੋਂ ਕੁਝ ਜਗ੍ਹਾ ਖਰੀਦ ਕੇ ਸਾਥੀਆਂ ਨੂੰ ਮਿਲੇ ਓਵਰ ਟਾਈਮ ਅਤੇ ਬੋਨਸ ਵਿੱਚੋਂ ਕੁਝ ਦਸਵੰਧ ਕਢਵਾ ਕੇ ਸਤੀਸ਼ ਲੂੰਬਾ ਭਵਨ ਦੀ ਉਸਾਰੀ ਕੀਤੀ। ਉਸ ਵਿੱਚ ਬਕਾਇਦਾ ਬਲੈਕ ਬੋਰਡ ਬਣਾ ਕੇ ਕਲਾਸਾਂ ਲਗਾਉਣ ਦਾ ਕੰਮ ਸ਼ੁਰੂ ਕੀਤਾ। ਬਾਈ ਨਛੱਤਰ ਨਾ ਕੇਵਲ ਰੋਡਵੇਜ਼ ਦੇ ਆਗੂ ਹੀ ਸਨ, ਸਗੋਂ ਉਹ ਕਿਰਤੀਆਂ ਦੀ ਵੱਡੀ ਫੌਜ ਦੇ ਯੋਗ ਜਰਨੈਲ ਵੀ ਸਨ। ਬਾਈ ਨਛੱਤਰ ਰਾਜਨੀਤਕ, ਆਰਥਿਕਤਾ ਦੇ ਮਾਹਰ ਸਨ। ਅੱਜ ਪੈਦਾਵਾਰ ਦੇ ਖੇਤਰ ਵਿੱਚ ਜ਼ਿੰਦਾ ਕਿਰਤ ਦੇ ਮੁਕਾਬਲੇ ਮੁਰਦਾ ਕਿਰਤ (ਮਸ਼ੀਨਰੀ) ਦਾ ਰੋਲ ਏਨਾ ਜ਼ਿਆਦਾ ਵਧ ਗਿਆ ਹੈ ਕਿ ਕਿਰਤ ਦੀ ਧਿਰ ਦੋ ਹਿੱਸਿਆਂ ਵਿੱਚ ਵੰਡੀ ਗਈ ਹੈ। ਕੰਮ ਵਿੱਚ ਸ਼ਾਮਲ ਅਤੇ ਕੰਮ ਤੋਂ ਬਾਹਰ ਕੰਮ ਦੀ ਉਡੀਕ ਵਿੱਚ (ਬੇਰੁਜ਼ਗਾਰੀ) ਦਾ ਪਾੜਾ ਬਹੁਤ ਜ਼ਿਆਦਾ ਵਧ ਗਿਆ ਹੈ। ਅੱਜ ਏਨੀ ਵੱਡੀ ਗਿਣਤੀ ਦਾ ਬੇਰੁਜ਼ਗਾਰ ਹੋਣਾ ਕਿਰਤ ਵਿੱਚ ਸ਼ਾਮਲ ਕਿਰਤੀਆਂ ਦੀਆਂ ਉਜਰਤਾਂ ਵਿੱਚ ਵਾਧਾ ਹੋਣ ਵਿੱਚ ਰੁਕਾਵਟ ਬਣਿਆ ਰਹੇਗਾ। ਕਿਰਤੀਆਂ ਲਈ ਕਾਨੂੰਨ ਦੁਆਰਾ ਪਾਸ ਸਮਾਜਿਕ ਸੁਰੱਖਿਆਵਾਂ ਕਾਨੂੰਨ ਵਿੱਚ ਹੀ ਹੋਣਗੀਆਂ, ਪਰ ਅਮਲ ਵਿੱਚ ਨਹੀਂ। ਦੁਨੀਆ ਭਰ ਵਿੱਚ ਕਾਨੂੰਨ ਦੁਆਰਾ ਪਾਸ ਕੰਮ ਦਿਹਾੜੀ ਅੱਠ ਘੰਟੇ, ਪਰ ਅਮਲ ਵਿੱਚ ਪੂਰੀ ਦੁਨੀਆ ਵਿੱਚ ਮਜ਼ਦੂਰ ਜਮਾਤ 12 ਤੋਂ 15 ਘੰਟੇ ਕੰਮ ਕਰਨ ਲਈ ਮਜਬੂਰ ਹੈ। ਬਾਈ ਨਛੱਤਰ ਦੀ ਮਕਬੂਲੀਅਤ ਸਦਕਾ ਹਰ ਮਹਿਕਮੇ ਵਿੱਚ ਕੰਮ ਕਰਦੀਆਂ ਜਥੇਬੰਦੀਆਂ ਦੇ ਆਗੂ ਬਿਜਲੀ ਬੋਰਡ, ਟੀਚਰ, ਫੋਰਥ ਕਲਾਸ, ਹੈਲਥ, ਪ੍ਰਾਈਵੇਟ ਟਰਾਂਸਪੋਰਟ ਕਾਮਿਆ ਦੇ ਆਗੂ, ਮਜ਼ਦੂਰਾਂ, ਕਿਸਾਨਾਂ ਦੀਆਂ ਜਥੇਬੰਦੀਆਂ ਦੇ ਆਗੂ, ਨਰਸਾਂ, ਬੈਂਕਾਂ ਅਤੇ ਪੁਲਸ ਮੁਲਾਜ਼ਮਾਂ ਦੇ ਘੋਲ ਵਿੱਚ ਵੀ ਕਾਮਰੇਡ ਨੇ ਉਨ੍ਹਾਂ ਦੇ ਘੋਲ ਦੀ ਅਗਵਾਈ ਕੀਤੀ। ਪਿੰਡ, ਸੂਬੇ ਜਾਂ ਦੂਸਰੇ ਸੂਬਿਆਂ ਵਿੱਚ ਕੁਦਰਤੀ ਕਰੋਪੀਆਂ (ਹੜ੍ਹ, ਸੋਕਾ, ਭੁਚਾਲ) ਅਤੇ ਹਕੂਮਤੀ ਕਰੋਪੀ ਦੇ ਸ਼ਿਕਾਰ ਲੋਕਾਂ ਦੀ ਮਦਦ ਲਈ ਆਪਣੀ ਜਥੇਬੰਦੀ ਦੀ ਤਾਕਤ ਨਾਲ ਪੂਰੀ ਮਦਦ ਕਰਦੇ ਸਨ। ਉਨ੍ਹਾਂ ਨੂੰ ਪੜ੍ਹਨ ਦਾ ਬਹੁਤ ਸ਼ੌਕ ਸੀ। ਇਸ ਲਈ ਉਨ੍ਹਾਂ ਆਪਣੇ ਘਰ ਅੰਦਰ ਛੋਟੀ ਲਾਇਬਰੇਰੀ ਦੀ ਸਥਾਪਨਾ ਕੀਤੀ ਹੋਈ ਸੀ। ਰੋਡਵੇਜ਼ ਮੁਲਾਜ਼ਮਾਂ ਵੱਲੋਂ ਕੱਢੇ ਜਾ ਰਹੇ ਪਰਚੇ (ਮੁਲਾਜ਼ਮ ਏਕਤਾ) ਦੇ ਵੀ ਉਹ ਸੰਪਾਦਕ ਸਨ। ਨਵਾਂ ਜ਼ਮਾਨਾ ਅਖਬਾਰ ਵਿੱਚ ਵੀ ਉਨ੍ਹਾਂ ਦੇ ਆਰਟੀਕਲ ਲਗਾਤਾਰ ਛਪਦੇ ਰਹਿੰਦੇ ਸਨ ਅਤੇ ਨਵਾਂ ਜ਼ਮਾਨਾ ਦੇ ਲਈ ਆਰਥਿਕ ਮਦਦ ਵੀ ਸਾਥੀਆਂ ਦੇ ਸਹਿਯੋਗ ਨਾਲ ਕਰਦੇ ਰਹਿੰਦੇ ਸਨ। 1978 ਤੋਂ ਬਾਅਦ ਪੰਜਾਬ ਅੰਦਰ ਵੱਖਵਾਦੀ ਆਵਾਜ਼ਾਂ ਉਠਣੀਆਂ ਸ਼ੁਰੂ ਹੋ ਗਈਆਂ ਸਨ, ਤਾਂ ਸਾਥੀ ਧਾਲੀਵਾਲ ਨੇ ਇਸ ਦਾ ਜੱਥੇਬੰਦੀਆਂ, ਸੂਬਾ ਅਤੇ ਦੇਸ਼ ਪੱਧਰ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ। ਪੰਜਾਬ ਵਿੱਚ ਜਦੋਂ ਕਿਰਤੀਆਂ ਨੂੰ ਹਿੰਦੂ-ਸਿੱਖ ਵਿੱਚ ਪਾੜਨ ਦੀ ਵਿਉਂਤ ਉੱਪਰ ਸਰਗਰਮੀਆਂ ਸ਼ੁਰੂ ਹੋਈਆਂ, ਤਾਂ ਟਰੇਡ ਯੂਨੀਅਨ ਨੇ ਭਾਈਚਾਰਾ ਅਤੇ ਏਕਤਾ ਨੂੰ ਬਣਾਈ ਰੱਖਣ ਲਈ ਅਮਨ ਮਾਰਚ ਆਰੰਭ ਕੀਤੇ। ਨਾਂਹ-ਪੱਖੀ ਸ਼ਕਤੀਆਂ ਆਪਣੇ ਮਨਸੂਬੇ ਲਈ ਵੱਖਵਾਦੀ ਮੁਹਿੰਮ ਚਲਾ ਰਹੀਆਂ ਸਨ। ਉਨਾਂ ਦੀ ਟੇਕ ਦਹਿਸ਼ਤਗਰਦੀ ਉੱਪਰ ਸੀ। ਉਨ੍ਹਾਂ ਨੂੰ ਅਮਨ ਮਾਰਚ ਦਾ ਨਾਹਰਾ ਨਾ ਹਿੰਦੂ ਰਾਜ, ਨਾ-ਖਾਲਿਸਤਾਨ ਜੁਗ ਜੁਗ ਜੀਵੇ ਹਿੰਦੁਸਤਾਨ ਬਹੁਤ ਚੁਭਦਾ ਸੀ। ਬਾਈ ਨਛੱਤਰ ਦੀਆਂ ਸਰਗਰਮੀਆਂ ਨਾ ਪੱਖੀ ਤਾਕਤਾਂ ਨੂੰ ਅੜਿੱਕਾ ਲਾਉਂਦੀਆਂ ਸਨ। ਇਸ ਲਈ ਉਨ੍ਹਾਂ ਨੂੰ 21 ਅਕਤੂਬਰ 1988 ਨੂੰ ਘਾਤ ਲਾ ਕੇ ਉਨ੍ਹਾਂ ਦੇ ਸਿਰ ਵਿੱਚ ਦੋ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ। ਇਹ ਉਨ੍ਹਾਂ ਦੀ ਸੋਚ ਉੱਪਰ ਹਮਲੇ ਦੀ ਟਰੇਨਿੰਗ ਦਾ ਨਿਸ਼ਾਨਾ ਸੀ। ਅਕਲ ਦੇ ਅੰਨ੍ਹੇ ਨਿਸ਼ਾਨਚੀ ਨਹੀਂ ਜਾਣਦੇ ਸਨ ਕਿ ਸੋਚ ਸਰੀਰਾਂ 'ਤੇ ਵਾਰ ਕਰਨ ਨਾਲ ਨਹੀਂ ਮਰਦੀ। ਅੱਜ ਜਦੋਂ ਅਸੀਂ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ 37ਵੀਂ ਬਰਸੀ ਮੋਗਾ ਦੇ ਬੱਸ ਸਟੈਂਡ ਉੱਪਰ ਦੀਵਾਲੀ ਦੇ ਉਤਸਵ ਨੂੰ ਮੁੱਖ ਰੱਖ ਕੇ 17 ਅਕਤੂਬਰ ਨੂੰ ਮਨਾ ਰਹੇ ਹਾਂ ਤਾਂ ਉਸ ਸਮੇਂ ਦੇਸ਼ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ 350ਵੇਂ ਸ਼ਹੀਦੀ ਪੁਰਬ ਮਨਾਉਣ ਵਿੱਚ ਰੁੱਝਾ ਹੋਇਆ ਹੈ। ਜਿਨ੍ਹਾਂ ਨੇ ਉਸ ਸਮੇਂ ਦੀ ਹਕੂਮਤ ਦੇ ਖਿਲਾਫ ਹਿੰਦੂਆਂ ਉੱਪਰ ਕੀਤੇ ਜਾ ਰਹੇ ਜ਼ੁਲਮਾਂ ਦੇ ਖਿਲਾਫ ਆਪਣੀ ਕੁਰਬਾਨੀ ਦਿੱਤੀ। ਅੱਜ ਦੇਸ਼ ਭਰ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਸੌਵੀਂ ਵਰ੍ਹੇਗੰਢ ਮਨਾਉਣ ਦੀਆਂ ਵੀ ਤਿਆਰੀਆਂ ਚੱਲ ਰਹੀਆਂ ਹਨ। ਅੱਜ ਦੇਸ਼ ਅੰਦਰ ਹਿੰਦੁਸਤਾਨ ਦੀ ਸਰਕਾਰ ਆਰ.ਐੱਸ.ਐੱਸ ਦੇ ਵੀ ਸੌ ਸਾਲ ਪੂਰਾ ਹੋਣ ਦੇ ਜਸ਼ਨ ਅਤੇ ਕੁਰਬਾਨੀਆਂ ਭਰੇ ਇਤਿਹਾਸ ਦੇ ਸੋਲ੍ਹੇ ਗਾਏ ਜਾ ਰਹੇ ਹਨ। ਇਸ ਦੇ ਨਾਲ ਸਾਡੀ ਜਥੇਬੰਦੀ ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਅਨ ਏਟਕ ਜੋ 1951 ਵਿੱਚ ਰਜਿਸਟਰਡ ਹੋਈ। ਉਸ ਦੇ ਵੀ 75 ਸਾਲ ਪੂਰੇ ਹੋ ਰਹੇ ਹਨ। ਦੇਸ਼ ਭਰ ਦੇ ਲੋਕਾਂ ਨੂੰ ਇਹ ਨਿਰਣਾ ਕਰਨਾ ਪਵੇਗਾ ਕਿ ਪਿਛਲੇ ਸੌ ਸਾਲਾਂ ਵਿੱਚ ਕਿਹੜੀ ਪਾਰਟੀ, ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਲਈ ਪਹਿਰਾ ਦਿੱਤਾ। ਆਜ਼ਾਦੀ ਲਈ ਕੁਰਬਾਨੀਆਂ ਕੀਤੀਆਂ, ਕਾਲੇ ਪਾਣੀਆਂ ਦੀਆਂ ਜੇਲ੍ਹਾਂ ਵਿੱਚੋਂ ਸਜ਼ਾਵਾਂ ਕੱਟ ਕੇ ਲੋਕਾਂ ਨੂੰ ਆਜ਼ਾਦੀ ਦੀ ਪ੍ਰਾਪਤੀ ਕਰਕੇ ਦਿੱਤੀ ਅਤੇ ਉਹ ਕਿਹੜੇ ਲੋਕ ਸਨ? ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਲੜੇ ਜਾ ਰਹੇ ਘੋਲਾਂ ਨੂੰ ਰਾਜਨੀਤਕ ਘੋਲ ਕਹਿ ਕੇ ਪਾਸਾ ਵੱਟਿਆ ਅਤੇ 50 ਸਾਲਾਂ ਤੱਕ ਦੇਸ਼ ਦੇ ਝੰਡੇ ਨੂੰ ਲਹਿਰਾਉਣ ਤੂੰ ਵੀ ਸੰਕੋਚ ਕਰਦੇ ਰਹੇ।



ਪੰਜਾਬ ਰੋਡਵੇਜ਼ ਦੇ ਸਾਥੀਆਂ ਲਈ ਵੀ ਸੋਚਣਾ ਬਣਦਾ ਹੈ ਕਿ ਕਿਹੜੀ ਜਥੇਬੰਦੀ ਮਹਿਕਮੇ ਦੀ ਬੜੌਤਰੀ ਅਤੇ ਮੁਲਾਜ਼ਮਾਂ ਦੇ ਹਿੱਤਾਂ ਦੀ ਰੱਖਿਆ ਲਈ ਇਮਾਨਦਾਰੀ ਨਾਲ ਸੰਘਰਸ਼ ਕਰਕੇ 13 ਬੱਸਾਂ ਤੋਂ 2407 ਬੱਸਾਂ ਅਤੇ ਆਰਥਿਕ ਮੰਗਾਂ ਤੋਂ ਇਲਾਵਾ ਮੁਲਾਜ਼ਮਾਂ ਦੇ ਹਿੱਤ ਦੇ ਫੈਸਲੇ ਕਰਵਾਉਣ ਵਿੱਚ ਵੀ ਆਗੂ ਰੋਲ ਅਦਾ ਕਰਦੀ ਰਹੀ। ਅੱਜ ਜਦੋਂ ਅਸੀਂ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ 37ਵੀਂ ਬਰਸੀ ਮਨਾਉਣ ਜਾ ਰਹੇ ਹਾਂ ਤਾਂ ਧਾਲੀਵਾਲ ਦੀ ਵਾਰਸ ਟੀਮ ਨੂੰ ਇਸ ਗੱਲ ਦਾ ਸਿਹਰਾ ਜਾਂਦਾ ਹੈ ਕਿ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ ਯਾਦ ਵਿੱਚ ਉਸਰਿਆ ਧਾਲੀਵਾਲ ਭਵਨ, ਜੋ ਮੁਲਾਜ਼ਮਾਂ, ਮਜ਼ਦੂਰਾਂ, ਕਿਸਾਨਾਂ, ਪੈਨਸ਼ਨਰਾਂ ਅਤੇ ਸਮੁੱਚੀ ਕਿਰਤੀ ਜਮਾਤ ਦਾ ਰਾਹ-ਦਸੇਰਾ ਬਣਿਆ ਹੋਇਆ ਹੈ। ਇਹ ਲੋਕ ਨਾ ਸਿਰਫ ਇੱਥੇ ਮੀਟਿੰਗਾਂ ਹੀ ਨਹੀਂ ਕਰਦੇ, ਸਗੋਂ ਕਾਮਰੇਡ ਜਗਰੂਪ ਦੀ ਅਗਵਾਈ ਹੇਠ ਸਿਧਾਂਤਕ ਸਕੂਲ ਰਾਹੀਂ ਉੱਚ ਸਿੱਖਿਆ ਹਾਸਲ ਵੀ ਕਰਦੇ ਹਨ। 21 ਅਕਤੂਬਰ ਨੂੰ ਹਰ ਸਾਲ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਦੀ ਬਰਸੀ ਸਮਾਗਮ ਵਿੱਚ ਸ਼ਾਨਦਾਰ ਇਕੱਠ ਅਤੇ ਵਧੀਆ ਪ੍ਰਬੰਧ ਜਥੇਬੰਦੀ ਲਈ ਮਾਣ ਵਾਲੀ ਗੱਲ ਹੈ। ਇਸ ਸਾਰੇ ਸਮਾਗਮ ਵਿੱਚ ਭਰਾਤਰੀ ਜਥੇਬੰਦੀਆਂ ਵੱਲੋਂ ਵੀ ਸ਼ਲਾਘਾਯੋਗ ਰੋਲ ਨਿਭਾਇਆ ਜਾਂਦਾ ਹੈ। ਸਭ ਤੋਂ ਵੱਧ ਸਿਹਰਾ ਧਾਲੀਵਾਲ ਦੇ ਨਾਲ ਕੰਮ ਕਰਦੇ ਉਹਨਾਂ ਦੇ ਸੰਗੀ ਸਾਥੀਆਂ ਨੂੰ ਹੈ, ਜੋ ਹਰ ਬਰਸੀ ਸਮਾਗਮ ਵਿੱਚ ਵਿਦੇਸ਼ਾਂ ਵਿੱਚ ਰਹਿੰਦੇ ਹੋਏ ਵੀ ਕਾਮਰੇਡ ਗੁਰਦੀਪ ਸਿੰਘ ਮੋਤੀ ਰਾਹੀਂ ਆਰਥਿਕ ਮਦਦ ਵੀ ਭੇਜਦੇ ਹਨ ਅਤੇ ਲੱਖਾਂ ਰੁਪਏ ਮਹਿੰਗੀਆਂ ਟਿਕਟਾਂ ਲੈ ਕੇ ਬਰਸੀ ਸਮਾਗਮ ਉੱਪਰ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਉਂਦੇ ਹਨ।

*'ਸ਼ਹੀਦੋਂ ਕੀ ਯਾਦ ਪਰ ਲਗਤੇ ਹੈ ਹਰ ਬਰਸ ਮੇਲੇ,*
*ਕੌਮ ਪਰ ਮਰ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ।'*

**# ਸੰਪਰਕ : 99149-00 856**

# ਜਦੋਂ ਸਕਰੀਨ ਦੇ ਪਾਰ ਬੈਠਾ ਠੱਗ ਬਣਦਾ ਹੈ ਅ.ਫਸਰ



ਜਗਤਾਰ ਲਾਡੀ

ਅੱਜ ਦਾ ਯੁੱਗ ਡਿਜੀਟਲ ਯੁੱਗ ਹੈ। ਹਰ ਵਿਅਕਤੀ ਦੇ ਹੱਥ ਵਿੱਚ ਸਮਾਰਟ ਫੋਨ ਹੈ, ਇੰਟਰਨੈੱਟ ਸਾਡੀ ਜ਼ਿੰਦਗੀ ਦਾ ਹਿੱਸਾ ਬਣ ਗਿਆ ਹੈ, ਜਿਸ ਨੂੰ ਦੇਖੋ ਹੱਥ ਵਿੱਚ ਮੋਬਾਇਲ ਫੜ ਰੁਝਿਆ ਦਿਖਾਈ ਦਿੰਦਾ ਹੈ, ਪਰ ਹੁਣ ਇਹ ਮਨੋਰੰਜਨ ਦਾ ਸਾਧਨ ਜਾਂ ਗੱਲਬਾਤ ਤੱਕ ਸੀਮਤ ਨਹੀਂ ਰਿਹਾ।ਅਸੀਂ ਹੋਰ ਕਈ ਕਾਰਜਾਂ ਕਰਕੇ ਵੀ ਇਸ 'ਤੇ ਨਿਰਭਰ ਹੋ ਗਏ ਹਾਂ।ਅਸੀਂ ਬੈਂਕਿੰਗ, ਖਰੀਦਦਾਰੀ, ਨੌਕਰੀਆਂ, ਸਿੱਖਿਆ ਅਤੇ ਸਰਕਾਰੀ ਸੇਵਾਵਾਂ ਵੀ ਆਨਲਾਈਨ ਹੀ ਕਰਦੇ ਹਾਂ। ਕਈ ਵਾਰ ਇਹ ਲੱਗਦਾ ਹੈ ਕਿ ਇਸ ਬਿਨਾਂ ਜੀਵਨ ਸੰਭਵ ਨਹੀਂ ਰਿਹਾ।

ਜਿਸ ਤਰ੍ਹਾਂ ਡਿਜੀਟਲ ਦੁਨੀਆ ਨੇ ਸਾਨੂੰ ਸੁਵਿਧਾਵਾਂ ਦਿੱਤੀਆਂ ਹਨ, ਉਸੇ ਤਰ੍ਹਾਂ ਇਸ ਨੇ ਨਵੇਂ ਖ਼ਤਰੇ ਵੀ ਪੈਦਾ ਕੀਤੇ ਹਨ। ਬੱਚਿਆਂ ਨੂੰ ਮਾਨਸਿਕ ਰੋਗੀ ਬਣਾ ਦਿੱਤਾ ਹੈ। ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਹੋਣ ਲੱਗੀਆਂ ਹਨ।ਇਸ ਨਾਲ ਚਿੰਤਾ, ਹਾਈਪਰਟੈਨਸ਼ਨ, ਡਿਪਰੈਸ਼ਨ ਆਦਿ ਬੀਮਾਰੀਆਂ ਸਾਹਮਣੇ ਆ ਰਹੀਆਂ ਹਨ,ਪਰ ਇਹਨਾਂ ਵਿੱਚੋਂ ਇੱਕ ਸਭ ਤੋਂ ਖ਼ਤਰਨਾਕ ਖ਼ਤਰਾ ਹੈ — ਡਿਜੀਟਲ ਗ੍ਰਿਫਤਾਰੀ ਘੁਟਾਲਾ (Digital Arrest Scam)।

ਇਹ ਇੱਕ ਨਵਾਂ ਤਰੀਕਾ ਹੈ, ਜਿਸ ਵਿੱਚ ਸਕਰੀਨ ਦੇ ਪਾਰ ਬੈਠਾ ਠੱਗ ਬਣਦਾ ਹੈ ਅਫ਼ਸਰ। ਇਸ ਰਾਹੀਂ ਸਾਈਬਰ ਅਪਰਾਧੀ ਲੋਕਾਂ ਨੂੰ ਡਰਾ ਕੇ, ਝੂਠੀ ਸਰਕਾਰੀ ਪਛਾਣ ਦਿਖਾ ਕੇ, ਉਨ੍ਹਾਂ ਤੋਂ ਪੈਸੇ ਠੱਗਦੇ ਹਨ। ਪਿਛਲੇ ਕੁਝ ਸਾਲਾਂ ਵਿੱਚ ਇਹ ਘੁਟਾਲੇ ਭਾਰਤ ਸਮੇਤ ਸਾਰੀ ਦੁਨੀਆ ਵਿੱਚ ਤੇਜ਼ੀ ਨਾਲ ਵਧ ਰਹੇ ਹਨ।

ਡਿਜੀਟਲ ਗ੍ਰਿਫਤਾਰੀ ਘੁਟਾਲਾ ਕੀ ਹੈ? ਜੇਕਰ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਡਿਜੀਟਲ ਗ੍ਰਿਫਤਾਰੀ ਘੁਟਾਲੇ ਵਿੱਚ ਸਾਈਬਰ ਅਪਰਾਧੀ ਆਪਣੇ ਆਪ ਨੂੰ ਪੁਲਸ ਅਫਸਰ, ਕਸਟਮ ਅਧਿਕਾਰੀ, ਇਨਕਮ ਟੈਕਸ ਅਧਿਕਾਰੀ ਜਾਂ ਹੋਰ ਸਰਕਾਰੀ ਏਜੰਸੀ ਦਾ ਮੈਂਬਰ ਬਣਾ ਕੇ ਪੇਸ਼ ਕਰਦੇ ਹਨ। ਉਹ ਪੀੜਤ ਨੂੰ ਕਾਲ ਕਰਦੇ ਹਨ ਜਾਂ ਵੀਡੀਓ ਕਾਲ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਸ ਨੇ ਕੋਈ ਗੰਭੀਰ ਅਪਰਾਧ ਕੀਤਾ ਹੈ, ਜਿਵੇਂ ਕਿ ਮਨੀ ਲਾਂਡਰਿੰਗ, ਨਸ਼ਿਆਂ ਦੀ ਤਸਕਰੀ, ਸਾਈਬਰ ਕ੍ਰਾਈਮ ਜਾਂ ਕਿਸੇ ਗੈਰ-ਕਾਨੂੰਨੀ ਪੈਸੇ ਦਾ ਲੈਣ-ਦੇਣ।ਇਸ ਤਰ੍ਹਾਂ ਕਿਸੇ ਨਾ ਕਿਸੇ ਕੇਸ ਵਿੱਚ ਉਹ ਆਦਮੀ ਨੂੰ ਉਲਝਾਉਣ ਦੀ ਕੋਸ਼ਿਸ਼ ਕਰਦੇ ਹਨ ਜਾਂ ਉਲਝਾ ਲੈਂਦੇ ਹਨ।

ਫਿਰ ਉਹ ਕਹਿੰਦੇ ਹਨ ਕਿ ਤੁਹਾਡੇ ਖ਼ਿਲਾਫ਼ ਐਫ ਆਈ ਆਰ ਦਰਜ ਹੈ ਜਾਂ 'ਤੁਹਾਡਾ ਖਾਤਾ ਜ਼ਬਤ ਕੀਤਾ ਜਾ ਰਿਹਾ ਹੈ, ਜਾਂ ਤੁਹਾਨੂੰ ਅੱਜ ਹੀ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਉਹ ਵਿਅਕਤੀ ਨੂੰ ਡਰਾਉਂਦੇ ਹਨ। ਡਰ ਕਰਕੇ ਪੀੜਤ ਵਿਅਕਤੀ ਅਕਸਰ ਬਿਨਾਂ ਸੋਚੇ-ਸਮਝੇ ਉਹਨਾਂ ਦੀਆਂ ਮੰਗਾਂ ਮੰਨ ਲੈਂਦਾ ਹੈ, ਜਿਵੇਂ ਪੈਸੇ ਭੇਜਣ ਜਾਂ ਆਪਣੇ ਬੈਂਕ ਖਾਤੇ ਦੇ ਵੇਰਵੇ ਸਾਂਝੇ ਕਰ ਦਿੰਦਾ ਹੈ।ਇਥੇ ਹੀ ਸਭ ਕੁਝ ਵਾਪਰ ਜਾਂਦਾ ਹੈ। ਜੇਕਰ ਇਹ ਜਾਣੀਏ ਕਿ ਇਹ ਘੁਟਾਲਾ ਕਿਵੇਂ ਹੁੰਦਾ ਹੈ? ਝੂਠੀ ਕਾਲ ਜਾਂ ਮੈਸੇਜ ਮਿਲਣਾ ਇਸ ਦਾ ਸ਼ੁਰੂਆਤੀ ਦੌਰ ਹੈ।

ਘੁਟਾਲੇਬਾਜ਼ ਪਹਿਲਾਂ ਕਿਸੇ ਵਿਅਕਤੀ ਨੂੰ ਫੋਨ ਕਰਦਾ ਹੈ ਜਾਂ ਵਟਸਐਪ 'ਤੇ ਮੈਸੇਜ ਭੇਜਦਾ ਹੈ। ਉਹ ਕਹਿੰਦਾ ਹੈ ਕਿ ਉਹ ਪੁਲਸ ਵਿਭਾਗ ਜਾਂ ਕਸਟਮ ਦਫ਼ਤਰ ਤੋਂ ਬੋਲ ਰਿਹਾ ਹੈ।ਫਿਰ ਉਹ ਝੂਠੇ ਦਸਤਾਵੇਜ਼ ਦਿਖਾਉਣਾ ਸ਼ੁਰੂ ਕਰਦਾ ਹੈ। ਉਹ ਜਾਅਲੀ ਆਈਡੀ ਕਾਰਡ, FIR ਕਾਪੀ, ਪੁਲਸ ਯੂਨੀਫਾਰਮ ਜਾਂ ਅਸਲੀ ਵਰਗਾ ਦਫ਼ਤਰੀ ਬੈਕਗ੍ਰਾਊਂਡ ਵੀ ਦਿਖਾਉਂਦਾ ਹੈ ਤਾਂ ਜੋ ਵਿਅਕਤੀ ਨੂੰ ਵਿਸ਼ਵਾਸ ਹੋ ਜਾਵੇ। ਪੂਰਾ ਸੈਟਅਪ ਤਿਆਰ ਕੀਤਾ ਜਾਂਦਾ ਹੈ। ਵੇਖਣ ਨੂੰ ਸਭ ਕੁਝ ਅਸਲੀ ਲੱਗਦਾ ਹੈ ਆਮ ਆਦਮੀ ਫਸ ਜਾਂਦਾ ਹੈ।

ਅੱਜ ਹਰ ਕੰਮ ਮੋਬਾਈਲ 'ਤੇ ਹੈ, ਜਿਵੇਂ ਬੈਂਕਿੰਗ, ਬਿੱਲ ਭੁਗਤਾਨ, ਸਰਕਾਰੀ ਸੇਵਾਵਾਂ ਆਦਿ। ਇਸ ਨਾਲ ਲੋਕ ਆਨਲਾਈਨ ਸੰਪਰਕਾਂ 'ਤੇ ਵਿਸ਼ਵਾਸ ਕਰਨ ਲੱਗ ਪਏ ਹਨ। ਇਸ ਤਰ੍ਹਾਂ ਦੀ ਨਿਰਭਰਤਾ ਐਨੀ ਵਧ ਗਈ ਹੈ ਕਿ ਅਸੀਂ ਇਸ ਦੇ ਗੁਲਾਮ ਹੋ ਗਏ ਹਾਂ। ਅਸੀਂ ਬਗੈਰ ਪੂਰੀ ਜਾਣਕਾਰੀ ਦੇ ਇਸ ਦੀ ਬੇਹਿਸਾਬ ਵਰਤੋਂ ਕਰ ਰਹੇ ਹਾਂ। ਆਖਿਰ ਕਿਸੇ ਨਾ ਕਿਸੇ ਦੇ ਅੜਿੱਕੇ ਅਸੀਂ ਚੜ੍ਹ ਹੀ ਜਾਂਦੇ ਹਾਂ।

ਜਾਗਰੂਕਤਾ ਦੀ ਘਾਟ ਬਹੁਤ ਵੱਡਾ ਕਾਰਨ ਬਣਦੀ ਹੈ।ਕਈ ਲੋਕਾਂ ਨੂੰ ਨਹੀਂ ਪਤਾ ਕਿ ਪੁਲਸ ਜਾਂ ਸਰਕਾਰ ਵੀਡੀਓ ਕਾਲ ਰਾਹੀਂ ਗ੍ਰਿਫਤਾਰੀ ਨਹੀਂ ਕਰ ਸਕਦੀ।

ਡਰ ਅਤੇ ਸ਼ਰਮ ਦਾ ਫਾਇਦਾ ਦਾ ਉਠਾਇਆ ਜਾਂਦਾ ਹੈ।ਘੁਟਾਲੇਬਾਜ਼ ਡਰਾਉਂਦੇ ਹਨ ਕਿ ਜੇਕਰ ਤੁਸੀਂ ਨਹੀਂ ਮੰਨੋਗੇ ਤਾਂ ਤੁਹਾਡੀ ਬਦਨਾਮੀ ਹੋਵੇਗੀ। ਇਸ ਕਰਕੇ ਲੋਕ ਸ਼ਿਕਾਇਤ ਨਹੀਂ ਕਰਦੇ।

ਤੇਜ਼ੀ ਨਾਲ ਤਕਨਾਲੋਜੀ ਦੀ ਵਰਤੋਂ ਹੋ ਰਹੀ ਹੈ।ਏ ਆਈ ਦੀ ਵਰਤੋਂ ਬਹੁਤ ਵਧ ਗਈ ਹੈ।ਉਹ deep-fake ਵੀਡੀਓ, ਜਾਅਲੀ ਈਮੇਲ ਅਤੇ ਹਾਈ-ਟੈਕ ਟੂਲ ਵਰਤਦੇ ਹਨ, ਜਿਸ ਨਾਲ ਉਹ ਸੱਚੇ ਲੱਗਦੇ ਹਨ। ਆਮ ਆਦਮੀ ਨੂੰ ਇਸੇ ਚੱਕਰ ਵਿੱਚ ਲਪੇਟ ਲਿਆ ਜਾਂਦਾ ਹੈ।

ਵਿੱਤੀ ਸਾਈਬਰ ਧੋਖਾਧੜੀ ਰਿਪੋਰਟਿੰਗ ਸਿਸਟਮ, ਜੋ 2021 ਵਿੱਚ ਸ਼ੁਰੂ ਕੀਤਾ ਗਿਆ ਸੀ, ਉਸ ਨੇ ਹੁਣ ਤੱਕ 9.94 ਲੱਖ ਸ਼ਿਕਾਇਤਾਂ ਵਿੱਚੋਂ 3431 ਕਰੋੜ ਦੀ ਬਚਤ ਸਫ਼ਲਤਾਪੂਰਵਕ ਕੀਤੀ ਹੈ।

ਰਾਸ਼ਟਰੀ ਹੈਲਪਲਾਈਨ ਨੰਬਰ 1930 'ਤੇ ਰੋਜ਼ਾਨਾ ਔਸਤ 1600 ਤੋਂ 1800 ਕਾਲਾਂ ਪ੍ਰਾਪਤ ਹੁੰਦੀਆਂ ਹਨ।

2022 ਤੋਂ 2025 ਤੱਕ ਸਾਈਬਰ ਅਪਰਾਧ ਸ਼ਿਕਾਇਤਾਂ ਦੀ ਗਿਣਤੀ ਹਰ ਸਾਲ ਵਧੀ ਹੈ, ਜੋ ਇਹ ਦਰਸਾਉਂਦੀ ਹੈ ਕਿ ਘੁਟਾਲੇਬਾਜ਼ ਹੋਰ ਚਲਾਕ ਹੋ ਰਹੇ ਹਨ। ਉਹ ਨਿੱਤ ਨਵੇਂ ਤਰੀਕੇ ਅਪਣਾ ਰਹੇ ਹਨ।

ਡਿਜੀਟਲ ਗ੍ਰਿਫਤਾਰੀ ਦੇ ਮਨੋਵਿਗਿਆਨਕ ਪ੍ਰਭਾਵ ਬਹੁਤ ਮਾੜੇ ਹੁੰਦੇ ਹਨ।ਇਹ ਘੁਟਾਲੇ ਸਿਰਫ਼ ਪੈਸੇ ਦੀ ਚੋਰੀ ਨਹੀਂ ਹੁੰਦੇ।ਇਨ੍ਹਾਂ ਨਾਲ ਪੀੜਤ ਵਿਅਕਤੀ ਦੇ ਮਨ 'ਤੇ ਡੂੰਘਾ ਅਸਰ ਪੈਂਦਾ ਹੈ:

ਡਰ, ਚਿੰਤਾ ਅਤੇ ਨੀਂਦ ਦੀ ਸਮੱਸਿਆ ਅਤੇ ਬੰਦਾ ਹੋਰ ਲੋਕਾਂ ਨਾਲ ਗੱਲਬਾਤ ਤੋਂ ਡਰਨਾ ਸ਼ੁਰੂ ਕਰ ਦਿੰਦਾ ਹੈ।ਉਸ ਦਾ ਵਿਸ਼ਵਾਸ ਘਟਣਾ ਸ਼ੁਰੂ ਹੋ ਜਾਂਦਾ ਹੈ। ਕਈ ਮਾਮਲਿਆਂ ਵਿੱਚ ਮਨੋਵਿਗਿਆਨਕ ਸਦਮਾ ਜਾਂ ਡਿਪ੍ਰੈਸ਼ਨ ਤੱਕ ਵੀ ਮਸਲੇ ਚਲੇ ਜਾਂਦੇ ਹਨ।

ਜੇਕਰ ਕਾਨੂੰਨੀ ਪੱਖ ਨੂੰ ਵਾਚੀਏ ਤਾਂ ਭਾਰਤ ਦੇ ਕਾਨੂੰਨ ਅਨੁਸਾਰ ਡਿਜੀਟਲ ਗ੍ਰਿਫਤਾਰੀ ਦਾ ਕੋਈ ਪ੍ਰਬੰਧ ਨਹੀਂ।ਕੋਈ ਵੀ ਪੁਲਿਸ ਅਧਿਕਾਰੀ ਜਾਂ ਸਰਕਾਰੀ ਵਿਭਾਗ ਵੀਡੀਓ ਕਾਲ ਰਾਹੀਂ ਗ੍ਰਿਫਤਾਰੀ ਨਹੀਂ ਕਰ ਸਕਦਾ ਅਤੇ ਨਾ ਹੀ ਕਿਸੇ ਨੂੰ ਤੁਰੰਤ ਪੈਸਾ ਭਰਨ ਦਾ ਆਦੇਸ਼ ਦੇ ਸਕਦਾ ਹੈ।ਜੇਕਰ ਕਿਸੇ ਨੂੰ ਐਸੀ ਕਾਲ ਆਵੇ, ਤਾਂ ਉਸ ਨੂੰ ਤੁਰੰਤ ਕਾਲ ਬੰਦ ਕਰ ਦੇਣੀ ਚਾਹੀਦੀ ਹੈ ਅਤੇ ਸਰਕਾਰੀ ਹੈਲਪਲਾਈਨ 1930 'ਤੇ ਜਾਂwww.cyber-crime.gov.in 'ਤੇ ਸ਼ਿਕਾਇਤ ਦਰਜ ਕਰਵਾਉਣੀ ਚਾਹੀਦੀ ਹੈ।ਭਾਰਤ ਸਰਕਾਰ ਦੇ ਯਤਨ ਜੋ ਕੀਤੇ ਜਾ ਰਹੇ ਹਨ, ਭਾਰਤ ਸਰਕਾਰ ਨੇ ਸਾਈਬਰ ਅਪਰਾਧਾਂ ਨਾਲ ਨਜਿੱਠਣ ਲਈ ਕਈ ਕਦਮ ਚੁੱਕੇ ਹਨ:

ਨੈਸ਼ਨਲ ਸਾਈਬਰ ਕ੍ਰਾਈਮ ਪੋਰਟਲ (www.cybercrime.gov.in) ਇੱਥੇ ਕੋਈ ਵੀ ਵਿਅਕਤੀ ਆਨਲਾਈਨ ਸ਼ਿਕਾਇਤ ਕਰ ਸਕਦਾ ਹੈ।ਇਸ ਤੋਂ ਬਿਨਾਂ ਹੈਲਪਲਾਈਨ ਨੰਬਰ 1930 ਤੁਰੰਤ ਵਿੱਤੀ ਧੋਖਾਧੜੀ ਦੀ ਸੂਚਨਾ ਦੇਣ ਲਈ ਇਹ ਨੰਬਰ ਚੌਵੀ ਘੰਟੇ ਚੱਲਦਾ ਹੈ।

ਜਾਗਰੂਕਤਾ ਮੁਹਿੰਮਾਂ ਵੀ ਮੈਟਰੋ ਸਟੇਸ਼ਨਾਂ, ਹਵਾਈ ਅੱਡਿਆਂ, ਸਕੂਲਾਂ ਅਤੇ ਸੋਸ਼ਲ ਮੀਡੀਆ 'ਤੇ ਸਰਕਾਰ ਵੱਲੋਂ ਸੂਚਨਾ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ, ਜਿਵੇਂ ਸਾਈਬਰ ਦੋਸਤ, ਡਿਜੀਟਲ ਸੁਰੱਖਿਆ ਸਾਥੀ ਅਤੇ ਸਾਇਬਰ ਸੁਰੱਖਿਆ ਅਭਿਆਨ।

ਬੈਂਕਾਂ ਅਤੇ ਟੈਲੀਕਾਮ ਕੰਪਨੀਆਂ ਨਾਲ ਵੀ ਸਹਿਯੋਗ ਮੁਹਿੰਮ ਚੱਲਦੀ ਹੈ ਕਿ ਕਿਸੇ ਨੂੰ ਓ ਟੀ ਪੀ ਨਾ ਦਿਓ, ਸ਼ੱਕੀ ਕਾਲ ਜਾਂ ਲਿੰਕ ਨੂੰ ਅਟੈਂਡ ਨਾ ਕਰੋ। ਸਰਕਾਰ ਦੁਆਰਾ ਸ਼ੱਕੀ ਨੰਬਰਾਂ ਅਤੇ ਖਾਤਿਆਂ ਨੂੰ ਤੁਰੰਤ ਬੰਦ ਕਰਨ ਦੀ ਪ੍ਰਕਿਰਿਆ ਚਲਾਈ ਜਾ ਰਹੀ ਹੈ, ਪਰ ਕੋਸ਼ਿਸ਼ਾਂ ਫਿਰ ਵੀ ਘੱਟ ਪੈ ਰਹੀਆਂ ਹਨ। ਚਲਾਕ ਲੋਕ ਫਿਰ ਵੀ ਨਵੇਂ ਨਵੇਂ ਢੰਗ ਅਪਣਾ ਰਹੇ ਹਨ। ਹੁਣ ਮੋਟਾ ਜਿਹਾ ਸੁਆਲ ਇਹ ਹੈ ਕਿ ਆਪਣੇ ਆਪ ਨੂੰ ਕਿਵੇਂ ਬਚਾਇਆ ਜਾਵੇ? ਕਦੇ ਵੀ ਆਪਣੀ ਵਿਅਕਤੀਗਤ ਜਾਣਕਾਰੀ ਨਾ ਦਿਓ, ਜਿਵੇਂ ਕਿ ਓ ਟੀ ਪੀ, ਪਾਸਵਰਡ, ਪਿੰਨ, ਬੈਂਕ ਖਾਤਾ ਨੰਬਰ ਆਦਿ।ਸਰਕਾਰੀ ਅਧਿਕਾਰੀ ਵੀਡੀਓ ਕਾਲ 'ਤੇ ਗ੍ਰਿਫਤਾਰੀ ਨਹੀਂ ਕਰਦੇ ਇਹ ਯਾਦ ਰੱਖੋ। ਜੇਕਰ ਕੋਈ ਅਜਿਹਾ ਦਾਅਵਾ ਕਰੇ, ਤਾਂ ਉਹ ਜ਼ਰੂਰ ਠੱਗ ਹੈ। ਅਜਿਹੀ ਘਟਨਾ ਤੇ ਅਗਿਆਤ ਕਾਲ ਨੂੰ ਕੱਟੋ ਅਤੇ ਜਾਂਚ ਕਰੋ,ਜੇ ਕੋਈ ਕਾਲ ਸ਼ੱਕੀ ਲੱਗੇ, ਤਾਂ ਕਾਲ ਕੱਟੋ ਅਤੇ ਅਧਿਕਾਰਤ ਨੰਬਰਾਂ 'ਤੇ ਖੁਦ ਕਾਲ ਕਰਕੇ ਪੁਸ਼ਟੀ ਕਰੋ।

ਅਣਜਾਣ ਈਮੇਲਾਂ ਜਾਂ ਲਿੰਕਾਂ ਤੋਂ ਦੂਰ ਰਹੋ

ਕਈ ਵਾਰ ਈਮੇਲ ਜਾਂ ਲਿੰਕਾਂ ਰਾਹੀਂ ਵੀ ਤੁਹਾਡੀ ਜਾਣਕਾਰੀ ਚੋਰੀ ਕੀਤੀ ਜਾਂਦੀ ਹੈ।

ਸਿਸਟਮ ਅੱਪਡੇਟ ਰੱਖੋ ਆਪਣੇ ਫੋਨ ਜਾਂ ਕੰਪਿਊਟਰ ਵਿੱਚ ਐਂਟੀਵਾਇਰਸ ਤੇ ਅੱਪਡੇਟ ਸਿਸਟਮ ਜ਼ਰੂਰ ਰੱਖੋ, ਤਾਂ ਜੋ ਸੁਰੱਖਿਆ ਰੱਖੀ ਜਾ ਸਕੇ।

ਸਾਈਬਰ ਕੈਫੇ ਤੋਂ ਬੈਂਕ ਖਾਤਾ ਨਾ ਖੋਲ੍ਹੋ

ਸਾਂਝੇ ਸਿਸਟਮਾਂ ਤੋਂ ਲਾਗਇਨ ਕਰਨਾ ਬਹੁਤ ਖ਼ਤਰਨਾਕ ਹੁੰਦਾ ਹੈ। ਬਾਹਰਲੇ ਵਾਈ ਫਾਈ ਦੀ ਵਰਤੋਂ ਨਾ ਕਰੋ ਤੇ ਅਜਿਹੀ ਕੋਈ ਗਤੀਵਿਧੀ ਨਾ ਕਰੋ।

ਸ਼ੱਕੀ ਗਤੀਵਿਧੀ ਦੀ ਰਿਪੋਰਟ ਕਰੋ

ਡਰੋ ਨਾ ਸ਼ਿਕਾਇਤ ਕਰਨ ਨਾਲ ਹੀ ਹੋਰ ਲੋਕ ਬਚ ਸਕਦੇ ਹਨ।

ਜਾਗਰੂਕਤਾ ਹੀ ਸਭ ਤੋਂ ਵੱਡੀ ਸੁਰੱਖਿਆ ਹੈ।ਸਾਈਬਰ ਅਪਰਾਧੀਆਂ ਦਾ ਸਭ ਤੋਂ ਵੱਡਾ ਹਥਿਆਰ ਹੈ ਪੀੜਤ ਦੀ ਅਣਜਾਣਤਾ। ਜੇਕਰ ਆਮ ਵਿਅਕਤੀ ਥੋੜ੍ਹਾ ਜਿਹਾ ਸੁਚੇਤ ਹੋਵੇ ਤਾਂ ਬਹੁਤੀ ਵਾਰ ਬੱਚਤ ਰਹਿ ਜਾਂਦੀ ਹੈ। ਜਿਵੇਂ-ਜਿਵੇਂ ਲੋਕ ਸਾਵਧਾਨ ਹੋਣਗੇ, ਐਸੇ ਘੁਟਾਲੇ ਘਟਣਗੇ।

ਸਰਕਾਰ ਆਪਣੀ ਪੂਰੀ ਕੋਸ਼ਿਸ਼ ਕਰ ਰਹੀ ਹੈ, ਪਰ ਅਸਲੀ ਸੁਰੱਖਿਆ ਤਾਂ ਹਰ ਵਿਅਕਤੀ ਦੇ ਆਪਣੇ ਹੱਥ ਵਿੱਚ ਹੈ।ਕਾਲ ਵੇਲੇ, ਲਿੰਕ ਵੇਲੇ, ਥੋੜ੍ਹਾ ਧਿਆਨ ਰੱਖੋ।

ਜਦੋਂ ਕੋਈ ਵੀ ਤੁਹਾਨੂੰ ਫੋਨ ਕਰਕੇ ਕਹੇ ਕਿ ਤੁਹਾਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ ਜਾਂ ਤੁਰੰਤ ਪੈਸਾ ਭਰੋ ਨਹੀਂ ਤਾਂ ਮਾਮਲਾ ਦਰਜ ਹੋਵੇਗਾ, ਘਬਰਾਓ ਨਾ,

ਤੇ ਸ਼ਾਂਤ ਰਹੋ, ਕਾਲ ਕੱਟੋ, ਅਤੇ ਅਧਿਕਾਰਤ ਸਰੋਤ ਤੋਂ ਜਾਣਕਾਰੀ ਦੀ ਪੁਸ਼ਟੀ ਕਰੋ।

ਅੰਤ ਵਿੱਚ ਇਸ ਸਾਰੇ ਮਾਮਲੇ ਨੂੰ ਦੁਆਰਾ ਵਿਚਾਰੀਏ ਤਾਂ ਡਿਜੀਟਲ ਗ੍ਰਿਫਤਾਰੀ ਘੁਟਾਲੇ ਆਧੁਨਿਕ ਯੁੱਗ ਦੇ ਸਭ ਤੋਂ ਚਲਾਕ ਅਤੇ ਡਰਾਉਣੇ ਸਾਈਬਰ ਅਪਰਾਧਾਂ ਵਿੱਚੋਂ ਇੱਕ ਬਣ ਗਏ ਹਨ।

ਇਹ ਸਾਨੂੰ ਇਹ ਸਿਖਾਉਂਦੇ ਹਨ ਕਿ ਡਿਜੀਟਲ ਸਹੂਲਤਾਂ ਨਾਲ ਨਾਲ ਸਾਨੂੰ ਡਿਜੀਟਲ ਸਾਵਧਾਨੀ ਦੀ ਵੀ ਓਨੀ ਹੀ ਲੋੜ ਹੈ।

ਜਾਣਕਾਰੀ, ਸਾਵਧਾਨੀ ਅਤੇ ਤੁਰੰਤ ਰਿਪੋਰਟਿੰਗ ਹੀ ਉਹ ਹਥਿਆਰ ਹਨ, ਜੋ ਸਾਨੂੰ ਅਤੇ ਸਮਾਜ ਨੂੰ ਇਨ੍ਹਾਂ ਠੱਗੀਆਂ ਤੋਂ ਬਚਾ ਸਕਦੇ ਹਨ।

ਅਗਲੀ ਵਾਰ ਜਦੋਂ ਕਿਸੇ ਨੂੰ ਤੁਰੰਤ ਗ੍ਰਿਫਤਾਰੀ ਵਾਲੀ ਕਾਲ ਆਏ ਤਾਂ ਯਾਦ ਰੱਖੋ, ਇਹ ਠੱਗੀ ਹੈ। ਸ਼ਾਂਤ ਰਹੋ, ਸੋਚੋ, ਜਾਂਚੋ ਅਤੇ ਸਹੀ ਢੰਗ ਨਾਲ ਕਦਮ ਚੁੱਕੋ। ਇਹੀ ਸਾਈਬਰ ਸੁਰੱਖਿਆ ਦੀ ਸਭ ਤੋਂ ਵੱਡੀ ਚਾਬੀ ਹੈ। ਸਾਵਧਾਨੀ ਹਟੀ, ਦੁਰਘਟਨਾ ਘਟੀ ਵਾਲੀ ਗੱਲ ਕਿ ਸਾਈਬਰ ਅਪਰਾਧ ਵਾਲੇ ਲੋਕ ਬਹੁਤ ਚਲਾਕ ਹੁੰਦੇ ਹਨ।ਉਹ ਪੂਰੀ ਤਿਆਰੀ ਵਿੱਚ ਆਉਂਦੇ ਹਨ। ਇਸ ਤਰ੍ਹਾਂ ਘਟਨਾ ਵਾਪਰਦੀ ਹਰ ਇੱਕ ਨਾਲ ਹੈ ਕਿਸਮਤ ਚੰਗੀ ਨੂੰ ਜਾਂ ਸਾਵਧਾਨ ਹੋ ਕੇ ਕੁਝ ਬਚ ਜਾਂਦੇ ਹਨ।ਬਹੁਤੇ ਇਸ ਦੀ ਲਪੇਟ ਵਿਚ ਆ ਜਾਂਦੇ ਹਨ।ਸੋ ਸਤਰਕ ਰਹੋ ਸੁਰੱਖਿਅਤ ਰਹੋ। ਸਾਵਧਾਨੀ ਵਿੱਚ ਹੀ ਸੁਰੱਖਿਆ ਹੈ।

**# ਸੰਪਰਕ : 94636-03091**

# ਸ਼ਰਾਬ ਫੈਕਟਰੀ ਵਿਖੇ ਕਿਰਤੀਆਂ ਵੱਲੋਂ ਦਿਨ-ਰਾਤ ਦਾ ਧਰਨਾ ਤੀਜੇ ਦਿਨ 'ਚ ਪੁੱਜਾ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਨਾਲ ਦੇ ਪਿੰਡ ਛਾਜਲੀ ਸ਼ਰਾਬ ਫੈਕਟਰੀ ਵਿਖੇ ਕਿਰਤੀਆਂ ਵੱਲੋਂ ਲਗਾਤਾਰ ਦਿਨ ਰਾਤ ਦਾ ਧਰਨਾ ਦਿੱਤਾ ਜਾ ਰਿਹਾ ਹੈ।ਇਹ ਧਰਨਾ ਅੱਜ ਤੀਸਰੇ ਦਿਨ ਵਿੱਚ ਪਹੁੰਚ ਗਿਆ ਹੈ।ਇਹ ਧਰਨਾ ਰੋਕ ਐਂਡ ਸਟੋਰਮ ਡਿਸਟਿਲਰੀਜ਼ ਵਰਕਰਜ਼ ਯੂਨੀਅਨ ਏਟਕ ਛਾਜਲੀ ਵੱਲੋਂ ਲਗਾਇਆ ਜਾ ਰਿਹਾ ਹੈ।ਇਸ ਧਰਨੇ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਵਾਈ ਪ੍ਰਸ਼ਾਸਨ ਵੱਲੋਂ ਛਾਜਲੀ ਦੇ ਐਸਐਚ ਓ ਵੱਲੋਂ ਚਲਦੀ ਸਟੇਜ ਵਿੱਚ ਵਿਘਨ ਪਾਇਆ ਗਿਆ ਅਤੇ ਧਮਕੀਆਂ ਦਿੱਤੀਆਂ ਗਈਆਂ ਕਿ ਤੁਸੀਂ ਟੈਂਟ ਕਿਉਂ ਲਗਾ ਰਹੇ ਹੋ ਅਤੇ ਆਗੂਆਂ ਨਾਲ ਬਹੁਤ ਜ਼ਿਆਦਾ ਬਹਿਸ ਕੀਤੀ ਗਈ। ਇਸ ਤੋਂ ਬਾਅਦ ਮਾਹੌਲ ਸ਼ਾਂਤ ਹੋਣ ਤੋਂ ਬਾਅਦ ਦੁਬਾਰਾ ਆਗੂਆਂ ਵੱਲੋਂ ਸਟੇਜ ਚਲਾਈ ਗਈ।ਕੁਝ ਸਮੇਂ ਬਾਅਦ ਲੇਬਰ ਇੰਸਪੈਕਟਰ ਸਾਹਿਬ ਸੁਨਾਮ ਨੇ ਏਟਕ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨਾਲ ਮੀਟਿੰਗ ਕੀਤੀ।ਮੀਟਿੰਗ ਵਿੱਚ ਸੁਨਾਮ ਬਲਾਕ ਦੇ ਆਗੂ ਜਸਵੰਤ ਸਿੰਘ ਤੋਲਾਵਾਲ ਨੇ ਦੱਸਿਆ ਕਿ ਜੋ ਕੰਪਨੀ ਦੇ ਮੈਨੇਜਰ ਨੇ ਵਰਕਰਾਂ ਨੂੰ ਨਿਯੁਕਤੀ ਪੱਤਰ ਦੇਣ ਸਮੇਂ ਵਰਕਰ ਦੀ ਬਦਲੀ ਵਾਲੀ ਲਾਈਨ ਇਸ ਭਰੋਸੇ ਵਿੱਚ ਪਾਈ ਸੀ ਕਿ ਵਰਕਰ ਦੀ ਬਦਲੀ ਨਹੀਂ ਕੀਤੀ ਜਾਵੇਗੀ।ਇਹ ਲਾਈਨ ਸਿਰਫ ਇੱਕ ਫਰਜ਼ੀ ਤੌਰ 'ਤੇ ਪਾਈ ਹੋਈ ਹੈ।ਕੰਪਨੀ ਦੇ ਮਾਲਕ ਨੇ ਪ੍ਰਸ਼ਾਂਤ ਅਰੋੜਾ ਨੇ ਕਿਹਾ ਸੀ ਕਿ ਕਿਸੇ ਵੀ ਵਰਕਰ ਦੀ ਬਦਲੀ ਨਹੀਂ ਕੀਤੀ ਜਾਵੇਗੀ।ਕੰਪਨੀ ਦਾ ਮੈਨੇਜਰ ਵਰਕਰਾਂ ਨੂੰ ਧੱਕੇਸ਼ਾਹੀ ਨਾਲ ਝਾਰਖੰਡ ਭੇਜ ਰਿਹਾ ਹੈ।ਮੀਟਿੰਗ ਬੇਸਿੱਟਾ ਰਹੀ, ਕਿਉਂਕਿ ਲੇਬਰ ਇੰਸਪੈਕਟਰ ਸਾਹਿਬ ਨੇ ਕਿਹਾ ਕਿ ਕੰਪਨੀ ਦੇ ਮਾਲਕ 27-10-2025 ਤੱਕ ਕੰਪਨੀ ਵਿੱਚ ਆਉਣਗੇ ਉਸ ਟਾਈਮ ਉਨ੍ਹਾਂ ਨਾਲ ਮੰਗਾਂ ਸਬੰਧੀ ਵਿਚਾਰ ਵਟਾਂਦਰਾ ਕਰਨਗੇ ਯੂਨੀਅਨ ਦੇ ਰੋਸ ਪ੍ਰਦਰਸ਼ਨ ਵਿੱਚ ਭਰਪੂਰ ਸਿੰਘ ਬੁੱਲਾਪੁਰ ਜਨਰਲ ਸਕੱਤਰ ਜ਼ਿਲਾ ਸੰਗਰੂਰ ਜ਼ਿਲ੍ਹਾਂ ਮਲੇਰਕੋਟਲਾ ਨੇ ਕਿਹਾ ਕਿ ਇਹ ਮੈਨੇਜਰ ਆਪਣੀ ਮਨਮਰਜ਼ੀ ਕਰ ਰਿਹਾ ਹੈ।

ਫੈਕਟਰੀ ਪਿਛਲੇ 17 ਸਾਲਾਂ ਤੋਂ ਚੱਲਦੀ ਆ ਰਹੀ ਹੈ।ਇਸ ਮੈਨੇਜਰ ਨੇ ਸਾਰਾ ਕੰਮ ਉਥਲ ਪੁਥਲ ਕਰ ਦਿੱਤਾ ਹੈ।ਵਰਕਰਾਂ ਨਾਲ ਕੀਤਾ ਹੋਇਆ ਸਮਝੌਤਾ ਲਾਗੂ ਨਹੀਂ ਕਰ ਰਿਹਾ ਯੂਨੀਅਨ ਦੀ ਹਮਾਇਤ ਲਈ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੁਨਾਮ ਬਲਾਕ ਦਿੜ੍ਹਬਾ ਬਲਾਕ ਲਹਿਰਾ ਨੇ ਵੱਡੀ ਗਿਣਤੀ ਵਿੱਚ ਹਮਾਇਤ ਕੀਤੀ ਪੈਪਸੀਕੋ ਯੂਨੀਅਨ ਵੱਲੋਂ ਪ੍ਰਧਾਨ ਵਿਕਰਮ ਸਿੰਘ ਤੇ ਜਨਰਲ ਸਕੱਤਰ ਹਰਿੰਦਰ ਸਿੰਘ ਅਤੇ ਹੋਰ ਸਾਥੀਆਂ ਨੇ ਸ਼ਮੂਲੀਅਤ ਕੀਤੀ। ਸੀਪੀਆਈ ਐੱਮ ਐੱਲ ਲਿਬਰੇਸ਼ਨ ਮੁਕਤੀ ਮੋਰਚਾ ਪੰਜਾਬ ਗੋਬਿੰਦ ਸਿੰਘ ਛਾਜਲੀ ਸੂਬਾ ਪ੍ਰਧਾਨ, ਘਮੰਡ ਸਿੰਘ ਖਾਲਸਾ, ਉਗਰਾਹਾਂ ਸੰਗਰੂਰ ਜ਼ਿਲ੍ਹਾ ਦੇ ਮੀਤ ਪ੍ਰਧਾਨ ਬਿੱਟੂ ਸਿੰਘ ਖੋਖਰ, ਲਹਿਰਾਗਾਗਾ ਦੇ ਆਗੂ ਬਾਬਾ ਜਥੇਦਾਰ ਸਿੰਘ ਤੇ ਬਾਬਾ ਗੁਰਮੇਲ ਸਿੰਘ ਛੋਟੀ ਭੁਟਾਲ ਨੇ ਦੋ ਦਿਨ ਹਾਜ਼ਰੀ ਲਗਵਾਈ।ਬਸਪਾ ਆਗੂ ਡਾਕਟਰ ਮੱਖਣ ਸਿੰਘ ਸਤਿਗੁਰ ਸਿੰਘ ਕੌਹਰੀਆਂ, ਜ਼ਿਲ੍ਹਾ ਪ੍ਰਧਾਨ ਬੀਐੱਸਪੀ ਪ੍ਰਦੀਪ ਕੁਮਾਰ, ਉਸਾਰੀ ਮਜ਼ਦੂਰ ਯੂਨੀਅਨ ਨਿਰਮਲ ਸਿੰਘ ਮੱਟੂ ਬਸਪਾ, ਕ੍ਰਿਸ਼ਨ ਪੜੋ ਪੈਪਸੀਕੋ ਯੂਨੀਅਨ ਦੇ ਆਗੂ ਨੇ ਲਗਾਤਾਰ ਧਰਨੇ ਵਿੱਚ ਅੱਜ ਤੀਸਰੇ ਦਿਨ ਹਾਜ਼ਰੀ ਲਗਵਾਈ ਤੇ ਮੀਟਿੰਗਾਂ ਦੇ ਵਿੱਚ ਵੀ ਆਪਣੀ ਜ਼ਿੰਮੇਵਾਰੀ ਨਿਭਾਈ।ਇਸ ਤੋਂ ਇਲਾਵਾ ਏਟਕ ਦੇ ਆਗੂ ਪ੍ਰਦੀਪ ਚੀਮਾ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਲਗਵਾਈ ਅਤੇ ਸਾਰਾ ਦਿਨ ਸਟੇਜ ਸੈਕਟਰੀ ਦੀ ਜ਼ਿੰਮੇਵਾਰੀ ਨਿਭਾਈ।ਡਾਕਟਰ ਅੰਬੇਡਕਰ ਜਥੇਬੰਦੀ ਰਾਮਗੜ੍ਹ ਜਵੰਦੇ ਪ੍ਰਧਾਨ ਮੰਗਲ ਸਿੰਘ ਪੱਲੇਦਾਰ ਯੂਨੀਅਨ ਛਾਜਲੀ, ਭੋਲਾ ਸਿੰਘ ਪੱਲੇਦਾਰ, ਜਸਵੰਤ ਸਿੰਘ ਤੋਲੇਵਾਲ, ਦਰਸ਼ਨ ਸਿੰਘ ਚੰਗਾਲੀਵਾਲਾ, ਭਰਪੂਰ ਸਿੰਘ ਮੌੜਾਂ, ਬਿੰਦਰ ਸਿੰਘ ਖੋਖਰ, ਜਗਦੀਪ ਸਿੰਘ ਮਹਿਲਾ, ਅਮਨਦੀਪ ਸਿੰਘ ਮਹਿਲਾ ਸਾਰੇ ਆਗੂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ, ਬਿਕਰਮ ਸਿੰਘ, ਹਰਿੰਦਰ ਸਿੰਘ ਗੱਜੂਮਾਜਰਾ, ਦੋਵੇਂ ਪ੍ਰਧਾਨ, ਜਨਰਲ ਸਕੱਤਰ ਪੈਪਸੀਕੋ ਯੂਨੀਅਨ ਚੰਨੋਂ, ਕ੍ਰਿਸ਼ਨ ਸਿੰਘ ਭੜੋ ਮੀਤ ਪ੍ਰਧਾਨ ਜ਼ਿਲ੍ਹਾ ਏਟਕ ਸੰਗਰੂਰ, ਘਮੰਡ ਸਿੰਘ ਖਾਲਸਾ, ਕਰਮਜੀਤ ਸਿੰਘ, ਜਗਰੂਪ ਸਿੰਘ ਦੋਵੇਂ ਪ੍ਰਧਾਨ, ਜਨਰਲ ਸਕੱਤਰ ਆਦਿ ਆਗੂਆਂ ਅੱਜ ਦੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ 18 ਅਕਤੂਬਰ 025 ਨੂੰ ਵੱਡੀ ਫ਼ੈਸਲਾਕੁਨ ਰੈਲੀ ਕੀਤੀ ਜਾਵੇਗੀ।ਜ਼ਿਲ੍ਹਾ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਇਹ ਫੈਕਟਰੀ ਵਰਕਰਾਂ ਦੀਆਂ ਮੰਗਾਂ ਪੂਰੀਆਂ ਕਰਵਾ ਕੇ ਮਸਲਾ ਹੱਲ ਕਰਵਾਇਆ ਜਾਵੇ।ਜੇਕਰ ਮੈਨੇਜਮੈਂਟ ਨੇ ਫੈਕਟਰੀ ਵਿੱਚੋਂ ਕੋਈ ਗੱਡੀ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਵਿਰੋਧ ਕੀਤਾ ਜਾਵੇਗਾ।ਇਹ ਜਾਣਕਾਰੀ ਪ੍ਰਧਾਨ ਕਰਮਜੀਤ ਸਿੰਘ ਮੀਤ ਪ੍ਰਧਾਨ ਮਨਦੀਪ ਸਿੰਘ ਤੇ ਜਨਰਲ ਸਕੱਤਰ ਜਗਰੂਪ ਸਿੰਘ ਨੇ ਸਾਂਝੀ ਕੀਤੀ।

# ਕਾਰਪੋਰੇਸ਼ਨ ਦੀਆਂ ਜ਼ਮੀਨਾਂ/ਜਾਇਦਾਦਾਂ ਵੇਚਣ ਦੇ ਵਿਰੋਧ 'ਚ ਬਿਜਲੀ ਮੁਲਾਜ਼ਮਾਂ ਵੱਲੋਂ ਗੇਟ ਰੈਲੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਇੰਜੀਨੀਅਰ ਐਸੋਸੀਏਸ਼ਨ ਅਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰ, ਗਰਿੱਡ ਸਬਸਟੇਸ਼ਨ ਇੰਪਲਾਈਜ਼ ਯੂਨੀਅਨ ਪਾਵਰ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ, ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ ਪਹਿਲਵਾਨ ਦੀ ਲੀਡਰਸ਼ਿਪ ਦੇ ਸੱਦੇ 'ਤੇ ਬਿਜਲੀ ਮੁਲਾਜ਼ਮ ਜਥੇਬੰਦੀ ਇੰਪਲਾਈਜ਼ ਫੈਡਰੇਸ਼ਨ (ਚਾਹਲ) ਨੇ ਥਰਮਲ ਦੇ ਮੇਨ ਗੇਟ 'ਤੇ ਭਰਵੀਂ ਰੈਲੀ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਬਲਜੀਤ ਸਿੰਘ ਬਰਾੜ ਬੋਦੀਵਾਲਾ ਤੇ ਜੁਆਇੰਟ ਸਕੱਤਰ ਰਘਬੀਰ ਸਿੰਘ ਸੈਣੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਾਰਪੋਰੇਸ਼ਨ ਦੀਆਂ ਬੇਹੱਦ ਕੀਮਤੀ ਜ਼ਮੀਨਾਂ ਜਾਇਦਾਦਾਂ ਨੂੰ ਵੇਚਣ ਤੇ ਕਾਰਪੋਰੇਸ਼ਨ ਨੂੰ ਨਿੱਜੀ ਹੱਥਾਂ ਵਿੱਚ ਸੌਂਪਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸਾਡੀ ਜਥੇਬੰਦੀ ਇਸ ਦਾ ਪੁਰਜ਼ੋਰ ਵਿਰੋਧ ਕਰਦੀ ਹੈ ਤੇ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕਰਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੋਟਾਂ ਲੈਣ ਵੇਲੇ ਲੋਕਾਂ ਨਾਲ ਕੁਝ ਹੋਰ ਵਾਅਦੇ ਕਰਦੀ ਹੈ ਤੇ ਬਾਅਦ ਵਿੱਚ ਨੀਤੀਆਂ ਕੁੱਝ ਹੋਰ ਲੈ ਕੇ ਆਉਂਦੀ ਹੈ। ਦੀਵਾਲੀ ਉੱਪਰ ਵੀ ਮਹਿੰਗਾਈ ਭੱਤੇ ਦੀ ਕੋਈ ਕਿਸ਼ਤ ਜਾਰੀ ਨਹੀਂ ਕੀਤੀ, ਨਾ ਹੀ ਪਿਛਲਾ ਮਹਿੰਗਾਈ ਭੱਤਾ ਜਾਰੀ ਕੀਤਾ ਗਿਆ ਹੈ, ਜਿਸ ਕਾਰਨ ਮੁਲਾਜ਼ਮ ਤੇ ਪੈਨਸ਼ਨਰ ਕਾਲੀ ਦਿਵਾਲੀ ਮਨਾਉਣ ਲਈ ਮਜਬੂਰ ਹਨ। ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਦਾ ਕੰਮ ਵੀ ਠੰਡੇ ਬਸਤੇ ਵਿੱਚ ਪਾਇਆ ਹੋਇਆ ਹੈ। ਗੋਇੰਦਵਾਲ ਸਾਹਿਬ ਵਾਲਾ ਥਰਮਲ ਪਲਾਂਟ ਸਰਕਾਰ ਨੇ ਖਰੀਦ ਕੇ ਲੋਕਾਂ ਵਿੱਚ ਵਾਹ ਵਾਹ ਤਾਂ ਖੱਟ ਲਈ, ਪਰ ਨਾ ਤਾਂ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਤੇ ਨਾ ਹੀ ਬਿਜਲੀ ਸਸਤੀ ਕੀਤੀ। ਜਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਗੋਇੰਦਵਾਲ ਸਾਹਿਬ ਥਰਮਲ ਪਲਾਂਟ ਵਿੱਚ ਸਰਕਾਰੀ ਪੋਸਟਾਂ ਮਨਜ਼ੂਰ ਕਰਕੇ ਕੱਚੇ ਮੁਲਾਜ਼ਮਾਂ ਨੂੰ ਉੱਥੇ ਪੱਕਾ ਕੀਤਾ ਜਾਵੇ ਤਾਂ ਜੋ ਉਹ ਆਪਣੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰ ਸਕਣ। ਰੈਲੀ ਵਿੱਚ ਜਥੇਬੰਦੀ ਦੇ ਆਗੂ ਲਖਵੰਤ ਸਿੰਘ ਬਾਂਡੀ, ਕੇਸ਼ਵ ਅਧਿਕਾਰੀ, ਗੁਰਭੇਜ ਸਿੰਘ, ਗੁਰਲਾਲ ਸਿੰਘ ਗਿੱਲ, ਗੁਰਪ੍ਰੀਤ ਸਿੰਘ ਬਰਾੜ, ਅਜੈਬ ਸਿੰਘ ਤੇ ਜਸਵੀਰ ਸਿੰਘ ਖਾਲਸਾ ਸਮੇਤ ਹੋਰ ਵੱਡੀ ਗਿਣਤੀ ਵਿੱਚ ਥਰਮਲ ਕਾਮੇ ਹਾਜ਼ਰ ਸਨ।

# ਕੇਂਦਰ ਸਰਕਾਰ ਪੰਜਾਬ ਦੀ ਸੱਤਾ ਤੇ ਗੁਰੂ ਘਰਾਂ 'ਤੇ ਕਾਬਜ਼ ਹੋਣ ਲਈ ਕੋਝੇ ਹੱਥਕੰਡੇ ਵਰਤ ਰਹੀ : ਸੁਖਬੀਰ ਬਾਦਲ

**1 ਹਜ਼ਾਰ ਕੁਇੰਟਲ ਕਣਕ ਦੇ ਬੀਜ ਦੀਆਂ ਭਰੀਆਂ ਟਰਾਲੀਆਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਕੀਤੀਆਂ ਰਵਾਨਾ**



**ਮੋਗਾ (ਇਕਬਾਲ ਸਿੰਘ ਖਹਿਰਾ)**-ਪਿਛਲੇ ਦਿਨੀ ਹਲਕਾ ਧਰਮਕੋਟ ਦੇ ਹੜ੍ਹ ਪੀੜਤ ਪਿੰਡਾਂ ਭਾਰੀ ਨੁਕਸਾਨ ਹੋਇਆ ਸੀ, ਜਿੱਥੇ ਉਸ ਸਮੇਂ ਵੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਵੱਡੀ ਮਦਦ ਕੀਤੀ ਗਈ ਸੀ, ਹੁਣ ਜਦੋਂ ਪਾਣੀ ਦਾ ਪੱਧਰ ਨੀਵਾਂ ਹੋਇਆ ਹੈ ਤਾਂ ਜਿੱਥੇ ਖੇਤਾਂ 'ਚੋਂ ਵਾਧੂ ਜਮ੍ਹਾਂ ਹੋਈ ਮਿੱਟੀ ਨੂੰ ਹਟਾ ਕੇ ਪੱਧਰਾ ਕੀਤਾ ਹੈ, ਉੱਥੇ ਹੀ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ 1 ਹਜ਼ਾਰ ਕੁਇੰਟਲ ਕਣਕ ਦੇ ਬੀਜ ਦੀਆਂ ਭਰੀਆਂ ਟਰਾਲੀਆਂ ਹਲਕਾ ਧਰਮਕੋਟ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਵਾਨਾ ਕੀਤੀਆਂ।ਇਸ ਮੌਕੇ ਉਨ੍ਹਾਂ ਕਿਸਾਨਾਂ ਦੇ ਨਾਲ ਨਾਲ ਮਜ਼ਦੂਰ ਜੋ ਬੇਰੁਜ਼ਗਾਰ ਹੋ ਗਏ ਸਨ, ਉਨ੍ਹਾਂ ਦੀ ਵੀ ਆਰਥਿਕ ਮਦਦ ਕਰਨ ਦਾ ਭਰੋਸਾ ਦਵਾਇਆ ਤੇ ਜਲਦ ਹੀ ਉਨ੍ਹਾਂ ਨੂੰ ਆਰਥਿਕ ਮਦਦ ਤਕਸੀਮ ਕੀਤੀ ਜਾਵੇਗੀ।ਇਸ ਮੌਕੇ ਉਨ੍ਹਾਂ ਨਾਲ ਸ਼੍ਰੋਮਣੀ ਅਕਾਲੀ ਦਲ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਨਿਹਾਲ ਸਿੰਘ ਭੁੱਲਰ ਤਲਵੰਡੀ ਭੰਗੇਰੀਆਂ, ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਰਣਵਿੰਦਰ ਸਿੰਘ ਪੱਪੂ ਰਾਮੂੰਵਾਲਾ, ਰਾਜਵਿੰਦਰ ਸਿੰਘ ਧਰਮਕੋਟ, ਮੋਗਾ ਹਲਕਾ ਇੰਚਾਰਜ ਸੰਜੀਤ ਸਿੰਘ ਸਨੀ ਗਿੱਲ, ਸੀਨੀਅਰ ਅਕਾਲੀ ਆਗੂ ਗੁਰਮੇਲ ਸਿੰਘ ਸਿੱਧੂ ਧਰਮਕੋਟ, ਮੈਂਬਰ ਐਸਜੀਪੀਸੀ ਸੁੱਖਹਰਪ੍ਰੀਤ ਸਿੰਘ ਰੋਡੇ, ਸ਼ਹਿਰੀ ਪ੍ਰਧਾਨ ਖਣਮੁੱਖ ਭਾਰਤੀ ਪੱਤੋ, ਸੀਨੀਅਰ ਅਕਾਲੀ ਆਗੂ ਰਾਜਵੰਤ ਸਿੰਘ ਮਾਹਲਾ, ਸੀਨੀਅਰ ਆਗੂ ਗੁਰਮੀਤ ਸਿੰਘ ਗਗੜਾ, ਬੂਟਾ ਸਿੰਘ ਦੌਲਤਪੁਰਾ ਰਵਦੀਪ ਸਿੰਘ ਦਾਰਾਪੁਰ, ਸਾਬਕਾ ਡਿਪਟੀ ਮੇਅਰ ਜਰਨੈਲ ਸਿੰਘ ਦੁੱਨੇਕੇ, ਬੀ ਸੀ ਵਿੰਗ ਦੇ ਪ੍ਰਧਾਨ ਚਰਨਜੀਤ ਸਿੰਘ ਝੰਡੇਆਣਾ, ਬਲਜੀਤ ਸਿੰਘ ਕਿਲੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ ਆਗੂ ਤੇ ਵਰਕਰ ਹਾਜ਼ਰ ਸਨ।ਇਸ ਮੌਕੇ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਭਾਵੇਂ ਉਹ ਸੱਤਾ ਦੇ ਵਿੱਚ ਨਹੀਂ ਹਨ, ਪਰ ਉਹ ਹਮੇਸ਼ਾ ਹੀ ਪੰਜਾਬੀਆਂ ਤੇ ਪੰਜਾਬ ਦੁੱਖ ਸੁੱਖ ਦੀ ਘੜੀ ਵਿੱਚ ਨਾਲ ਖੜੇ ਹਨ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਦੀ ਸੱਤਾ ਤੇ ਗੁਰੂ ਘਰਾਂ 'ਤੇ ਕਾਬਜ਼ ਹੋਣ ਲਈ ਕੋਝੇ ਹੱਥ ਕੰਡੇ ਵਰਤੇ ਜਾ ਰਹੇ ਹਨ, ਜੋ ਪੰਜਾਬ ਲਈ ਅਤਿਅੰਤ ਘਾਤਕ ਹਨ।ਉਨ੍ਹਾਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਵਾਰ ਵਾਰ ਤਜਰਬੇ ਕਰਨ ਦੀ ਬਜਾਏ ਪੰਜਾਬ ਦੀ ਆਪਣੀ ਖੇਤਰੀ ਪਾਰਟੀ ਨੂੰ ਸੱਤਾ ਵਿੱਚ ਲਿਆਉਣ ਤਾਂ ਜੋ ਲੀਹਾਂ ਤੋਂ ਲੱਥੇ ਪੰਜਾਬ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ।

## ਕਾਤਰਾਂ

### ਸਾਮਾਨ ਚੋਰੀ ਕਰਨ ਵਾਲਾ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਦੀ ਨਮਕ ਮੰਡੀ ਵਿਖੇ ਇੱਕ ਵਿਅਕਤੀ ਦੇ ਘਰ ਵਿੱਚੋਂ ਸਾਮਾਨ ਚੋਰੀ ਕਰਨ ਵਾਲੇ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਅਸ਼ਵਨੀ ਕੁਮਾਰ ਚੌਧਰੀ ਵਾਸੀ ਨਮਕ ਮੰਡੀ ਫਿਰੋਜ਼ਪੁਰ ਸ਼ਹਿਰ ਨੇ ਦੱਸਿਆ ਕਿ ਉਹ ਘਰ ਤੋਂ ਬਾਰ ਗਿਆ ਸੀ। ਅਸ਼ਵਨੀ ਕੁਮਾਰ ਨੇ ਦੱਸਿਆ ਕਿ 4 ਅਕਤੂਬਰ 2025 ਨੂੰ ਜਦ ਉਹ ਘਰ ਆਇਆ ਤਾਂ ਘਰ ਵਿੱਚੋਂ ਸਾਮਾਨ ਚੋਰੀ ਹੋ ਚੁੱਕਾ ਸੀ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਘਰ ਵਿੱਚੋਂ ਸਾਮਾਨ ਚੋਰੀ ਕਰਨ ਵਾਲੇ ਵਿਅਕਤੀ ਸੋਨੂੰ ਪੁੱਤਰ ਪ੍ਰੇਮ ਪਾਲ ਵਾਸੀ ਜ਼ੀਰਾ ਗੇਟ ਨੇੜੇ ਸ਼ਿਵਾਲਾ ਮੰਦਰ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

### ਮਜ਼ਦੂਰ ਦੀ ਕੈਂਸਰ ਨਾਲ ਮੌਤ



**ਬੋਹਾ (ਨਿਰੰਜਣ ਬੋਹਾ)**-ਇੱਥੋਂ ਨੇੜਲੇ ਪਿੰਡ ਹਾਕਮਵਾਲਾ ਦੇ ਇੱਕ ਅਤਿ ਗਰੀਬ ਪਰਿਵਾਰ ਦੇ ਮੁੱਖੀ ਦੀ ਕੈਂਸਰ ਵਰਗੀ ਨਾਮੁਰਾਦ ਬੀਮਾਰੀ ਨਾਲ ਮੌਤ ਹੋ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਜਗਸੀਰ ਸਿੰਘ (ਉਮਰ 46 ਸਾਲ) ਪੁੱਤਰ ਬਲੌਰ ਸਿੰਘ ਜਾਤੀ ਮਜ਼੍ਹਬੀ ਸਿੱਖ ਪਿਛਲੇ ਇਕ ਸਾਲ ਤੋਂ ਕੈਂਸਰ ਦੀ ਬੀਮਾਰੀ ਤੋਂ ਪੀੜਤ ਸੀ।ਮ੍ਰਿਤਕ ਦੀ ਪਤਨੀ ਸੁਖਜੀਤ ਕੌਰ ਨੇ ਦੱਸਿਆ ਕਿ ਉਸਦੇ ਪਤੀ ਦਾ ਉਨ੍ਹਾਂ ਏਮਜ ਹਸਪਤਾਲ ਤੇ ਬੀਕਾਨੇਰ ਤੋਂ ਬਹੁਤ ਇਲਾਜ ਕਰਵਾਇਆ, ਪਰ ਆਖਰਕਾਰ ਉਨ੍ਹਾਂ ਦੇ ਪਤੀ ਦੀ ਅੱਜ ਤੜਕਸਾਰ ਮੌਤ ਹੋ ਗਈ।ਜਾਣਕਾਰੀ ਅਨੁਸਾਰ ਪਰਵਾਰ ਦਾ ਇਲਾਜ ਦੌਰਾਨ ਬਹੁਤ ਜ਼ਿਆਦਾ ਖਰਚਾ ਹੋ ਗਿਆ ਤੇ ਪਸ਼ੂਆਂ ਸਮੇਤ ਘਰਦਾ ਕੀਮਤੀ ਸਾਮਾਨ ਵਿੱਕ ਚੁੱਕਾ ਹੈ।ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਕਾਮਰੇਡ ਜਗਤਾਰ ਸਿੰਘ, ਸਮਾਜਸੇਵੀ ਗੁਰਬਾਜ ਸਿੰਘ, ਸਰਪੰਚ ਸੁਖਵਿੰਦਰ ਸਿੰਘ ਬੱਬਲ ਨੇ ਪੰਜਾਬ ਸਰਕਾਰ, ਜ਼ਿਲ੍ਹਾ ਪ੍ਰਸ਼ਾਸਨ, ਸ਼੍ਰੋਮਣੀ ਕਮੇਟੀ ਤੋਂ ਪਰਵਾਰ ਦੀ ਮਦਦ ਲਈ ਅਪੀਲ ਕੀਤੀ ਹੈ।ਮ੍ਰਿਤਕ ਅਪਣੇ ਪਿੱਛੇ ਦੋ ਲੜਕੇ ਤੇ ਇੱਕ ਵਿਆਹੁਣਯੋਗ ਲੜਕੀ ਛੱਡ ਗਿਆ ਹੈ।

### ਖੇਤਾਂ 'ਚੋਂ ਹੈਰੋਇਨ ਦਾ ਪੈਕੇਟ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀਐੱਸਐੱਸ ਦੇ ਜਵਾਨਾਂ ਨੇ ਸਰਹੱਦੀ ਪਿੰਡ ਜੱਲੋ ਕੇ ਦੇ ਖੇਤਾਂ ਵਿੱਚ ਹੈਰੋਇਨ ਦਾ ਇਕ ਪੈਕੇਟ ਬਰਾਮਦ ਕੀਤਾ ਹੈ, ਜਿਸ ਦਾ ਵਜ਼ਨ 582 ਗ੍ਰਾਮ ਹੈ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੇ ਦੌਰਾਨੇ ਗਸ਼ਤ ਸੀ ਤਾਂ ਜਦ ਉਹ ਹੈੱਡ ਹੁਸੈਨੀਵਾਲਾ ਪੁੱਜੀ ਤਾਂ ਬੀਐੱਸਐੱਫ ਦੀ ਪਾਰਟੀ ਮਿਲੀ, ਜਿਨ੍ਹਾਂ ਨੇ ਦੱਸਿਆ ਕਿ ਜੱਲੋਕੇ ਪਿੰਡ ਦੇ ਖੇਤਾਂ ਵਿਚ ਕੋਈ ਨਸ਼ੀਲੀ ਵਸਤੂ ਪਈ ਹੈ, ਜਿਸ 'ਤੇ ਜਾ ਕੇ ਵੇਖਿਆ ਤਾਂ ਹੈਰੋਇਨ ਦਾ ਪੈਕੇਟ ਪਿਆ ਸੀ, ਜੋ ਕਿਸੇ ਨੇ ਪਾਕਿਸਤਾਨੀ ਸਮੱਗਲਰਾਂ ਰਾਹੀਂ ਮੰਗਵਾਇਆ ਸੀ, ਜਿਸ ਦਾ ਵਜ਼ਨ ਕਰਨ 'ਤੇ 582 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਸੜਕ ਹਾਦਸੇ 'ਚ ਛੇ ਔਰਤਾਂ ਸਮੇਤ ਇੱਕ ਦਰਜਨ ਫੱਟੜ



**ਧੂਰੀ (ਮਨੋਹਰ ਸਿੰਘ ਸੱਗੂ)**-ਅੱਜ ਧੂਰੀ-ਬਾਗੜੀਆਂ ਸੜਕ 'ਤੇ ਪਿੰਡ ਬਰੜਵਾਲ ਨੇੜੇ ਇੱਕ ਟਰੱਕ ਤੇ ਤੂਫਾਨ ਜੀਪ ਦਰਮਿਆਨ ਵਾਪਰੇ ਹਾਦਸੇ 'ਚ 6 ਔਰਤਾਂ ਸਮੇਤ ਇੱਕ ਦਰਜਨ ਵਿਅਕਤੀ ਫੱਟੜ ਹੋ ਜਾਣ ਦੀ ਖਬਰ ਹੈ।ਜਾਣਕਾਰੀ ਅਨੁਸਾਰ ਧੂਰੀ-ਬਾਗੜੀਆਂ ਸੜਕ 'ਤੇ ਪਿੰਡ ਬਰੜਵਾਲ ਨੇੜੇ ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਟਰੱਕ ਤੇ ਤੂਫਾਨ ਜੀਪ ਆਪਸ 'ਚ ਟਕਰਾ ਗਏ।ਹਾਦਸੇ ਦੌਰਾਨ 6 ਔਰਤਾਂ ਸਮੇਤ ਇੱਕ ਦਰਜਨ ਵਿਅਕਤੀ ਫੱਟੜ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਧੂਰੀ ਵਿਖੇ ਲਿਆਂਦਾ ਗਿਆ।ਜਾਣਕਾਰੀ ਅਨੁਸਾਰ ਤੂਫਾਨ ਸਵਾਰ ਕਿਸੇ ਭੋਗ ਸਮਾਗਮ 'ਤੇ ਜਾ ਰਹੇ ਸਨ।ਹਸਪਤਾਲ ਦੇ ਡਾਕਟਰਾਂ ਨੇ ਫੱਟੜਾਂ 'ਚ ਸ਼ਾਮਲ ਪਰਮਜੀਤ ਕੌਰ, ਜਗਸੀਰ ਸਿੰਘ, ਮਿੱਠੂ, ਮਿਲਖ ਰਾਜ ਤੇ ਜਗਰਾਜਪਾਲ ਨੂੰ ਜ਼ਿਲ੍ਹਾ ਹਸਪਤਾਲ ਸੰਗਰੂਰ ਅਤੇ ਅਮਰੀਕ ਰਾਮ ਤੇ ਮੂਰਤੀ ਦੇਵੀ ਨੂੰ ਇਲਾਜ ਲਈ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਰੈਫ਼ਰ ਕਰ ਦਿੱਤਾ, ਜਦੋਂਕਿ ਬਾਕੀਆਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦੇਣ ਉਪਰੰਤ ਭੇਜ ਦਿੱਤਾ ਗਿਆ।

# ਆਊਟਸੋਰਸ ਕਰਮੀਆਂ ਵੱਲੋਂ ਮੰਗਾਂ ਨੂੰ ਲੈ ਕੇ ਧਰਨਾ ਤੇ ਰੋਸ ਰੈਲੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ (1680) ਦੇ ਬੈਨਰ ਹੇਠ ਇੱਥੇ ਡਿਪਟੀ ਕਮਿਸ਼ਨਰ ਦਫਤਰ ਵਿਖੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਵਿੱਚ ਲੰਮੇ ਸਮੇਂ ਤੋਂ ਕੰਮ ਕਰ ਰਹੇ ਆਊਟ ਸੋਰਸ, ਡੇਲੀਵੇਜਿਜ਼, ਟੈਂਪਰੇਰੀ, ਪਾਰਟ ਟਾਇਮ, ਸਕਿਲ ਵਰਕਰਾ ਤੇ ਸਫਾਈ ਕਾਮਿਆਂ ਵੱਲੋਂ ਧਰਨਾ ਤੇ ਰੋਸ ਰੈਲੀ ਕੀਤੀ ਗਈ।ਮੁਲਾਜ਼ਮਾਂ ਵੱਲੋਂ ਦਰਸ਼ਨ ਸਿੰਘ ਲੁਬਾਣਾ, ਰਣਜੀਤ ਸਿੰਘ ਰਾਣਵਾਂ, ਬਲਜਿੰਦਰ ਸਿੰਘ, ਜਗਮੋਹਨ ਨੌਲੱਖਾ, ਰਾਮ ਪ੍ਰਸਾਦ ਸਹੋਤਾ, ਸ਼ਿਵ ਚਰਨ ਆਦਿ ਆਗੂਆਂ ਦੀ ਅਗਵਾਈ ਵਿੱਚ ਦਿੱਤੇ ਗਏ ਧਰਨੇ 'ਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦਾ ਸਤਿਕਾਰ ਕਰਦੇ ਹੋਏ, ਇਸ ਨੂੰ ਲਾਗੂ ਕਰਨ ਲਈ ਗਸ਼ਤੀ ਪੱਤਰ ਜਲਦ ਜਾਰੀ ਕੀਤਾ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਬੇਲੋੜੀ ਦੇਰੀ ਕੀਤੀ ਤਾਂ ਸੂਬਾ ਪੱਧਰੀ ਧਰਨਾ ਤੇ ਰੈਲੀ ਸਾਰੇ ਕੱਚੇ ਕਾਮਿਆਂ ਨੂੰ ਪੱਕਾ ਕਰਵਾਉਣ ਲਈ ਸੰਘਰਸ਼ਸ਼ੀਲ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਵਿਚਲੀਆਂ ਜਥੇਬੰਦੀਆਂ ਨਾਲ ਤਾਲਮੇਲ ਕਰਕੇ ਜਲਦ ਕੀਤੀ ਜਾਵੇਗੀ।ਰੈਲੀ ਦੌਰਾਨ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਡਿਊ ਮਹਿੰਗਾਈ ਭੱਤਾ ਨਗਦ ਤੇ ਪਿਛਲਾ ਬਕਾਇਆ ਵੀ ਜਾਰੀ ਕਰੇ ਨਹੀਂ ਤਾਂ (ਕਾਲੀ ਦਿਵਾਲੀ) ਮਨਾਉਣਗੇ ਤੇ ਸੰਕੇਤਕ ਰੈਲੀਆਂ ਕਰਨਗੇ।ਇਸ ਮੌਕੇ ਮੰਗ ਕੀਤੀ ਕਿ ਤਨਖਾਹਾਂ ਸਾਰੇ ਮੁਲਾਜ਼ਮ ਕੱਚਿਆਂ ਤੇ ਪੱਕਿਆਂ ਨੂੰ ਦਿਵਾਲੀ ਤੋਂ ਪਹਿਲਾਂ-ਪਹਿਲਾਂ ਜਾਰੀ ਕੀਤੀਆਂ ਜਾਣ।ਇਸ ਮੌਕੇ ਸਰਵਸ੍ਰੀ ਜਗਮੋਹਨ ਸਿੰਘ, ਮੋਧ ਨਾਥ, ਜ਼ਸਪਾਲ ਮਹਿਰਾ, ਤਰਲੋਚਨ ਗਿਰ, ਦਿਆ ਸ਼ੰਕਰ, ਇੰਦਰਪਾਲ ਵਾਲੀਆ, ਤਰਲੋਚਨ ਮੰਡੋਲੀ, ਦਰਸ਼ਨ ਸਿੰਘ ਜੋੜੇ ਮਾਜਰਾ, ਗੁਰਮੇਲ ਸਿੰਘ ਬੰਮਣਾ, ਮੱਖਣ ਸਿੰਘ, ਸੁਖਦੇਵ ਸਿੰਘ ਝੰਡੀ, ਬਲਜੀਤ ਸਿੰਘ ਬੱਲੀ, ਬੁੱਧ ਰਾਮ, ਨੀਸ਼ਾ ਰਾਣੀ, ਰਾਜੂ ਸਨੌਰ, ਹਰਬੰਸ ਵਰਮਾ, ਲਖਵੀਰ ਸਿੰਘ, ਸੁਨੀਲ ਦੱਤ ਆਦਿ ਆਗੂ ਹਾਜ਼ਰ ਸਨ।



# ਟੈਕਸ ਨਾ ਦੇਣ 'ਤੇ ਫੈਕਟਰੀ ਸੀਲ



**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਨਗਰ ਕੌਂਸਲ ਦੇ ਅਧਿਕਾਰੀਆਂ ਨੇ ਜੀ ਟੀ ਰੋਡ ਦੇ ਨਾਲ ਸਰਵਿਸ ਰੋਡ 'ਤੇ ਸਥਿਤ ਐਨਰੋ ਸਟੀਲਜ਼ ਪ੍ਰਾਈਵੇਟ ਲਿਮਟਿਡ ਫੈਕਟਰੀ ਨੂੰ ਸੀਲ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਦੋਰਾਹਾ ਨਗਰ ਕੌਂਸਲ ਦੇ ਅਧਿਕਾਰੀਆਂ ਦੀ ਇੱਕ ਟੀਮ ਨੇ ਦੋਰਾਹਾ ਜੀ ਟੀ ਰੋਡ ਦੇ ਨਾਲ ਸਰਵਿਸ ਰੋਡ 'ਤੇ ਸਥਿਤ ਇੱਕ ਫੈਕਟਰੀ ਐਨਰੋ ਸਟੀਲਜ਼ ਪ੍ਰਾਈਵੇਟ ਲਿਮਟਿਡ ਦਾ ਦੌਰਾ ਕੀਤਾ ਤੇ ਵਿਭਾਗ ਦੇ ਅਧਿਕਾਰੀਆਂ ਦੁਆਰਾ ਫੈਕਟਰੀ ਨੂੰ ਸੀਲ ਕਰ ਦਿੱਤਾ ਗਿਆ।ਦੋਰਾਹਾ ਨਗਰ ਕੌਂਸਲ ਦੇ ਕਾਰਜ ਸਾਧਕ ਅਧਿਕਾਰੀ, ਹਰਨਰਿੰਦਰ ਸਿੰਘ ਸ਼ੇਰਗਿੱਲ ਵੀ ਅਧਿਕਾਰੀਆਂ ਦੇ ਨਾਲ ਮੌਜੂਦ ਸਨ।ਇਸ ਮੌਕੇ ਬੋਲਦਿਆਂ ਕਾਰਜ ਸਾਦਕ ਅਧਿਕਾਰੀ ਹਰ ਨਰਿੰਦਰ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਫੈਕਟਰੀ ਮਾਲਕ ਨੂੰ ਟੈਕਸ ਬਕਾਏ ਸੰਬੰਧੀ ਵਾਰ-ਵਾਰ ਨੋਟਿਸ ਭੇਜੇ ਗਏ ਸਨ, ਪਰ ਉਸ ਨੇ ਸਰਕਾਰੀ ਟੈਕਸ ਬਕਾਏ ਦਾ ਭੁਗਤਾਨ ਨਹੀਂ ਕੀਤਾ ਸੀ, ਜਿਸ ਕਾਰਨ ਨਗਰ ਕੌਂਸਲ ਨੇ ਅੱਜ ਫੈਕਟਰੀ ਨੂੰ ਸੀਲ ਕਰ ਦਿੱਤਾ।ਉਨ੍ਹਾਂ ਕਿਹਾ ਕਿ ਜੇਕਰ ਫੈਕਟਰੀ ਮਾਲਕ ਅਜੇ ਵੀ ਨਗਰ ਕੌਂਸਲ ਨੂੰ ਬਕਾਇਆ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਿਹਾ, ਤਾਂ ਭਵਿੱਖ ਵਿੱਚ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਇਸ ਮੌਕੇ ਕਾਰਜਕਾਰੀ ਅਧਿਕਾਰੀ ਨੇ ਦੂਜਿਆਂ ਨੂੰ ਬਕਾਇਆ ਟੈਕਸ ਅਦਾ ਕਰਨ ਦਾ ਸੁਨੇਹਾ ਵੀ ਦਿੱਤਾ।

# ਰਾਜਵੀਰ ਜਵੰਦਾ ਦੀ ਯਾਦ 'ਚ ਸੰਗੀਤ ਅਕੈਡਮੀ ਦਾ ਪ੍ਰਬੰਧ ਕਰੇ ਸਰਕਾਰ : ਪਾਲੀ, ਮਾਨ

**ਅੱਜ ਅੰਤਿਮ ਅਰਦਾਸ ਮੌਕੇ ਨਮ ਅੱਖਾਂ ਨਾਲ ਕਰਨਗੇ ਸਮੂਹ ਪੰਜਾਬੀ ਨਮਨ**



**ਚੌਕੀਮਾਨ (ਇੰਜ. ਬਲਬੀਰ ਸਿੰਘ ਮਾਨ)**-ਜਗਰਾਓਂ ਇਲਾਕੇ ਦੇ ਪਿੰਡ ਪੋਨੇ ਦੇ ਵਸਨੀਕਾਂ ਦੇ ਦਿਲਾਂ ਅੰਦਰ ਉਸ ਵੇਲੇ ਹਨੇਰ ਪੈ ਗਿਆ, ਜਦੋਂ ਸੰਸਾਰ ਪ੍ਰਸਿੱਧ ਨੌਜਵਾਨ ਹਰ ਦਿਲ ਅਜੀਜ਼ ਲੋਕ ਗਾਇਕ ਰਾਜਵੀਰ ਜਵੰਦਾ ਇੱਕ ਸੜਕੀ ਹਾਦਸੇ ਕਾਰਨ ਜ਼ਿੰਦਗੀ ਮੌਤ ਦੀ ਲੜਾਈ ਲੜਦਾ ਪ੍ਰਮਾਤਮਾ ਦੀ ਕਚਹਿਰੀ ਵਿੱਚ ਹਾਰ ਗਿਆ।ਇਸ ਮੌਕੇ ਸਮੂਹ ਪੰਜਾਬੀ ਗੀਤਕਾਰ ਸਭਾ ਪੰਜਾਬ ਨੇ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦਿਆਂ ਦੁੱਖ ਦਾ ਪ੍ਰਗਟਾਵਾ ਸਾਂਝਾ ਕੀਤਾ।ਪੰਜਾਬੀ ਗੀਤਕਾਰ ਸਭਾ ਪੰਜਾਬ ਦੇ ਪ੍ਰਧਾਨ ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ, ਉੱਪ ਚੇਅਰਮੈਨ ਜਸਵੰਤ ਸੰਦੀਲਾ, ਜਨਰਲ ਸਕੱਤਰ ਬਲਬੀਰ ਸਿੰਘ ਮਾਨ, ਸ੍ਰਪ੍ਰਸਤ ਅਮਰੀਕ ਸਿੰਘ ਤਲਵੰਡੀ, ਸੀਨੀਅਰ ਮੀਤ ਪ੍ਰਧਾਨ ਸਾਧੂ ਸਿੰਘ ਦਿਲਸ਼ਾਦ, ਮੀਤ ਪ੍ਰਧਾਨ ਕਰਨੈਲ ਸਿਵੀਆ, ਅਨਿਲ ਫ਼ਤਹਿਗੜ੍ਹ ਜੱਟਾਂ, ਸੁਖਬੀਰ ਸੰਧੇ, ਅਮਰਜੀਤ ਸ਼ੇਰਪੁਰੀ, ਵਿੱਤ ਸਕੱਤਰ ਬਲਜੀਤ ਬਾਗ਼ੀ, ਲੋਕ ਗਾਇਕ ਜਸਪਾਲ ਮਾਨ, ਗੁਰਮੀਤ ਮੀਤ, ਸਤਪਾਲ ਕਿੰਗਰਾ, ਮਾਨ ਜੰਡੀ ਵਾਲਾ, ਕੇਵਲ ਹਠੂਰ, ਵਰਿੰਦਰ ਟੱਲੇਵਾਲੀਆ, ਸੇਵਾ ਸਿੰਘ ਨੌਰਥ, ਅਮਨ ਫੁੱਲਾਂਵਾਲ, ਜੱਸੀ ਫੁੱਲਾਂਵਾਲ ਆਦਿ ਨੇ ਲੋਕ ਗਾਇਕ ਰਾਜਵੀਰ ਜਵੰਦਾ ਦੀ ਯਾਦ ਵਿੱਚ ਸੰਗੀਤ ਅਕੈਡਮੀ ਖੋਲ੍ਹਣ ਦੀ ਪੰਜਾਬ ਸਰਕਾਰ ਦੇ ਕਲਾਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਮੰਗ ਕੀਤੀ ਤਾਂ ਜੋ ਪੰਜਾਬੀ ਸੱਭਿਆਚਾਰ ਦੀ ਦਿਲੋਂ ਸੇਵਾ ਕਰਨ ਵਾਲੇ ਨਸ਼ਿਆਂ, ਹਥਿਆਰਾਂ, ਨਿਰਲੱਜ ਪੁਣੇ ਤੋਂ ਕੋਹਾਂ ਦੂਰ ਰਹਿਣ ਵਾਲੇ ਰਾਜਵੀਰ ਜਵੰਦਾ ਨੂੰ ਆਉਣ ਵਾਲੇ ਗਾਇਕਾਂ ਦੇ ਪ੍ਰੇਰਣਾ ਸਰੋਤ ਬਣਾਉਣ ਲਈ ਉਨ੍ਹਾਂ ਦੀ ਯਾਦਗਾਰ ਸਾਡੇ ਲਈ ਇੱਕ ਮਾਰਗ ਦਰਸ਼ਕ ਹੋਵੇਗੀ।ਅੱਜ ਅੰਤਿਮ ਅਰਦਾਸ ਮੌਕੇ ਸਮੂਹ ਪੰਜਾਬੀ ਗੀਤਕਾਰ ਸਭਾ ਪੰਜਾਬ ਸਮੂਹ ਪਰਵਾਰ ਨਾਲ ਦੁੱਖ ਸਾਂਝਾ ਕਰਦਿਆਂ ਨਮ ਅੱਖਾਂ ਨਾਲ ਨਮਨ ਕਰਕੇ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ।

# ਕੰਬੋਜ ਜਾਤੀ ਨੂੰ ਪੱਛੜੀਆਂ ਸ਼੍ਰੇਣੀਆਂ 'ਚੋਂ ਬਾਹਰ ਕੱਢਣ ਸੰਬੰਧੀ ਵਿਰੋਧ ਜਾਰੀ, ਚੇਅਰਮੈਨ ਨੂੰ ਸੌਂਪਿਆ ਮੰਗ ਪੱਤਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਚੰਡੀਗੜ੍ਹ ਵਿਖੇ ਸ੍ਰੀ ਹੰਸ ਰਾਜ ਅਹੀਰ ਮਾਨਯੋਗ ਚੇਅਰਮੈਨ ਰਾਸ਼ਟਰੀ ਕਮਿਸ਼ਨ ਪੱਛੜੀਆਂ ਸ਼੍ਰੇਣੀਆਂ ਨੂੰ ਇੰਟਰਨੈਸ਼ਨਲ ਸਰਵ ਕੰਬੋਜ ਸਮਾਜ ਤੇ ਸ਼ਹੀਦ ਊਧਮ ਸਿੰਘ ਮੈਮੋਰੀਅਲ ਕਮੇਟੀ ਫਿਰੋਜ਼ਪੁਰ ਦਾ ਇੱਕ ਵਫਦ ਕੰਬੋਜ ਭਾਈਚਾਰੇ ਤੇ ਪੱਛੜੀਆਂ ਸ਼੍ਰੇਣੀਆਂ ਨਾਲ ਸੰਬੰਧਤ ਮੁੱਦਿਆਂ ਦੇ ਹੱਲ ਲਈ ਡਾਕਟਰ ਮਲਕੀਤ ਥਿੰਦ ਚੇਅਰਮੈਨ ਬੀ ਸੀ ਕਮਿਸ਼ਨ ਪੰਜਾਬ ਤੇ ਸ੍ਰੀ ਜਗਦੀਪ (ਗੋਲਡੀ) ਕੰਬੋਜ ਐੱਮ ਐੱਲ ਏ ਜਲਾਲਾਬਾਦ ਦੀ ਅਗਵਾਈ ਹੇਠ ਮਿਲਿਆ।ਇਸ ਮੀਟਿੰਗ ਵਿੱਚ ਜਲਾਲਾਬਾਦ ਦੇ ਮੌਜੂਦਾ ਵਿਧਾਇਕ ਜਗਦੀਪ ਗੋਲਡੀ ਕੰਬੋਜ ਨੇ ਕੰਬੋਜ ਜਾਤੀ ਨੂੰ ਪੱਛੜੀਆਂ ਸ਼੍ਰੇਣੀਆਂ ਵਿੱਚੋਂ ਬਾਹਰ ਕੱਢਣ ਸਬੰਧੀ ਵਿਰੋਧ ਪ੍ਰਗਟ ਕਰਦਿਆਂ ਪੰਜਾਬ ਵਿੱਚ ਐੱਨ ਸੀ ਬੀ ਸੀ ਦੀਆਂ ਸਿਫਾਰਸ਼ਾਂ ਅਨੁਸਾਰ 25% ਰਾਖਵਾਂਕਰਨ ਇਨ-ਬਿਨ ਲਾਗੂ ਕਰਨ ਦੀ ਮੰਗ ਰੱਖੀ ਗਈ।ਇਸ ਮੌਕੇ ਸ੍ਰੀ ਜਸਪਾਲ ਹਾਂਡਾ ਵੱਲੋਂ ਪੀਪੀਐਸਸੀ ਰਾਹੀਂ ਪੀਸੀਐਸ (ਐਗਜ਼ੈਕਟਿਵ) ਦੀਆਂ 25% ਅਸਾਮੀਆਂ ਲਈ ਪੱਛੜੀਆਂ ਸ਼੍ਰੇਣੀਆਂ ਲਈ ਕੋਟਾ ਲਾਗੂ ਕਰਨ ਦੀ ਮੰਗ ਰੱਖੀ ਗਈ।ਇਸ ਤੋਂ ਇਲਾਵਾ ਪੰਚਾਇਤ ਪੱਧਰ ਤੋਂ ਲੈ ਕੇ ਸੰਸਦ ਤੱਕ 27% ਸੀਟਾਂ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੀਆਂ ਕਰਨ ਦੀ ਮੰਗ ਰੱਖੀ ਗਈ।ਇਸ ਮੀਟਿੰਗ ਵਿੱਚ ਅਮਰਜੀਤ ਕੰਬੋਜ, ਐਡਵੋਕੇਟ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਵਿੱਚ ਕਾਨੂੰਨ ਅਫਸਰਾਂ ਦੀ ਭਰਤੀ ਲਈ ਪੱਛੜੀਆਂ ਸ਼੍ਰੇਣੀਆਂ ਲਈ ਕੋਟਾ ਰਾਖਵਾਂਕਰਨ ਦੀ ਮੰਗ ਰੱਖੀ।

ਉਪਰੋਕਤ ਸਾਰੀਆਂ ਮੰਗਾਂ ਨੂੰ ਮਾਨਯੋਗ ਚੇਅਰਮੈਨ ਨੇ ਧਿਆਨ ਨਾਲ ਸੁਣਦੇ ਹੋਏ ਚੀਫ ਸਕੱਤਰ ਪੰਜਾਬ ਸਰਕਾਰ ਨੂੰ ਇਨ੍ਹਾਂ ਦਾ ਤੁਰੰਤ ਹੱਲ ਕਰਨ ਦੀ ਹਦਾਇਤ ਕੀਤੀ ਹੈ।ਇਸ ਮੌਕੇ ਗੱਲਬਾਤ ਕਰਦਿਆਂ ਡਾ: ਮਲਕੀਤ ਥਿੰਦ ਚੇਅਰਮੈਨ ਬੀ ਸੀ ਕਮਿਸ਼ਨ ਪੰਜਾਬ ਨੇ ਕਿਹਾ ਕਿ ਕੰਬੋਜ ਭਾਈਚਾਰੇ ਤੇ ਪੰਜਾਬ ਵਿੱਚ ਵਸਦੇ ਬੀ ਸੀ ਕੈਟਾਗਿਰੀ ਦੇ ਨਾਗਰਿਕਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਜ਼ਰੂਰ ਦਿਵਾਏ ਜਾਣਗੇ। ਉਨ੍ਹਾ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਦੇ ਹੱਕਾਂ ਲਈ ਅਣਗਹਿਲੀ ਕਰਨ ਵਾਲਿਆਂ ਖਿਲਾਫ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ ।ਇਸ ਮੌਕੇ ਅਮਰਜੀਤ ਕੰਬੋਜ ਐਡਵੋਕੇਟ ਪੰਜਾਬ ਤੇ ਹਰਿਆਣਾ ਹਾਈਕੋਰਟ, ਕੁਲਵੰਤ ਸਿੰਘ ਮੱਲੀ ਪੰਜਾਬ ਪ੍ਰਧਾਨ ਆਲ ਇੰਡੀਆ ਬੈਕਵਰਡ ਕਲਾਸ ਫੈਡਰੇਸ਼ਨ, ਸੁਭਾਸ਼ ਥਿੰਦ ਅਧਿਆਪਕ, ਮਲਕੀਤ ਸਿੰਘ ਸੈਣੀ ਵੀ ਉਨ੍ਹਾਂ ਨਾਲ ਸਨ।

# ਲਾਇਨਜ਼ ਕਲੱਬ ਪ੍ਰਾਈਮ ਨੇ ਦੀਵਾਲੀ ਪ੍ਰੋਗਰਾਮ ਧੂਮਧਾਮ ਨਾਲ ਮਨਾਇਆ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਲਾਈਨਜ਼ ਕਲੱਬ ਸੁਨਾਮ ਪ੍ਰਾਈਮ ਦੇ ਪ੍ਰਧਾਨ ਸ੍ਰੀ ਪਵਿੱਤਰ ਸਿੰਗਲਾ ਤੇ ਚੇਅਰਮੈਨ ਅੰਕੁਰ ਜ਼ਖਮੀ ਦੀ ਅਗਵਾਈ ਵਿੱਚ ਦਿਵਾਲੀ ਦਾ ਪ੍ਰੋਗਰਾਮ ਸੰਗਰੂਰ ਦੇ ਕੇਟੀ ਰਾਇਲ ਹੋਟਲ ਵਿਖੇ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਡੀਐੱਸਪੀ ਸੁਨਾਮ ਸ੍ਰ. ਹਰਵਿੰਦਰ ਸਿੰਘ ਖਹਿਰਾ, ਚੇਅਰਮੈਨ ਮਾਰਕੀਟ ਕਮੇਟੀ ਸੁਨਾਮ ਸ੍ਰੀ ਮੁਕੇਸ਼ ਜੁਨੇਜਾ, ਥਾਣਾ ਮੁਖੀ ਸੁਨਾਮ ਪ੍ਰਤੀਕ ਜਿੰਦਲ ਤੇ ਹਿਮਾਚਲ ਪ੍ਰਦੇਸ਼ ਜੁਡੀਸ਼ੀਅਲ ਸਰਵਿਸ ਵਿੱਚ ਚੌਥਾ ਰੈਂਕ ਪ੍ਰਾਪਤ ਕਰਨ ਵਾਲੀ ਮੈਡਮ ਮਹਿਕ ਗੁਪਤਾ, ਬ੍ਰਾਹਮਣ ਨੇਤਾ ਪ੍ਰਦੀਪ ਮੈਨਨ ਪੁੱਜੇ ਤੇ ਕਲੱਬ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਲਾਈਵ ਮਿਊਜ਼ਿਕ ਦੇ ਨਾਲ ਨਾਲ ਵੱਖ-ਵੱਖ ਪ੍ਰੋਗਰਾਮ ਵੀ ਕੀਤੇ ਗਏ, ਜਿਸ ਵਿੱਚ ਮੁਕਾਬਲੇ ਵੀ ਕਰਵਾਏ ਗਏ ਤੇ ਜੇਤੂਆਂ ਨੂੰ ਵੱਖ-ਵੱਖ ਇਨਾਮ ਵੀ ਦਿੱਤੇ ਗਏ ਅਤੇ ਪ੍ਰਬੰਧਕਾਂ ਵੱਲੋਂ ਪੁੱਜੇ ਹਰ ਇੱਕ ਮੈਂਬਰ ਨੂੰ ਵਿਸ਼ੇਸ਼ ਤੌਰ 'ਤੇ ਗਿਫਟ ਵੀ ਦਿੱਤੇ ਗਏ। ਇਸ ਮੌਕੇ ਸੰਜੀਵ ਮੈਨਨ, ਮਨਿੰਦਰ ਲਖਮੀਰਵਾਲਾ, ਪਰਮਿੰਦਰ ਜਾਰਜ, ਗਗਨ ਲਿਲੀ ਸਟੂਡੀਓ, ਮੁੱਖ ਸਕੱਤਰ ਡਾਕਟਰ ਅੰਸ਼ੂਮਨ ਫੂਲ, ਸਕੱਤਰ ਭੁਪਿੰਦਰ ਭਾਰਦਵਾਜ, ਖਜ਼ਾਨਚੀ ਸੁਨੀਲ ਖਿਪਲਾ, ਜ਼ੋਨ ਚੇਅਰਪਰਸਨ ਅੰਕਿਤ ਪਹੁਜਾ, ਉਪ ਪ੍ਰਧਾਨ ਅਮਿਤ ਕੋਸ਼ਲ, ਸਹਿ-ਸਕੱਤਰ ਅਸ਼ੋਕ ਕੁਮਾਰ, ਸਹਿ-ਖਜ਼ਾਨਚੀ ਰਵੀ ਪਟਵਾਰੀ, ਪੀਆਰਓ ਰੁਪਿੰਦਰ ਸਿੰਘ, ਰਮਨੀਕ ਸਿੰਘ ਤੇ ਰਿੰਪਾ ਬਡਵਰੀਆ, ਐਡਵੋਕੇਟ ਬਿਕਰਮ ਵਿੱਕੀ, ਡਾਕਟਰ ਪੁਨੀਤ, ਰਾਜੇਸ਼ ਗਰਗ, ਡਾਕਟਰ ਹਰਦੀਪ ਬਾਵਾ ਤੇ ਹੋਰ ਮੌਜੂਦ ਸਨ।

# ਸੁਖਬੀਰ ਬਾਦਲ ਦੀ ਅਗਵਾਈ 'ਚ ਅਕਾਲੀ ਦਲ ਸ਼ਾਨਦਾਰ ਵਾਪਸੀ ਕਰੇਗਾ : ਆਗੂ

**ਤਰਨ ਤਾਰਨ ਉੱਪ-ਚੋਣ 'ਚ ਸ਼੍ਰੋਮਣੀ ਅਕਾਲੀ ਦਲ ਜਿੱਤ ਹਾਸਲ ਕਰੇਗਾ**



**ਸਰਦੂਲਗੜ੍ਹ (ਅਵਤਾਰ ਜਟਾਣਾ)**-ਪੰਜਾਬ ਵਿੱਚ ਹਰ ਵਰਗ ਮੌਜੂਦਾ ਸਰਕਾਰ ਤੋਂ ਨਿਰਾਸ਼ ਤੇ ਨਾਰਾਜ਼ ਹੈ, ਕਿਉਂਕਿ ਪੰਜਾਬ ਸਰਕਾਰ ਹਰ ਫਰੰਟ ਉੱਤੇ ਫੇਲ੍ਹ ਹੋ ਚੁੱਕੀ ਹੈ।ਕਿਸਾਨਾਂ ਦੇ ਨਾਲ ਸਰਕਾਰ ਨੇ ਐੱਮ ਐੱਸ ਪੀ ਦੇ ਮੁੱਦੇ ਉੱਤੇ ਤੇ ਹਰ ਵਾਰ ਆਏ ਮੌਨਸੂਨ ਤੇ ਹੜ੍ਹਾਂ ਦੌਰਾਨ ਕੀਤੇ ਵਾਅਦੇ ਝੂਠੇ ਸਾਬਿਤ ਹੋਏ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਿਲਰਾਜ ਸਿੰਘ ਭੂੰਦੜ ਸਾਬਕਾ ਵਿਧਾਇਕ, ਪ੍ਰੇਮ ਕੁਮਾਰ ਅਰੋੜਾ ਹਲਕਾ ਇੰਚਾਰਜ ਮਾਨਸਾ, ਡਾਕਟਰ ਨਿਸ਼ਾਨ ਸਿੰਘ ਹਲਕਾ ਇੰਚਾਰਜ ਬੁਢਲਾਡਾ, ਬਲਵੀਰ ਸਿੰਘ ਬੀਰੋਕੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿਹਾਤੀ ਤੇ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਕਿਹਾ ਕਿ ਵਪਾਰੀ ਵਰਗ ਵੀ ਪੰਜਾਬ ਦੇ ਅਮਨ ਕਾਨੂੰਨ ਦੀ ਸਥਿਤੀ ਨੂੰ ਦੇਖਦਿਆਂ ਆਪਣੇ ਉਦਯੋਗ ਬਾਹਰਲੇ ਸੂਬਿਆਂ ਵਿੱਚ ਲਗਾ ਰਹੇ ਹਨ।ਪੜ੍ਹੇ ਲਿਖੇ ਨੌਜਵਾਨ ਬੇਰੁਜ਼ਗਾਰੀ ਦਾ ਸਾਹਮਣਾ ਕਰ ਰਹੇ ਹਨ।ਪੰਜਾਬ ਦੀਆਂ ਮਹਿਲਾਵਾਂ ਨਾਲ ਇੱਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ ਗਰੰਟੀ ਦੀ ਵੀ ਹਵਾ ਨਿੱਕਲ ਗਈ ਹੈ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਅਕਾਲੀ ਆਗੂਆਂ ਨੇ ਕਿਹਾ ਕਿ ਅੱਜ ਪੰਜਾਬ ਦੇ ਲੋਕਾਂ ਨੇ ਦਿੱਲੀ ਦਰਬਾਰ ਤੋਂ ਚੱਲਣ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਰਾਜ ਦੇਖ ਲਏ ਹਨ।ਹੁਣ ਪੰਜਾਬ ਦੇ ਲੋਕਾਂ ਨੇ ਪੰਜਾਬ ਦੀ ਮਿੱਟੀ ਵਿੱਚੋਂ ਪੈਦਾ ਹੋਈ ਸੰਘਰਸ਼ ਕੁਰਬਾਨੀਆਂ ਤੇ ਤਿਆਗ ਵਾਲੀ ਆਪਣੀ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕਰਨ ਦਾ ਮਨ ਬਣਾ ਲਿਆ ਹੈ।ਇਸ ਦਾ ਸਬੂਤ ਤਰਨਤਾਰਨ ਦੀ ਉੱਪ-ਚੋਣ ਵਿੱਚ ਦੇਖਣ ਨੂੰ ਮਿਲੇਗਾ।ਇਸ ਵਿੱਚ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਸ਼ਾਨਦਾਰ ਫਤਿਹ ਹਾਸਲ ਕਰੇਗਾ, ਕਿਉਂਕਿ ਸੁਖਬੀਰ ਸਿੰਘ ਬਾਦਲ ਪੰਜਾਬ ਦੇ ਲੋਕਾਂ ਦੀਆਂ ਮੁਸ਼ਕਲਾਂ, ਲੋੜਾਂ ਤੇ ਥੋੜਾਂ ਨੂੰ ਮਹਿਸੂਸ ਕਰਦੇ ਹਨ।ਇਸ ਦਾ ਸਬੂਤ ਹੁਣ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਜਦੋਂ ਪੰਜਾਬ ਸਰਕਾਰ ਤੇ ਸਰਕਾਰੀ ਤੰਤਰ ਫੇਲ੍ਹ ਹੋ ਗਿਆ ਸੀ ਤਾਂ ਲੋਕਾਂ ਦੇ ਨਾਲ ਮੁਸ਼ਕਲ ਘੜੀ ਵਿੱਚ ਨਿਭਣ ਦੀਆਂ ਸੈਂਕੜੇ ਮਿਸਾਲਾਂ ਸੁਖਬੀਰ ਸਿੰਘ ਬਾਦਲ ਨੇ ਕਾਇਮ ਕੀਤੀਆਂ ਹਨ।

# ਕਿਸਾਨ ਸੰਘਰਸ਼ ਦੇ ਸ਼ਹੀਦ ਮਾ. ਯਸ਼ਪਾਲ ਸਰੀਹਾਂ ਦੀ ਬਰਸੀ ਮਨਾਈ

**ਭਾਈ ਲਾਲੋ ਦੀ ਵਿਚਾਰਧਾਰਾ ਨੂੰ ਘਰ-ਘਰ ਤੱਕ ਲਿਜਾਣ ਦੀ ਲੋੜ : ਪਾਸਲਾ**



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਕਿਸਾਨ ਘੋਲ ਦੇ ਪਹਿਲੇ ਸ਼ਹੀਦ ਮਾ: ਯਸ਼ਪਾਲ ਸਰੀਹਾਂ ਮਹਿਲ ਕਲਾਂ (ਬਰਨਾਲਾ) ਦੀ ਸਾਲਾਨਾ ਬਰਸੀਂ ਭਾਰਤੀ ਇਨਕਲਾਬੀ ਮਾਰਕਸਵਾਦੀ ਕਮਿਊਨਿਸਟ ਪਾਰਟੀ ਦੀ ਜ਼ਿਲ੍ਹਾ ਇਕਾਈ ਵੱਲੋਂ ਸ਼ਹੀਦ ਬਾਬਾ ਜੰਗ ਸਿੰਘ ਪਾਰਕ, ਮਹਿਲ ਕਲਾਂ ਵਿਖੇ ਇਨਕਲਾਬੀ ਜੋਸ਼ੋ ਖਰੋਸ਼ ਨਾਲ ਮਨਾਈ ਗਈ।ਇਸ ਮੌਕੇ ਪਾਰਟੀ ਦੇ ਕੌਮੀ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਸ਼ਹੀਦ ਯਸ਼ਪਾਲ ਸਰੀਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਸੰਘਰਸ਼ ਦੌਰਾਨ ਯਸ਼ਪਾਲ ਵਰਗੇ ਸੈਂਕੜੇ ਕਿਸਾਨਾਂ ਨੇ ਆਪਣੀਆਂ ਜ਼ਮੀਨਾਂ ਤੇ ਅਧਿਕਾਰਾਂ ਦੀ ਰਾਖੀ ਲਈ ਆਪਣੀਆਂ ਕੀਮਤੀ, ਜਿੰਦਾ ਕਿਸਾਨ ਸੰਘਰਸ਼ ਲੇਖੇ ਲਾ ਕੇ ਆਪਣਾ ਨਾਂਅ ਸੁਨਹਿਰੀ ਪੰਨਿਆਂ 'ਤੇ ਦਰਜ ਕਰਵਾਇਆ।ਕਾਮਰੇਡ ਪਾਸਲਾ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਕਿਸਾਨ ਤੇ ਲੋਕ ਮਾਰੂ ਨੀਤੀਆਂ ਦੇ ਖਿਲਾਫ ਕਿਸਾਨ ਸੰਘਰਸ਼ ਸਮੇਂ ਸਾਢੇ ਸੱਤ ਸੌ ਤੋਂ ਵੱਧ ਕਿਸਾਨਾਂ ਨੇ ਸ਼ਹਾਦਤ ਦਾ ਜਾਮ ਪੀਤਾ ਸੀ, ਜੋ ਸਾਡੇ ਲਈ ਪ੍ਰੇਰਨਾ ਸਰੋਤ ਹੈ।ਉਨ੍ਹਾਂ ਕਿਹਾ ਕਿ ਸਮਾਜ ਨੂੰ ਧਰਮ ਦੇ ਨਾਂਅ 'ਤੇ ਵੰਡਣ ਵਾਲੀਆਂ ਤਾਕਤਾਂ ਨੂੰ ਰੋਕਣ ਲਈ ਕਿਰਤੀ ਭਾਈ ਲਾਲੋ ਜੀ ਦੀ ਵਿਚਾਰਧਾਰਾ ਨੂੰ ਲੋਕਾਂ ਵਿੱਚ ਲੈ ਕੇ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਪਿੰਡ ਪਿੰਡ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਤੇ ਹਰ ਵਰਗ ਦੀਆਂ ਕਮੇਟੀਆਂ ਬਣਾ ਕੇ ਇਕ ਇਨਕਲਾਬੀ ਲਹਿਰ ਉਸਾਰੀ ਜਾ ਸਕਦੀ ਹੈ।ਉਨ੍ਹਾਂ ਆਪ 'ਤੇ ਚੋਣ ਵਾਅਦਿਆਂ ਤੋਂ ਮੁਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਕਿ ਜੋ ਆਮ ਆਦਮੀ ਦੇ ਨਾਂ 'ਤੇ ਸੱਤਾ 'ਚ ਆਈ ਸੀ, ਉਹ ਅੱਜ ਖਾਸ ਆਦਮੀ ਪਾਰਟੀ ਬਣ ਚੁੱਕੀ ਹੈ।ਆਮ ਲੋਕਾਂ ਦੀ ਆਵਾਜ਼ ਬਣਨ ਦਾ ਢੰਡੋਰਾ ਪਿਟਣ ਵਾਲੀ ਇਹ ਪਾਰਟੀ ਅੱਜ ਸਰਮਾਏਦਾਰ ਤਾਕਤਾਂ ਨੂੰ ਰਾਜ ਸਭਾ ਵਿਚ ਭੇਜ ਰਹੀ ਹੈ, ਜੋ ਬਹੁਤ ਹੀ ਨਿੰਦਣਯੋਗ ਹੈ।ਸੀ ਪੀ ਆਈ ਦੇ ਕਾਮਰੇਡ ਖੁਸ਼ੀਆ ਸਿੰਘ ਨੇ ਕਿਹਾ ਕਿ ਮਾ: ਯਸ਼ਪਾਲ ਸਰੀਹਾਂ ਸੇਵਾ ਮੁਕਤ ਹੋਣ ਤੋਂ ਬਾਅਦ ਵੀ ਕਿਸਾਨਾਂ, ਮਜ਼ਦੂਰਾਂ ਤੇ ਦੱਬੇ ਕੁਚਲੇ ਲੋਕਾਂ ਦੇ ਹੱਕਾਂ ਲਈ ਲੜਾਈ ਲੜਦੇ ਰਹੇ।ਉਨ੍ਹਾਂ ਦੀ ਸ਼ਹਾਦਤ ਪੂਰੇ ਸਮਾਜ ਲਈ ਪ੍ਰੇਰਨਾ ਦਾ ਸਰੋਤ ਹੈ।ਇਨਕਲਾਬੀ ਗਾਇਕ ਅਜਮੇਰ ਅਕਲੀਆਂ ਨੇ ਇਨਕਲਾਬੀ ਗੀਤ ਪੇਸ਼ ਕਰਕੇ ਕਿਰਤੀ ਲੋਕਾਂ ਨੂੰ ਇਕਜੁੱਟ ਹੋਣਦਾ ਸੁਨੇਹਾ ਦਿੱਤਾ। ਇਸ ਮੌਕੇ ਮਾ: ਮਨੋਹਰ ਲਾਲ, ਅਮਰਜੀਤ ਕੁੱਕੂ, ਮਲਕੀਤ ਸਿੰਘ ਵਜੀਦਕੇ, ਗੁਰਦੇਵ ਸਿੰਘ ਮਹਿਲ ਖੁਰਦ, ਮਾ: ਦਰਸ਼ਨ ਸਿੰਘ ਪੰਡੋਰੀ, ਮੰਗਤ ਸਿੰਘ ਸਿੱਧੂ, ਕਰਮਜੀਤ ਸਿੰਘ ਬੀਹਲਾ, ਹਰਵਿੰਦਰ ਸ਼ਰਮਾ, ਕਾ: ਸੁਰਜੀਤ ਦਿਹੜ, ਹਰਪਾਲ ਸਿੰਘ ਸਹੌਰ, ਮਾ; ਸਰੂਪ ਚੰਦ ਬਰਨਾਲਾ, ਹਰਨੇਕ ਸਿੰਘ ਹਮੀਦੀ, ਕੌਰ ਸਿੰਘ ਧਾਲੀਵਾਲ, ਰਾਜ ਰਾਣੀ, ਨੰਬਰਦਾਰ ਨਛੱਤਰ ਸਿੰਘ ਸਿੱਧੂ, ਨੱਥਾ ਸਿੰਘ ਮਹਿਲ ਖੁਰਦ, ਰਾਜਿੰਦਰਪਾਲ ਨਿਹਾਲੂਵਾਲ, ਨਰਿੰਦਰ ਸਿੰਘ ਕਲਾਲ ਮਾਜਰਾ, ਸੁਖਵਿੰਦਰ ਸਿੰਘ ਕਲਾਲ ਮਾਜਰਾ, ਗੁਲਜਾਰ ਸਿੰਘ, ਬਲਦੇਵ ਸਿੰਘ ਔਜਲਾ, ਚਮਕੌਰ ਸਿੰਘ ਮਠਾੜੂ, ਪ੍ਰੀਤਮ ਸਿੰਘ ਪੀਤਾ, ਸ਼ੰਕਰ ਸ਼ਰਮਾ ਆਦਿ ਹਾਜ਼ਰ ਸਨ।

# ਅਕਾਲੀ ਦਲ ਸੁਤੰਤਰ ਨੇ ਮਿਲਾਵਟਖੋਰੀ ਖਿਲਾਫ ਸਰਕਾਰਾਂ ਦਾ ਫੂਕਿਆ ਪੁਤਲਾ



**ਨਾਭਾ (ਵਰਿੰਦਰ ਵਰਮਾ)**-ਅਕਾਲੀ ਦਲ ਸੁਤੰਤਰ ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਦੀ ਅਗਵਾਈ ਹੇਠ ਸਥਾਨਕ ਪਟਿਆਲਾ ਗੇਟ ਵਿਖੇ ਮਿਲਾਵਟਖੋਰੀ ਖਿਲਾਫ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਰੋਸ ਧਰਨਾ ਦਿੱਤਾ।ਉਨ੍ਹਾਂ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਵੀ ਤਿਉਹਾਰਾਂ ਦਾ ਸੀਜ਼ਨ ਆਉਂਦਾ ਹੈ ਮਿਲਾਵਟਖੋਰੀ ਆਪਣੀਆਂ ਹੱਦਾਂ ਪਾਰ ਕਰ ਜਾਂਦੀ ਹੈ ਤੇ ਮਿਲਾਵਟਖੋਰ ਵਪਾਰੀ ਆਪਣੀਆਂ ਤਿਜੌਰੀਆਂ ਭਰਨ ਲੱਗ ਜਾਂਦੇ ਹਨ ਅਤੇ ਇਹ ਸਭ ਕੁਝ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੇ ਮਹਿਕਮਿਆਂ ਦੇ ਨੱਕ ਥੱਲੇ ਹੁੰਦਾ ਹੈ ਤੇ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ। ਉਨ੍ਹਾਂ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਉਹ ਮਿਲਾਵਟਖੋਰਾਂ ਤੇ ਮਿਲਾਵਟੀ ਸਾਮਾਨ ਵੇਚਣ ਖਿਲਾਫ ਸਖਤ ਕਾਰਵਾਈ ਕਰੇ ਤਾਂ ਜੋ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਾ ਹੋਵੇ। ਇਸ ਮੌਕੇ ਪਾਰਟੀ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਦੀ ਅਗਵਾਈ ਹੇਠ ਵਰਕਰਾਂ ਵੱਲੋਂ ਪੰਜਾਬ ਸਰਕਾਰ ਦਾ ਪੁਤਲਾ ਵੀ ਫੂਕਿਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਬੰਸ ਸਿੰਘ ਖਟੜਾ, ਰਘਵੀਰ ਸਿੰਘ ਨੌਹਰਾ, ਗੁਰਜੀਤ ਬਿੰਨਾਹੇੜੀ, ਮਖਤਿਆਰ ਸਿੰਘ, ਰਣਜੀਤ ਸਿੰਘ, ਬਿੰਦਾ ਵਿਰਕ, ਸੁਰਜੀਤ ਸਿੰਘ ਬਾਬਰਪੁਰ, ਪਰਮਜੀਤ ਸਿੰਘ, ਗੁਲਜਾਰ ਸਿੰਘ, ਜਰਨੈਲ ਸਿੰਘ ਕੱਲਰ ਭੈਣੀ, ਪੂਰਨ ਸਿੰਘ, ਅਮਰ ਸਿੰਘ ਅਮਰ ਤੇ ਹੋਰ ਪਾਰਟੀ ਵਰਕਰ ਹਾਜ਼ਰ ਸਨ।

# ਰੋਡਵੇਜ਼ ਮੁਲਾਜ਼ਮਾਂ 'ਚ ਫਿਰ ਬੇਚੈਨੀ, ਔਰਤਾਂ ਦੇ ਮੁਫ਼ਤ ਸਫ਼ਰ ਦੇ ਹਜ਼ਾਰ ਕਰੋੜ ਰੁਪਏ ਤੋਂ ਵੱਧ ਅਜੇ ਵੀ ਪੈਂਡਿੰਗ

**ਅੱਜ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ ਯਾਦ 'ਚ ਵਿਸ਼ਾਲ ਇਕੱਤਰਤਾ**



**ਲੁਧਿਆਣਾ (ਰੈਕਟਰ ਕਥੂਰੀਆ)**
ਇਸ ਵਾਰ 17 ਅਕਤੂਬਰ 2025 ਨੂੰ ਮੋਗਾ ਵਿਖੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਦੀ ਬਰਸੀ ਮੌਕੇ ਵਿਸ਼ੇਸ਼ ਇਕੱਠ ਹੋਣਾ ਹੈ।ਇਸ ਯਾਦਗਾਰੀ ਇਕੱਤਰਤਾ ਵਿੱਚ ਵਰਕਰਾਂ ਨੂੰ ਦਰਪੇਸ਼ ਸਾਰੇ ਮੁੱਦੇ ਵਿਚਾਰੇ ਜਾਣੇ ਹਨ।ਚੇਤੇ ਰਹੇ ਕਿ ਪੰਜਾਬ ਰੋਡਵੇਜ਼ ਵਰਕਰਾਂ ਵਿੱਚ ਇੱਕ ਵਾਰ ਫਿਰ ਬੇਚੈਨੀ ਹੈ।ਇਨ੍ਹਾਂ ਮੁੱਦਿਆਂ ਤੇ ਮੁਸ਼ਕਲਾਂ ਨੂੰ ਲੈ ਕੇ ਇੱਕ ਵਿਸ਼ੇਸ਼ ਮੀਟਿੰਗ ਪ੍ਰਧਾਨ ਹਰਬੰਸ ਸਿੰਘ ਦੀ ਅਗਵਾਈ ਹੇਠ ਹੋਈ।

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰ ਯੂਨੀਆ (ਏਟਕ) ਵੱਲੋਂ ਲੁਧਿਆਣਾ ਵਿਖੇ ਇੱਕ ਵਾਰ ਫੇਰ ਇਨ੍ਹਾਂ ਮੰਗਾਂ ਤੇ ਮਸਲਿਆਂ ਨੂੰ ਲੈਕੇ ਗੰਭੀਰ ਵਿਚਾਰ ਵਟਾਂਦਰਾ ਕੀਤਾ ਗਿਆ।ਇਸ ਮੌਕੇ ਇੱਕ ਵਾਰ ਫੇਰ ਇਹ ਗੱਲ ਸਾਹਮਣੇ ਆਈ ਕਿ ਸਰਕਾਰ ਵੱਲੋਂ ਇਸਤਰੀਂ ਦੇ ਮੁਫ਼ਤ ਬਸ ਸਫ਼ਰ ਦਾ ਇੱਕ ਹਜ਼ਾਰ ਕਰੋੜ ਰੁਪਏ ਤੋਂ ਵੱਧ ਵਾਲਾ ਫ੍ਰੀ ਸਫ਼ਰ ਦਾ ਕਲੇਮ ਅਜੇ ਤੱਕ ਪੈਂਡਿੰਗ ਪਿਆ ਹੈ। ਆਰਥਿਕ ਕਿੱਲਤਾਂ ਕਾਰਨ ਸਪੇਅਰ ਪਾਰਟਸ ਲੈਣੇ ਵੀ ਮੁਸ਼ਕਲ ਹੋਏ ਪਏ ਹਨ। ਨਤੀਜਾ ਇਹ ਕਿ ਬਸਾਂ ਦੀ ਹਾਲਤ ਬੁਰੀ ਤਰ੍ਹਾਂ ਖਸਤਾ ਹੋਈ ਪਈ ਹੈ।ਇਨ੍ਹਾਂ ਹਾਲਤਾਂ ਦੇ ਬਾਵਜੂਦ ਮੁਲਾਜ਼ਮ ਵਰਗ ਕਿਸੇ ਨਾ ਕਿਸੇ ਤਰ੍ਹਾਂ ਬੱਸਾਂ ਚਲਾਈ ਜਾ ਰਿਹਾ ਹੈ।ਇਸਦੇ ਬਾਵਜੂਦ ਪੰਜਾਬ ਸਰਕਾਰ ਕੰਟਰੈਕਟ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਪੱਕਾ ਨਹੀਂ ਕੀਤਾ ਜਾ ਰਿਹਾ।ਸਰਕਾਰ ਇਨ੍ਹਾਂ ਵਰਕਰਾਂ ਨੂੰ ਪੱਕਾ ਕਰਨ ਤੇ ਆਰਥਿਕ ਔਕੜਾਂ ਨਨ ਦੂਰ ਕਰਨ ਵਾਲੇ ਪਾਸੇ ਕੋਈ ਧਿਆਨ ਨਹੀਂ ਦੇ ਰਹੀ, ਜਿਸ ਕਾਰਨ ਮੁਲਾਜ਼ਮ ਵਰਗ ਵਿੱਚ ਇਨ੍ਹਾਂ ਬਦਨੀਤੀਆਂ ਨੂੰ ਲੈ ਕੇ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਜੀ ਐੱਮ ਨਵਰਾਜ ਬਾਤਿਸ਼ ਤੇ ਟੀ ਐੱਮ ਜੀ ਬਲਜਿੰਦਰ ਸਿੰਘ ਬਰਾੜ ਨੂੰ ਕਈ ਵਾਰ ਲਿਖਤੀ ਸ਼ਿਕਾਇਤ ਵੀ ਕੀਤੀ ਜਾ ਚੁੱਕੀ ਹੈ, ਪਰ ਸਭ ਕੁਝ ਨਿਰਥਰਕ ਸਾਬਿਤ ਹੋ ਰਿਹਾ ਹੈ।ਕਰਮਚਾਰੀਆਂ ਦਿਨ ਨਿਯੁਕਤੀਆਂ ਵੀ ਉਨ੍ਹਾਂ ਦੀਆਂ ਸੀਟਾਂ ਮੁਤਾਬਿਕ ਨਹੀਂ ਹੁੰਦੀਆਂ।ਜੇਕਰ ਮੁਲਾਜ਼ਮਾਂ ਤੇ ਆਮ ਜਨਤਾ ਨੂੰ ਦਰਪੇਸ਼ ਇਨ੍ਹਾਂ ਸਰੂਆਂ ਮੁਸ਼ਕਲਾਂ ਨੂੰ ਹੱਲ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਡਾ ਐਕਸ਼ਨ ਲੈਣ ਲਈ ਮਜਬੂਰ ਹੋਵੇਗੀ।

## ਸੱਤਿਆ ਭਾਰਤੀ ਸਕੂਲ ਦੇ ਵਿਦਿਆਰਥੀਆਂ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ (ਸ਼ੈਕੀ ਸ਼ਰਮਾ, ਜਗਦੀਸ਼ ਰਾਏ)**-ਸੱਤਿਆ ਭਾਰਤੀ ਸਕੂਲ ਲੱਖੋਵਾਲ ਦੇ ਵਿਦਿਆਰਥੀਆਂ ਨੇ ਸੈਂਟਰ ਪੱਧਰੀ ਖੇਡਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਹੈੱਡ ਟੀਚਰ ਰਮਨ ਕੁਮਾਰ ਨੇ ਦੱਸਿਆ ਕਿ ਬਲਾਕ ਮਾਛੀਵਾੜਾ-2 ਦੀਆਂ ਸੈਂਟਰ ਪੱਧਰੀ ਖੇਡਾਂ ਸਰਕਾਰੀ ਪ੍ਰਾਇਮਰੀ ਸਕੂਲ ਮਾਣੇਵਾਲ ਵਿਖੇ ਕਰਵਾਈਆਂ ਗਈਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਖੇਡਾਂ ਵਿੱਚ ਕਬੱਡੀ, ਰੱਸਾਕਸੀ, ਰੇਸਲਿੰਗ ਤੇ ਐਥਲੈਟਿਕਸ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਸਕੂਲ ਦੇ ਚੌਥੀ ਤੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਉਨ੍ਹਾਂ ਦੱਸਿਆ ਕਿ ਜੇਤੂ ਬੱਚਿਆਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਪ੍ਰਿਆ ਗੁਪਤਾ, ਮਨਪ੍ਰੀਤ ਕੌਰ, ਹਰਪ੍ਰੀਤ ਕੌਰ, ਸਿਮਰਨਜੀਤ ਕੌਰ, ਜਸਪ੍ਰੀਤ ਕੌਰ ਤੇ ਗਗਨਦੀਪ ਕੌਰ ਮੌਜੂਦ ਸਨ।

## ਸਕੂਲ ਆਫ ਐਮੀਨੈਂਸ 'ਚ ਇੰਟਰਨੈਸ਼ਨਲ ਗਰਲ ਚਾਈਲਡ ਡੇ ਮਨਾਇਆ



**ਜਲਾਲਾਬਾਦ (ਜੀਤ ਕੁਮਾਰ)**-ਸਕੂਲ ਆਫ ਐਮੀਨੈਂਸ ਜਲਾਲਾਬਾਦ ਵਿਖੇ ਇੰਟਰਨੈਸ਼ਨਲ ਗਰਲ ਚਾਈਲਡ ਡੇ ਮਨਾਇਆ ਗਿਆ। ਇਸ ਮੌਕੇ ਐਡਵੋਕੇਟ ਮਨਜੀਤ ਕੌਰ ਨੇ ਲੜਕੀਆਂ ਨੂੰ ਪੋਕਸੋ ਐਕਟ, ਰਾਈਟ ਟੂ-ਐਜੂਕੇਸ਼ਨ ਫਾਰ ਗਰਲਜ਼, ਰਾਈਟ ਫਾਰ ਗਰਲਜ਼ ਹੈਲਪ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਐਡਵੋਕੇਟ ਮੈਡਮ ਮਨਜੀਤ ਕੌਰ ਨੇ ਬੱਚਿਆਂ ਨੂੰ ਗਰਲਜ਼ ਸ਼ੋਸ਼ਣ ਤੇ ਉਸ ਨਾਲ ਸਬੰਧਤ ਕਾਨੂੰਨਾਂ ਦੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੂੰ ਪੜ੍ਹ-ਲਿਖ ਕੇ ਆਤਮ ਨਿਰਭਰ ਹੋਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਮੁਖੀ ਸੁਰਿੰਦਰ ਗੁਪਤਾ, ਹੁਸ਼ਿਆਰ ਸਿੰਘ ਦਰਗਨ ਲੈਕਚਰਾਰ ਪੋਲ ਸਾਇੰਸ, ਗੁਰਵਿੰਦਰ ਕੌਰ ਲੈਕਚਰਾਰ ਅੰਗਰੇਜ਼ੀ, ਰਾਜੇਸ਼ ਸਿੰਘ ਪੰਜਾਬੀ ਅਧਿਆਪਕ, ਅੰਜੂ ਮਨਚੰਦਾ ਪੰਜਾਬੀ ਮਿਸਟ੍ਰੈੱਸ ਮੌਜੂਦ ਰਹੇ।

## ਮਾਤਾ ਗੰਗਾ ਖ਼ਾਲਸਾ ਕਾਲਜ ਵਿਖੇ ਪੰਜਾਬੀ ਭਾਸ਼ਾ ਤੇ ਕੰਪਿਊਟਰ ਨਾਲ ਸੰਬੰਧਤ ਮੁਕਾਬਲੇ ਕਰਵਾਏ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖ਼ਾਲਸਾ ਕਾਲਜ ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਤੇ ਕੰਪਿਊਟਰ ਸਾਇੰਸ ਵਿਭਾਗ ਦੇ ਸਾਂਝੇ ਉਪਰਾਲੇ ਨਾਲ਼ ਪੰਜਾਬੀ ਭਾਸ਼ਾ ਤੇ ਕੰਪਿਊਟਰ ਨਾਲ਼ ਸੰਬੰਧਤ ਲੈਕਚਰ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ।ਇਸ ਮੌਕੇ ਪ੍ਰੋ. ਮਨਜੀਤ ਕੌਰ ਭੱਟੀ (ਮੁਖੀ ਪੰਜਾਬੀ ਵਿਭਾਗ) ਨੇ ਵਿਦਿਆਰਥੀਆਂ ਨੂੰ ਪੰਜਾਬੀ ਭਾਸ਼ਾ ਵਿੱਚ ਕੰਪਿਊਟਰ ਦੀ ਵਰਤੋਂ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਪੰਜਾਬੀ ਭਾਸ਼ਾ ਦੀ ਕੰਪਿਊਟਰ 'ਤੇ ਵਰਤੋਂ ਬਹੁਤ ਮਹੱਤਵਪੂਰਨ ਹੋ ਗਈ ਹੈ।ਪੰਜਾਬੀ ਲਿੱਪੀ 'ਗੁਰਮੁਖੀ' ਹੁਣ ਮੋਬਾਈਲ ਤੇ ਇੰਟਰਨੈੱਟ 'ਤੇ ਆਸਾਨੀ ਨਾਲ਼ ਪ੍ਰਾਪਤ ਕੀਤੀ ਜਾ ਸਕਦੀ ਹੈ।ਲੈਕਚਰਾਰ ਗੁਰਪ੍ਰੀਤ ਕੌਰ (ਮੁਖੀ ਕੰਪਿਊਟਰ ਸਾਇੰਸ ਵਿਭਾਗ) ਨੇ ਵਿਦਿਆਰਥੀਆਂ ਨੂੰ ਕੰਪਿਊਟਰ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਯੂਨੀਕੋਡ ਤਕਨਾਲੋਜੀ ਦੇ ਆਉਣ ਨਾਲ ਪੰਜਾਬੀ ਭਾਸ਼ਾ ਵਿੱਚ ਲਿਖਣਾ ਤੇ ਪੜ੍ਹਨਾ ਸੌਖਾ ਹੋ ਗਿਆ ਹੈ।ਪੰਜਾਬੀ ਲਈ ਵੱਖ-ਵੱਖ ਕੀ-ਬੋਰਡ ਲੇ-ਆਉਟ ਜਿਵੇਂ ਇੰਸਕ੍ਰਿਪਟ, ਫੋਨੈਟਿਕ ਆਦਿ ਫੌਂਟ ਵਿਕਸਿਤ ਕੀਤੇ ਗਏ ਹਨ।ਸਰਕਾਰੀ ਦਫ਼ਤਰਾਂ ਤੇ ਵਿੱਦਿਅਕ ਸੰਸਥਾਵਾਂ ਵਿੱਚ ਵੀ ਕੰਪਿਊਟਰ ਉੱਤੇ ਪੰਜਾਬੀ ਭਾਸ਼ਾ ਦੀ ਵਰਤੋਂ ਵਧ ਗਈ ਹੈ, ਵਿਦਿਆਰਥੀ ਰਿਸਰਚ ਪੇਪਰ, ਪ੍ਰੋਜੈਕਟ ਆਦਿ ਵੀ ਪੰਜਾਬੀ ਭਾਸ਼ਾ ਵਿੱਚ ਕੰਪਿਊਟਰ ਜ਼ਰੀਏ ਤਿਆਰ ਕਰ ਰਹੇ ਹਨ।ਇਸ ਮੌਕੇ ਕਰਵਾਏ ਗਏ ਪੋਸਟਰ ਮੁਕਾਬਲੇ ਵਿੱਚ ਕੋਮਲਪ੍ਰੀਤ ਕੌਰ ਨੇ ਪਹਿਲਾ, ਮਨਦੀਪ ਕੌਰ ਨੇ ਦੂਜਾ ਅਤੇ ਤਰਨਪ੍ਰੀਤ ਕੌਰ ਤੇ ਜੋਨਸਨ ਕੁਮਾਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਡਾ. ਰੂਪਾ ਕੌਰ (ਪੰਜਾਬੀ ਵਿਭਾਗ) ਤੇ ਪ੍ਰੋ. ਸੁਖਵਿੰਦਰ ਕੌਰ (ਕੰਪਿਊਟਰ ਵਿਭਾਗ) ਨੇ ਵਿਦਿਆਰਥੀਆਂ ਨੂੰ ਪੋਸਟਰ ਬਣਾਉਣ ਲਈ ਉਤਸ਼ਾਹਤ ਕੀਤਾ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਪੰਜਾਬੀ ਤੇ ਕੰਪਿਊਟਰ ਸਾਇੰਸ ਵਿਭਾਗ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਅਜੋਕੇ ਕੰਪਿਊਟਰੀਕਰਨ ਯੁੱਗ ਵਿੱਚ ਕੰਪਿਊਟਰ ਰਾਹੀਂ ਮਾਤ-ਭਾਸ਼ਾ ਨਾਲ਼ ਜੁੜਨ ਲਈ ਉਤਸ਼ਾਹਤ ਕੀਤਾ।

## ਮਾਤਾ ਸਾਹਿਬ ਕੌਰ ਸਕੂਲ ਵਿਖੇ ਸਿੱਖ ਇਤਿਹਾਸ ਨੂੰ ਸਮਰਪਤ ਸਮਾਗਮ



ਮੈਂ, ਸੁਖਜੀਤ ਸਿੰਘ ਪੁੱਤਰ ਬਹਾਦੁਰ ਸਿੰਘ ਵਾਸੀ ਮਕਾਨ ਨੰਬਰ 29/੬੭੫, ਗਾਂਧੀ ਨਗਰ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਬਲਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ ਸਨੇਹ ਲਤਾ ਪਤਨੀ ਰਾਜ ਕੁਮਾਰ ਵਾਸੀ ਮਕਾਨ ਨੰਬਰ 67, ਭਰਾੜੀਵਾਲ, ਪ੍ਰੀਤ ਐਵੀਨਿਊ, ਅੰਮ੍ਰਿਤਸਰ ਆਪਣੀ ਸ਼ਾਦੀਸ਼ੁਦਾ ਲੜਕੀ ਸੋਨੀਆ ਜੈਰਥ ਜੋ ਕਿ ਮੇਰੇ ਕਹਿਣੇ ਵਿਚ ਨਹੀਂ, ਮੈਂ ਇਸ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਨ ਦੇਣ ਕਰਨ ਵਾਲਾ ਖੁਦ ਜਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਬਾਕੀ ਪਰਿਵਾਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਅਸ਼ੋਕ ਕੁਮਾਰ ਪੁੱਤਰ ਪ੍ਰਕਾਸ਼ ਚੰਦ ਅਤੇ ਆਸ਼ਾ ਮੁਖੀਜਾ ਪਤਨੀ ਅਸ਼ੋਕ ਕੁਮਾਰ ਵਾਸੀਆਨ ਐਮ-38, ਸਾਹਮਣੇ ਵਾਟਰ ਟੈਂਕ, ਗਰੀਨ ਐਵੀਨਿਊ, ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਧੀਰਜ ਕੁਮਾਰ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ, ਜਿਸ ਨੂੰ ਅਸੀਂ ਆਪਣੀ ਰਿਸ਼ਤੇਦਾਰੀ ਅਤੇ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੀਤ ਸਿੰਘ ਪੁੱਤਰ ਜੋਰਾ ਸਿੰਘ, ਵਾਸੀ ਪੱਤੀ ਸੰਦੇਹ, ਪਿੰਡ ਡਰੋਲੀ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਖੁਸ਼ਕਰਨ ਸਿੰਘ ਅਤੇ ਮੇਰੀ ਨੂੰਹ ਗਗਨਦੀਪ ਕੌਰ ਪਤਨੀ ਖੁਸ਼ਕਰਨ ਸਿੰਘ, ਜੋ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ- ਝਗੜਾ, ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਸੰਬੰਧ/ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ ਸਤਨਾਮ ਸਿੰਘ ਪੁੱਤਰ ਅਮਰਜੀਤ ਸਿੰਘ, ਵਾਸੀ ਨੇੜੇ ਗੁਰਦੁਆਰਾ ਮਹਿਰ ਮੀਆਂ ਪੱਤੀ, ਪਿੰਡ ਹਿੰਮਤਪੁਰਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਲਵਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਮੂਰਤੀ ਪਤਨੀ ਸਦੀਕ ਖਾਨ ਵਾਸੀ ਪਿੰਡ ਰੌਤਾਂ, ਤਹਿ. ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬੂਟਾ ਖਾਨ ਅਤੇ ਮੇਰੀ ਨੂੰਹ ਮਨਪ੍ਰੀਤ ਬੇਗਮ ਪਤਨੀ ਬੂਟਾ ਖਾਨ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ- ਝਗੜਾ, ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਨ੍ਹਾਂ ਨਾਲ ਕੋਈ ਸੰਬੰਧ ਨਹੀਂ ਹੈ।

ਮੈਂ, ਜੇਠਾ ਸਿੰਘ ਪੁੱਤਰ ਪ੍ਰੇਮ ਸਿੰਘ ਵਾਸੀ ਭਾਗੀਕੇ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਜੀਤ ਸਿੰਘ ਅਤੇ ਮੇਰੀ ਨੂੰਹ ਲਖਵੀਰ ਕੌਰ ਪਤਨੀ ਜਗਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ, ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਅਸੀਂ, ਹਰਭਜਨ ਸਿੰਘ ਪੁੱਤਰ ਮਹਿੰਗਾ ਸਿੰਘ ਅਤੇ ਗੁਰਦੀਪ ਕੌਰ ਪਤਨੀ ਹਰਭਜਨ ਸਿੰਘ ਵਾਸੀਆਨ 122, ਗੁਰੂ ਅਰਜਨ ਦੇਵ ਨਗਰ, ਬਸਤੀ ਮਿੱਠੂ, ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਨਰਿੰਦਰ ਸਿੰਘ ਅਤੇ ਉਸਦੀ ਪਤਨੀ ਗੁਰਪ੍ਰੀਤ ਕੌਰ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹਨ। ਅਸੀਂ ਇਹਨਾਂ ਦੋਨਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਹਨਾਂ ਦੋਨਾਂ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਹਨਾਂ ਦੋਨਾਂ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਲਬੀਰ ਕੌਰ ਪਤਨੀ ਸ਼ਿੰਗਾਰਾ ਸਿੰਘ, ਵਾਸੀ ਪਿੰਡ ਮੰਜ ਫੱਗੂਵਾਲ, ਡਾਕਖਾਨਾ ਲਾਡੋਵਾਲ, ਜ਼ਿਲ੍ਹਾ ਲੁਧਿਆਣਾ, ਪੰਜਾਬ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸੁਰਿੰਦਰ ਸਿੰਘ, ਜੋ ਕਿ ਮੇਰੇ ਕਹਿਣੇਕਾਰ ਵਿੱਚ ਨਹੀਂ ਹੈ, ਜਿਸ ਕਰਕੇ ਮੈਂ ਆਪਣੇ ਲੜਕੇ ਸੁਰਿੰਦਰ ਸਿੰਘ ਨੂੰ ਆਪਣੀ ਤਮਾਮ ਚੱਲ-ਅੱਚਲ ਜਾਇਦਾ ਤੋਂ ਬੇਦਖਲ ਕਰਦੀ ਹਾਂ। ਮੇਰੇ ਲੜਕੇ ਸੁਰਿੰਦਰ ਸਿੰਘ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜਿੰਮੇਵਾਰੀ ਹੋਵੇਗਾ।

ਮੈਂ, ਬਲਵੀਰ ਸਿੰਘ ਪੁੱਤਰ ਲਛਮਣ ਦਾਸ ਨਿਵਾਸੀ ਸੀ 632, ਪਿੰਡ ਅਤੇ ਡਾਕਖਾਨਾ ਜੰਡੂ ਸਿੰਘਾ/ਦਾਦੂ ਪੱਟੀ, ਜਲੰਧਰ 144025, ਪੰਜਾਬ ਐਲਾਨ ਕਰਦਾ ਹਾਂ ਕਿ ਮੇਰਾ ਪੁੱਤਰ ਜਸਦੀਪ ਸਿੰਘ ਅਤੇ ਮੇਰੀ ਨੂੰਹ ਕਿਰਨਪ੍ਰੀਤ ਕੌਰ ਮੇਰੇ ਕੰਟਰੋਲ ਵਿੱਚ ਨਹੀਂ ਹਨ। ਇਸ ਲਈ ਮੈਂ ਇਹਨਾਂ ਦੋਵਾਂ ਨੂੰ ਪਰਿਵਾਰ ਸਮੇਤ ਆਪਣੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ਿੰਮੇਵਾਰ ਹੋਵੇਗਾ।

ਮੈਂ, ਅਕਵਿੰਦਰ ਕੌਰ ਪਤਨੀ ਲਖਵਿੰਦਰ ਸਿੰਘ, ਵਾਸੀ ਪਿੰਡ ਕਿਸ਼ਨ ਸਿੰਘ ਵਾਲਾ, ਡਾਕਖਾਨਾ ਸੁਰਖਪੁਰ, ਜ਼ਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਰਨਦੀਪ ਸਿੰਘ, ਜੋ ਕਿ ਕੁਝ ਸਮੇਂ ਤੋਂ ਮੇਰੇ ਕਹਿਣੇਕਾਰ ਤੋਂ ਬਾਹਰ ਹੈ, ਜਿਸ ਕਰਕੇ ਮੈਂ ਆਪਣੇ ਲੜਕੇ ਕਰਨਦੀਪ ਸਿੰਘ, ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰੇ ਉਕਤ ਲੜਕੇ, ਨਾਲ ਜੋ ਕੋਈ ਵੀ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਦਾ ਹੈ ਤਾਂ ਇਸ ਲਈ ਉਹ ਖੁਦ ਜਿੰਮੇਵਾਰ ਹੋਵੇਗਾ। ਇਸ ਵਿੱਚ ਮੇਰੀ ਜਾਂ ਮੇਰੇ ਪਰਿਵਾਰ ਦੇ ਕਿਸੇ ਵੀ ਮੈਂਬਰ ਦੀ ਕੋਈ ਵੀ ਜਿੰਮੇਵਾਰੀ ਨਹੀਂ ਹੋਵੇਗੀ।

ਮੈਂ, ਚੈਂਚਲ ਸਿੰਘ ਪੁੱਤਰ ਕਿਰਪਾਲ ਸਿੰਘ, ਵਾਸੀ ਪਿੰਡ ਮਾਂਗਾ ਸਰਾਏ, ਡਾਕਖਾਨਾ ਢੱਡੇ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਣਜੋਧਬੀਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਸੰਬੰਧ ਨਹੀਂ ਹੈ। ਸੰਬੰਧਤ ਨੋਟ ਕਰਨ।

ਅਸੀਂ, ਸੁਰਿੰਦਰ ਕੁਮਾਰ ਪੁੱਤਰ ਹੰਸ ਰਾਜ ਅਤੇ ਪਰਮਜੀਤ ਪਤਨੀ ਸੁਰਿੰਦਰ ਕੁਮਾਰ, ਵਾਸੀ ਪਿੰਡ ਰਾਵਲ, ਡਾਕਖਾਨਾ ਖੋਜੇਪੁਰ, ਜ਼ਿਲ੍ਹਾ ਗੁਰਦਾਸਪੁਰ। ਸਾਡੀ ਲੜਕੀ ਸ਼ਿਵਾਨੀ ਜੋ ਸਾਡੇ ਅਤੇ ਸਾਡੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਸੁਰਿੰਦਰ ਕੌਰ ਪਤਨੀ ਸੁਰਜੀਤ ਸਿੰਘ ਵਾਸੀ ਵਾਰਡ ਨੰਬਰ 01, ਸੂਰਜ ਨਗਰ, ਉੱਤਰੀ ਮੋਗਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਹਰਮੇਲ ਸਿੰਘ ਅਤੇ ਨੂੰਹ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰਤਨੋ ਦੇਵੀ ਪਤਨੀ ਲੇਟ ਸ੍ਰੀ ਬਾਬੂ ਰਾਮ, ਵਾਸੀ ਮਕਾਨ ਨੰਬਰ ਐੱਫ 11, ਪੰਜ ਪੀਰ ਕਾਲੋਨੀ ਲੈਦਰ ਕੰਪਲੈਕਸ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਿਸ਼ੰਬਰ ਰਾਮ (ਸ਼ਾਦੀਸ਼ੁਦਾ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹਾਂ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅਮਰ ਸਿੰਘ ਪੁੱਤਰ ਮੱਸਾ ਸਿੰਘ, ਵਾਸੀ ਪਿੰਡ ਕਸੇਲ, ਤਹਿ. ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫ਼ੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਰਿਸ਼ਤਾ ਨਹੀਂ ਹੈ।

## ਨਾਂਅ ਦੀ ਬਦਲੀ

ਮੈਂ ਮੰਗਤ ਰਾਮ ਪੁੱਤਰ ਸਤਨਾਮ ਪਿੰਡ ਧਰਮਪੁਰਾ ਅਬਾਦੀ ,ਖਾਂਬਰਾ, ਖਾਂਬਰਾ, ਜਲੰਧਰ, ਪੰਜਾਬ, 144026 ਨੇ ਮੇਰਾ ਨਾਮ ਮੰਗਤ ਰਾਮ ਤੋਂ ਬਦਲ ਕੇ ਹਰਮਨ ਸਿੰਘ ਰੱਖ ਦਿੱਤਾ ਹੈ ਅਤੇ ਇਸ ਤੋਂ ਬਾਅਦ ਮੈਂ ਹਰਮਨ ਸਿੰਘ ਵਜੋਂ ਜਾਣਿਆ ਜਾਵਾਂਗਾ। ਸਾਰੇ ਸੰਬੰਧਤ ਨੋਟ ਕਰੋ ਜੀ।

## ਆਮ ਸੂਚਨਾ

ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦਵਿੰਦਰ ਸਿੰਘ ਪੁੱਤਰ ਮੂਲ ਰਾਜ, ਵਾਸੀ ਅਵਾਣ ਖਾਲਸਾ ਵੱਲੋਂ ਜ਼ਮੀਨ ਦਾ ਇਕ ਇਕਰਾਰਨਾਮਾ ਬੈਅ ਵਾਕਿਆ ਰਕਬਾ ਮਿਠੜਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਕਰੀਬਨ 89 ਕਨਾਲ 1 ਮਰਲਾ ਵੇਚਣ ਦਾ ਸੌਦਾ ਕਰਮਜੀਤ ਕੌਰ ਪਤਨੀ ਲਖਵੀਰ ਸਿੰਘ ਵਾ: ਸ਼ਿਵਦੀਪ ਸਿੰਘ ਪੁੱਤਰ ਲਖਵੀਰ ਸਿੰਘ, ਵਾਸੀਆਨ ਮਕਾਨ ਨੰਬਰ 102 ਟਿੱਬਾ, ਲੁਧਿਆਣਾ ਨਾਲ ਕੀਤਾ ਸੀ। ਰਜਿਸਟਰੀ ਦਾ ਸਮਾਂ 01/10/2025 ਮੁਕੱਰਰ ਕੀਤਾ, ਜਿਸ ਵਿੱਚੋਂ 33 ਕਨਾਲ ਦੀ ਰਜਿਸਟਰੀ ਖਰੀਦਦਾਰ ਨੇ ਕਰਵਾ ਲਈ ਹੈ ਅਤੇ 56 ਕਨਾਲ ਦੀ ਰਜਿਸਟਰੀ ਅਜੇ ਬਾਕੀ ਹੈ, ਜੋ ਕਿ ਖਰੀਦਦਾਰ ਕਰਾਉਣ ਵਿੱਚ ਆਨਾ-ਕਾਨੀ ਕਰ ਰਹੇ ਹਨ। ਅਸੀਂ ਰਜਿਸਟਰੀ ਕਰਾਉਣ ਲਈ ਤਿਆਰ ਹਾਂ। ਅਸੀ ਵਕੀਲ ਰਾਹੀਂ ਇਨ੍ਹਾਂ ਨੂੰ ਨੋਟਿਸ ਭੇਜ ਕੇ ਰਜਿਸਟਰੀ ਕਰਾਉਣ ਦੀ ਮਿਤੀ 13/10/2025 ਦਾ ਟਾਈਮ ਦਿੱਤਾ ਸੀ, ਪਰ ਇਹ ਨਹੀਂ ਆਏ। ਇਸ ਕਰਕੇ ਇਨ੍ਹਾਂ ਨਾਲ ਇਹ ਇਕਰਾਰਨਾਮਾ ਖਤਮ ਹੁੰਦਾ ਹੈ, ਹੁਣ ਇਸ ਜ਼ਮੀਨ ਸੰਬੰਧੀ ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਕਮਲ ਦੇਵ ਸੈਣੀ ਪੁੱਤਰ ਸ੍ਰੀ ਲੇਖ ਰਾਮ ਵਾਸੀ ਪਿੰਡ ਤੇ ਡਾਕਖਾਨਾ ਲੜੋਆ ਤਹਿ. ਆਦਮਪੁਰ ਜਲੰਧਰ ਦਾ ਹਾਂ ਕੁੱਝ ਦਸਤਾਵੇਜ਼ਾਂ ਵਿੱਚ ਮੇਰਾ ਨਾਮ ਕਮਲ ਦੇਵ ਸੈਣੀ ਲਿਖਿਆ ਹੈ ਜੋ ਕਿ ਦਰੁੱਸਤ ਨਾਮ ਹੈ। ਪਰ ਮਹਿਕਮਾ ਮਾਲ ਵਿੱਚ ਮੇਰਾ ਨਾਮ ਕਮਲ ਦੇਵ ਲਿਖਿਆ ਹੈ। ਕਮਲ ਦੇਵ ਸੈਣੀ ਅਤੇ ਕਮਲ ਦੇਵ ਇੱਕ ਹੀ ਵਿਅਕਤੀ ਦੇ ਦੋ ਨਾਮ ਹਨ।

ਮੈਂ, ਤੀਰਥ ਸਿੰਘ ਪੁੱਤਰ ਭਗਤ ਸਿੰਘ, ਵਾਸੀ ਮਕਾਨ ਨੰਬਰ 24, ਪੰਜਾਬੀ ਬਾਗ, ਨਜ਼ਦੀਕ ਬੁਲੰਦਪੁਰ, ਪਠਾਨਕੋਟ ਰੋਡ, ਤਹਿਸੀਲ ਤੇ ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਜਤਿੰਦਰ ਸਿੰਘ (51 ਸਾਲ) ਨੂੰ ਕਹਿਣੇਕਾਰ ਨਾਲ ਹੋਣ ਕਰਕੇ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ। ਹੁਣ ਮੇਰਾ ਲੜਕਾ ਜਤਿੰਦਰ ਸਿੰਘ ਮੇਰੇ ਕਹਿਣੇਕਾਰ ਹੈ ਅਤੇ ਮੇਰੀ ਸੇਵਾ-ਸੰਭਾਲ ਕਰਦਾ ਹੈ। ਹੁਣ ਮੈਂ ਆਪਣੇ ਲੜਕੇ ਜਤਿੰਦਰ ਸਿੰਘ ਨੂੰ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ ਅਤੇ ਅੱਜ ਤੋਂ ਬਾਅਦ ਮੇਰਾ ਲੜਕਾ ਮੇਰੀ ਚੱਲ-ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਜਗਤਾਰ ਸਿੰਘ ਪੁੱਤਰ ਭੂਰਾ ਸਿੰਘ ਵਾਰਡ ਨੰ: 9 ਨੇੜੇ ਬਾਲਮਿਕ ਮੰਦਰ ਬਰੇਟਾ ਜ਼ਿਲ੍ਹਾ ਮਾਨਸਾ ਹਰ ਆਮ ਤੇ ਖਾਸ ਨੂੰ ਸੂਚਿਤ ਕਰਦਾ ਹਾਂ ਕਿ ਜਿੱਥੇ ਮੈਂ ਰਹਿ ਰਿਹਾ ਹਾਂ ਉਹ ਮੇਰਾ ਵਿਰਾਸਤੀ ਰਕਬਾ ਹੈ , ਮੇਰੇ ਹਿੱਸੇ ਵਿੱਚ ਆਇਆ ਹੈ ਅਤੇ ਮੈਂ ਇਸਦਾ ਹਾਊਸ ਟੈਕਸ ਭਰ ਰਿਹਾ ਹਾਂ । ਮੈਂ ਇਸ ਰਕਬੇ ਦਾ ਨਕਸ਼ਾ ਨਗਰ ਕੌਂਸਲ ਬਰੇਟਾ ਵੱਲੋ ਪਾਸ ਕਰਵਾਉਣਾ ਚਾਹੁੰਦਾ ਹਾਂ । ਜੇਕਰ ਕਿਸੇ ਨੂੰ ਕੋਈ ਇਤਰਾਜ ਹੋਵੇ ਤਾਂ ਉਹ 30 ਦਿਨਾਂ ਦੇ ਅੰਦਰ ਅੰਦਰ ਨਗਰ ਕੌਂਸਲ ਦਫਤਰ ਬਰੇਟਾ ਨੂੰ ਪੇਸ਼ ਕਰ ਸਕਦਾ ਹੈ ।

ਸ੍ਰੀ ਕਰਨੈਲ ਸਿੰਘ ਪੁੱਤਰ ਸ਼ਾਮ ਸਿੰਘ ਵਾਸੀ ਖੋਸਾ ਪਾਂਡੋ ਜ਼ਿਲ੍ਹਾ ਮੋਗਾ ਦੇ ਨਾਮ ਤੇ ਇੱਕ ਟਿਊਬਵੈਲ ਕੁਨੈਕਸ਼ਨ ਖਾਤਾ ਨੰ (K H3-115) ਬੀ ਐਚ ਪੀ 20ਵਾਕਿਆ ਪਿੰਡ ਰਕਬਾ ਖੋਸਾ ਪਾਂਡੋ ਮੋਗਾ ਵਿੱਚ ਚੱਲ ਰਿਹਾ ਹੈ। ਹੁਣ ਇਸ ਕੁਨੈਕਸ਼ਨ ਦੀ ਨਾਮ ਦੀ ਬਦਲੀ ਨਿਰੰਜਨ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਖੋਸਾ ਪਾਂਡੋ ਮੋਗਾ ਵੱਲੋਂ ਆਪਣੇ ਨਾਮ ਤੇ ਕਰਵਾਉਣ ਲਈ ਦਰਖਾਸਤ ਦਿੱਤੀ ਹੈ । ਜੇਕਰ ਇਸ ਸਬੰਧੀ ਕਿਸੇ ਨੂੰ ਕੋਈ ਵੀ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਪੀ ਐਸ ਪੀ ਸੀ ਐਲ ਉਪ ਮੰਡਲ ਅਫਸਰ ਉੱਤਰੀ ਮੋਗਾ ਨੂੰ ਪੇਸ਼ ਕਰ ਸਕਦਾ ਹੈ ਨਾ ਇਤਰਾਜ ਹੋਣ ਤੇ ਪੰਦਰਾਂ ਦਿਨਾਂ ਬਾਅਦ ਕੁਨੈਕਸ਼ਨ ਉਸ ਨਾਮ ਉਪਰ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ।

## COURT NOTICE

In the Court of
Rachna Bhari
Judicial Magistrate First Class
Jalandhar
CNR No. :- PBJL03-001018-2024
Next Date:-24-10-2025
BRINDERJIT KAUR
VS.
VIJAY DAGAR
Detail of offence:-
Notice To:
(1) Dharamvir Singh, R/O 771/34, Hari Singh Colony, Rohtak, Haryana
(2) Pinki W/O Naveen D/O Dharamvir Singh R/O 771/34, Hari Singh Colony, Rohtak, Haryana,

In above titled case, the accused could not be served. It is ordered that accused should appear in person or through counsel on 24-10-2025 at 10.00 a.m.

For details logon to https://highcourtchd.gov.in/?mod=district_notice&district=Jalandhar

Judicial Magistrate First Class, Jalandhar
Dated, this day of 16-10-2025

## COURT NOTICE

(U/o 5 Rule 20 CPC)
In the Court of
Sh. Reetbrinder Singh Dhaliwal
Civil Judge (Junior Division)-13, Jalandhar
CNR No. PBJL02-002189-2025
Next Date:- 14-11-2025
RAJINDER KAUR
Vs.
ASHISH CHOPRA

Suit for grant of decree of declaration as prayed for. Suit for grant of decree of Permanent Injunction as prayed for

Publication Issued To :
Ashish Chopra
:- S/O Ramesh Chander R/o H.No. 2040 Gobind Nagar, Backside Hotel ON Ludhiana

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 14-11-2025 at 10:00 a.m.

For details logon to https://highcourtchd.gov.in/?mod=district_notice&district=Jalandhar

Civil Judge (Junior Division)-13 Jalandhar
Dated, this day of 15-10-2025

## COURT NOTICE

(U/o 5 Rule 20 CPC)
In the Court of Baljinder Singh Incharge District and Sessions Judge, Amritsar
CNR No. PBAS01-021065-2024
Next Date:- 11-11-2025
Sandeep Kaur
Vs.
Kuldeep Yadav
Publication Issued To:
Kuldeep Yadav S/o Satyawan Yadav, R/o Ramgarh, Panchkula, Haryana (owner of offending Vehicle I.e. Skodha Laura Bearing Registration No. HR26-BP-0054), Punjab

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 11-11-2025 at 10:00 a.m.

For details logon to https://highcourtchd.gov.in/?trs=district_notice&district=Amritsar

District and Sessions Judge Amritsar
Dated, this day of 14-10-2025

## COURT NOTICE

(U/o 5 Rule 20 CPC)
In the Court of
Ms. Amanpreet Kaur
Civil Judge Junior Division - 10, Patiala
CNR No. PBPT02-002284-2022
Next Date:- 04-11-2025
State Bank Of India
Vs.
Buta Singh
Publication Issued To:
1. Balveer Singh, 2. Kashmir Singh 3. Balwinder Singh, 4. Harshinder Singh.
All Sons of Late Buta Singh S/o Saun Singh. All R/o Village Gauspura, PO. Kauli, Teh. and Distt. Patiala

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 04-11-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 10 Patiala
Dated, this day of 15-10-2025

**asREC (India) Limited** Regd. Office: 201/202A, Building No. 2, Solitaire Corporate Park, Andheri Ghatkopar Lind Road, Chakala, Andheri (E), Mumbai – 400093. Branch Office- 402, 4th floor, APRA Tower, SCO-130-131-132, Feroze Gandhi Market Ludhiana, Punjab -141001

**WITHDRAWAL NOTICE**

This is to inform the public in general and in particular to all concerned that the **E-Auction Sale Notice** in respect of the property of **M/s. Jatinder Gambhir Hospital, published on behalf of ASREC (India) Limited** in **The Indian Express – Chandigarh & Nawan Zamana – Punjab Edition dated : 16.10.2025, is being withdrawn** due to technical reasons. Accordingly, the said notice is hereby withdrawn and should be treated as cancelled and null & void.

SD/- Authorised Officer
Date: 17.10.2025 In the capacity as Trustee of
Place: Ludhiana ASREC-PS 10/2017-18 Trust

## COURT NOTICE

(U/o 5 Rule 20 CPC)
In the Court of
Sh. Amandeep Singh
Civil Judge (Senior Division), Tarn Taran

Next Date, Purpose of case, Orders and Judgments as well as other case information is available on http://districts.ecourts.gov.in

CNR No. PBTT02-000726-2025
Next Date:- 18-11-2025
Punjab and Sind Bank
Vs.
Baljit Singh
Publication Issued To:
Gurwinder Singh
Father : Puran Singh
R/O Village Gohalwar, Tehsil and District Tarn Taran

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 18-11-2025 at 10:00 a.m.

For details logon to https://highcourtchd.gov.in/?trs=district_notice&district=Tarn Taran

Civil Judge (Senior Division) Tarn Taran
Dated, this day of 14-10-2025

## COURT NOTICE

(U/o 5 Rule 20 CPC)
In the Court of
Ms. Harshdeep Kaur
Civil Judge Junior Division - 3 Nabha
CNR No. PBPTB0-000073-2023
Next Date:- 20-10-2025
Manjit Kaur
Vs.
Harmandeep Kaura

The Plaintiff prays for declaration that-------

Publication Issued To :
General Public
:- General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 20-10-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division - 3 Nabha
Dated, this day of 15-10-2025

## UMMEED HOUSING FINANCE PVT. LTD

Registered office at: 2009-2014, 20th Floor, Magnum Global Park,Sector-58, Gurugram (Haryana)-122002"
CIN:U65922HR2016PTC057984.

**ਸਰਫੇਸੀ ਐਕਟ ਸੈਕਸ਼ਨ (13) 2 ਤਹਿਤ ਡਿਮਾਂਡ ਨੋਟਿਸ**

ਜਦੋਂਕਿ ਕਰਜ਼ਾ ਖਾਤਾ ਐੱਨ ਪੀ ਏ ਹੋ ਗਿਆ ਹੈ, ਇਸ ਲਈ ਅਧਿਕਾਰਤ ਅਫਸਰ ਨੇ ਹੇਠਾਂ ਸਾਰਣੀ 'ਚ ਦਰਸਾਏ ਕਰਜ਼ਦਾਰ/ਬਿਨੈਕਾਰ/ਗਰੰਟਰ/ਰਹਿਣਕਾਰ ਨੂੰ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (2) ਤਹਿਤ 60 ਦਿਨਾਂ ਦਾ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਨੋਟਿਸ ਅਨੁਸਾਰ ਜੇਕਰ ਕਰਜ਼ਦਾਰ 60 ਦਿਨਾਂ ਦੇ ਅੰਦਰ ਸਾਰੀ ਰਕਮ ਜਮ੍ਹਾਂ ਨਹੀਂ ਕਰਵਾਉਂਦੇ ਤਾਂ ਰਕਮ ਹੇਠਾਂ ਦਰਸਾਈ ਰਹਿਣ ਕੀਤੀ ਜਾਇਦਾਦ/ਸਕਿਉਰਡ ਐੱਸਟਸ ਦੀ ਨਿਲਾਮੀ ਰਾਹੀਂ ਵਸੂਲ ਕੀਤੀ ਜਾਵੇਗੀ। ਇਸ ਲਈ ਕਰਜ਼ਦਾਰਾਂ ਨੂੰ ਸਾਰੀ ਰਕਮ ਸਮੇਤ ਭਵਿੱਖੀ ਵਿਆਜ ਅਤੇ ਖਰਚਿਆਂ ਦੇ ਡਿਮਾਂਡ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਸੂਚਨਾ ਦਿੱਤੀ ਗਈ ਹੈ, ਨਹੀਂ ਤਾਂ ਉਕਤ ਐਕਟ ਦੇ ਸੈਕਸ਼ਨ 13 [4] ਅਤੇ 14 ਦੀਆਂ ਵਿਵਸਥਾਵਾਂ ਤਹਿਤ, ਅਧਿਕਾਰਤ ਅਫਸਰ ਹੇਠਾਂ ਦਰਸਾਈ ਰਹਿਣ ਜਾਇਦਾਦ/ਸਕਿਉਰਡ ਐੱਸਟਸ ਦੀ ਵਿੱਕਰੀ ਲਈ ਕਬਜ਼ਾ ਹਾਸਲ ਕਰ ਰਿਹਾ ਹੈ।

ਇਸ ਨੋਟਿਸ ਦੀ ਪ੍ਰਾਪਤੀ ਤੋਂ ਬਾਅਦ ਕਰਜ਼ਦਾਰ ਧਿਆਨ ਦੇਣ ਕਿ ਐਕਟ 2002 ਦੀਆਂ 13[13] ਸ਼ਰਤਾਂ ਅਨੁਸਾਰ ਤੁਹਾਡੇ 'ਤੇ ਸਕਿਉਰਡ ਕ੍ਰੈਡਿਟਰ ਦੀ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਕਿਸੇ ਵੀ ਸਕਿਉਰਡ ਐੱਸਟਸ ਦੀ ਵਿੱਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਨਾਲ ਤਬਦੀਲੀ ਕਰਨ 'ਤੇ ਰੋਕ ਅਤੇ ਪਾਬੰਦੀ ਹੈ। ਕਰਜ਼ਦਾਰ ਦਾ ਧਿਆਨ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 3 (5) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (8) ਵੱਲ ਦਿਵਾਇਆ ਜਾਂਦਾ ਹੈ ਕਿ ਕਰਜ਼ਦਾਰ ਨਿਲਾਮੀ ਨੋਟਿਸ ਦੀ ਪ੍ਰਕਾਸ਼ਨਾ ਤੋਂ ਪਹਿਲਾਂ ਹੇਠਾਂ ਦਰਸਾਏ ਸਾਰੇ ਬਕਾਏ ਮੁਕੰਮਲ ਤੌਰ 'ਤੇ ਅਦਾ ਕਰਕੇ ਸਕਿਉਰਡ ਐੱਸਟਸ ਦਾ ਪੁਨਰਗ੍ਰਹਿਣ ਕਰ ਸਕਦੇ ਹਨ, ਜਿਸ ਦੀ ਬਾਅਦ 'ਚ ਹੋਂਦ ਖਤਮ ਹੋ ਜਾਵੇਗੀ।

| ਲੜੀ ਨੰ. | ਕਰਜ਼ਦਾਰ/ਬਿਨੈਕਾਰ/ਗਰੰਟਰ/ ਰਹਿਣਕਾਰ ਦਾ ਨਾਂਅ | 13[2] ਸੈਕਸ਼ਨ ਅਧੀਨ ਡਿਮਾਂਡ ਨੋਟਿਸ 'ਚ ਰਕਮ ਅਤੇ ਮਿਤੀ |
|---|---|---|
| 1. | 1. ਨਰੇਸ਼ ਕੁਮਾਰ ਗਰਗ ਪੁੱਤਰ ਦੇਵੀ ਚੰਦ (ਕਰਜ਼ਦਾਰ)<br>2. ਅਨੂ ਗਰਗ ਪਤਨੀ ਨਰੇਸ਼ ਕੁਮਾਰ ਗਰਗ (ਸਹਿ-ਕਰਜ਼ਦਾਰ) ਦੋਵੇਂ ਵਾਸੀ ਮਕਾਨ ਨੰ. 1, ਗਲੀ ਨੰ. 1, ਨੂਰਵਾਲਾ ਰੋਡ, ਬਸੰਤ ਵਿਹਾਰ, ਬਸਤੀ ਜੋਧੇਵਾਲ, ਲੁਧਿਆਣਾ, ਪੰਜਾਬ-141007, ਕਰਜ਼ਾ ਨੰ. ਐੱਲ ਐੱਕਸ ਐੱਲ ਯੂ ਡੀ-02924-250045435, ਕਰਜ਼ਾ ਇਕਰਾਰਨਾਮਾ ਮਿਤੀ 30 ਨਵੰਬਰ 2024, ਕਰਜ਼ਾ ਰਕਮ ਰੁਪਏ 31,75,000/- | 10 ਅਕਤੂਬਰ 2025<br>10 ਅਕਤੂਬਰ 25 ਨੂੰ ਰੁਪਏ 33,09,278/- (ਤੇਤੀ ਲੱਖ ਨੌਂ ਹਜ਼ਾਰ ਦੋ ਸੌ ਅਠੱਤਰ ਰੁਪਏ ਕੇਵਲ) ਜਮ੍ਹਾਂ ਮਿਤੀ 11 ਅਕਤੂਬਰ 2025 ਤੋਂ ਹੋਰ ਵਿਆਜ ਅਤੇ ਹੋਰ ਚਾਰਜਿਜ਼ |

ਰਹਿਣ ਕੀਤੀ ਜਾਇਦਾਦ ਦਾ ਵੇਰਵਾ :- ਪਲਾਟ ਨੰ. 24//13/1/1, ਖੇਵਟ/ਖਤੌਨੀ ਨੰ. 75/78 ਰਕਬਾ 100 ਵਰਗ ਗਜ਼, ਹੱਦਬਸਤ ਨੰ. 80, ਜਮ੍ਹਾਂਬੰਦੀ ਸਾਲ 2005-2006, ਪਿੰਡ ਕੱਕੋਵਾਲੀ ਵਿਖੇ ਸਥਿਤ, ਅਬਾਦੀ ਨਿਊ ਬਸੰਤ ਵਿਹਾਰ, ਡਾ. ਬੋਧੀ ਵਾਲੀ ਗਲੀ, ਕੱਕੋਵਾਲ ਰੋਡ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਬ ਕੁਝ। ਹੱਦਾਂ :-ਪੂਰਬ : ਖਾਲੀ ਪਲਾਟ, ਪੱਛਮ : ਗਲੀ 20' ਚੌੜੀ, ਉੱਤਰ : ਸਤੀਸ਼ ਕੁਮਾਰ, ਦੱਖਣ : ਯੋਗਰਾਜ

ਮਿਤੀ : 17.10.2025 — ਅਧਿਕਾਰਤ ਅਫਸਰ, ਸ੍ਰੀ ਗੌਰਵ ਤ੍ਰਿਪਾਠੀ ਮੋਬਾਇਲ -96500-55701
ਸਥਾਨ : ਗੁਰੂਗ੍ਰਾਮ — ਉਮੀਦ ਹਾਊਸਿੰਗ ਫਾਇਨਾਂਸ ਪ੍ਰਾਈਵੇਟ ਲਿਮਟਿਡ

## ਉਤਰ ਰੇਲਵੇ

### ਈ-ਨਿਵਿਦਾ ਸੂਚਨਾ

**ਨਿਵਿਦਾ ਸੂਚਨਾ ਨੰ:.:–** 770-W/01/WA/JAT/2025-29-25-2025-26-DRM-JAT, 30-2025-26-DRM-JAT, 35-2025-26-DRM-JAT, 36-2025-26-DRM-JAT, 38-2025-26-DRM-JAT, 40-2025-26-DRM-JAT & 41-2025-26-DRM-JAT (to be opened on 06.11.2025)

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਕੰਮ ਕਰਦੇ ਹੋਏ ਹੇਠਾਂ ਦਿਤੇ ਗਏ ਟਾਈਟਲ ਵਾਲੀਆਂ ਨਿਵਿਦਾਵਾਂ ਦੇ ਵਿਰੁਧ ਖੁਲ੍ਹੀਆਂ ਨਿਵਿਦਾਵਾਂ (ਈ-ਨਿਵਿਦਾਵਾਂ) ਮੰਗ ਕਰਦੇ ਹਨ ਅਤੇ www.ireps.gov.in 'ਤੇ ਉਪਲਬਧ ਹਨ ਜਿਨ੍ਹਾਂ ਦੀ ਅੰਤਮ ਮਿਤੀ 05.11.2025 ਨੂੰ 15:00 ਵਜੇ ਤਕ ਹੈ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਟੈਂਡਰ ਮਿਤੀ ਅਤੇ ਸਮੇਂ ਤਕ ਜਮ੍ਹਾ ਕਰ ਸਕਦੇ ਹਨ। ਇਨਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰ ਨੂੰ ਇਸ ਨਿਵਿਦਾ ਦੇ ਵਿਰੁਧ ਨਿਵਿਦਾ ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ ਆਈਆਰਈਪੀਐਸ ਪੋਰਟਲ ਤੇ ਉਪਲਬਧ ਭੁਗਤਾਨ ਵਿਧੀਆਂ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ, ਕਰੈਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਕਰਨ ਦੀ ਇਜਾਜਤ ਹੈ।

| ਲ. ਨੰ. | ਨਿਵਿਦਾ ਸੰਖਿਆ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 29-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਤਹਿਤ ਆਰ.ਡੀ.ਐਮ.ਓ. ਵਿਨਿਰਦੇਸ਼ਾਂ ਦੇ ਅਨੁਸਾਰ ਰੇਲਾਂ ਦਾ ਏ.ਟੀ. ਵੇਲਡਿੰਗ ਇਨ-ਸਿਟੂ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 5493563.69 | | 60 ਦਿਨ | 12 ਮਹੀਨੇ |
| 2 | 30-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਵਿਚ ਸਮਪਾਰ ਫਾਟਕਾਂ ਤੇ ਪੁਰਾਣੇ ਯਾਂਤਰਿਕ ਚੁਕਣ ਵਾਲੇ ਅਵਰੋਧਕ (ਲਿਫਟਿੰਗ ਬੈਰਿਯਰ) ਨੂੰ ਬਦਲਣ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 11825079.84 | | 60 ਦਿਨ | 12 ਮਹੀਨੇ |
| 3 | 35-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ ਪਠਾਨਕੋਟ ਦੇ ਅਧਿਕਾਰ ਖੇਤਰ ਵਿਚ ਰੇਲਵੇ ਸਿਹਕ ਇਕਾਈ ਦਫਤਰ, ਸੀਨੀਅਰ ਅਨੁਭਾਗ ਇੰਜੀਨੀਅਰ ਰੇਲ ਪਥ ਦਫਤਰ, ਪਾਵਰ ਹਾਊਸ ਅਤੇ ਹੋਰ ਸਟਾਫ ਅਵਾਸਾਂ ਦੀਆਂ ਚੌਂਦੀਆਂ ਛੱਤਾਂ ਦੀ ਮੁਰੰਮਤ ਅਤੇ ਪੁਰਾਣੇ ਅਤੇ ਖਰਾਬ ਦਰਵਾਜਿਆਂ ਤੇ ਖਿੜਕੀਆਂ ਦੇ ਪ੍ਰਤੀਸਥਾਪਨ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 6499260.59 | | 60 ਦਿਨ | 09 ਮਹੀਨੇ |
| 4 | 36-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਪਠਾਨਕੋਟ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ ਮੁਕੇਰਿਯਾਂ ਦੇ ਸੈਕਸ਼ਨ ਵਿਚ ਸੇਵਾ ਭਵਨ ਅਤੇ ਸਟੇਸ਼ਨ ਭਵਨ ਦੀ ਵਿਸ਼ੇਸ਼ ਮੁਰੰਮਤ ਅਤੇ ਰਖਰਖਾਅ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 7461864.79 | | 60 ਦਿਨ | 09 ਮਹੀਨੇ |
| 5 | 38-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਜੰਮੂ ਤਵੀ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ ਕਠੂਆ ਦੇ ਅਧਿਕਾਰ ਖੇਤਰ ਵਿਚ ਪਲੇਟਫਾਰਮ ਨੰਬਰ-1 ਤੇ ਨਵਾਂ ਸ਼ੌਚਾਲਯ ਬਲਾਕ ਉਸਾਰੀ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 5388670.47 | | 60 ਦਿਨ | 06 ਮਹੀਨੇ |
| 6 | 40-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਜੰਮੂ ਤਵੀ ਦੇ ਤਹਿਤ ਸੀਨੀਅਰ ਅਨੁਭਾਗ ਇੰਜੀਨੀਅਰ ਜੰਮੂ ਤਵੀ ਦੇ ਸੇਕਸ਼ਨ ਵਿਚ ਸੇਵਾ ਭਵਨ ਅਤੇ ਸਟੇਸ਼ਨ ਭਵਨ (ਜੰਮੂ ਤਵੀ ਨੂੰ ਛੱਡ ਕੇ) ਦੀ ਵਿਸ਼ੇਸ਼ ਮੁਰੰਮਤ ਅਤੇ ਰਖਰਖਾਅ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 7988211.08 | | 60 ਦਿਨ | 12 ਮਹੀਨੇ |
| 7 | 41-2025-26-DRM-JAT | ਸਹਾਇਕ ਮੰਡਲ ਇੰਜੀਨੀਅਰ ਜੰਮੂ ਤਵੀ ਦੇ ਅਧਿਕਾਰ ਖੇਤਰ ਵਿਚ ਸਮਪਾਰ ਫਾਟਕਾਂ ਉਤੇ ਪੁਰਾਣੇ ਯਾਂਤਰਿਕ ਚੁਕਣ ਵਾਲੇ ਅਵਰੋਧਕ (ਲਿਫਟਿੰਗ ਬੈਰਿਯਰ) ਨੂੰ ਬਦਲਣ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 5999977.79 | | 60 ਦਿਨ | 09 ਮਹੀਨੇ |

ਨੋਟ : 1. ਠੇਕੇਦਾਰਾਂ ਨੂੰ ਸਲਾਹ ਦਿਤੀ ਜਾਂਦੀ ਹੈ ਕਿ ਉਹ ਬੋਲੀਆਂ ਪੇਸ਼ ਕਰਨ ਤੋਂ ਪਹਿਲਾਂ ਇਸ ਨਿਵਿਦਾ ਦੇ ਵਿਰੁਧ ਜਾਰੀ ਕਿਸੇ ਵੀ ਸੁਧੀ ਪੱਤਰ ਦੇ ਲਈ ਆਈਆਰਈਪੀਐਸ ਵੈਬਸਾਈਟ ਵੇਖਣ। 2. ਜੇਕਰ ਹਿੰਦੀ ਇਸ਼ਤਿਹਾਰ ਵਿਚ ਕੋਈ ਗਲਤੀ ਪਾਈ ਜਾਂਦੀ ਹੈ ਤਾਂ ਅੰਗ੍ਰੇਜ਼ੀ ਇਸ਼ਤਿਹਾਰ ਮਾਨਯ ਹੋਵੇਗਾ। 3181/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਨੋਟਿਸ

ਸੀਨੀਅਰ ਮੰਡਲ ਵਾਨਿਜਯ ਪ੍ਰਬੰਧਕ ਉੱਤਰ ਰੇਲਵੇ, ਫ਼ਿਰੋਜ਼ਪੁਰ, ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉੱਤਰ ਰੇਲਵੇ ਦੇ ਫ਼ਿਰੋਜ਼ਪੁਰ ਮੰਡਲ ਵਿਚ ਹੇਠਾ ਲਿਖੇ ਰੇਲਵੇ ਸਟੇਸ਼ਨਾਂ ਦੇ ਲਈ ਨਿਰਧਾਰਿਤ ਐਸਟੀਬੀਏ (ਸਟੇਸ਼ਨ ਟਿਕਟ ਬੁਕਿੰਗ ਏਜੰਟ) ਕੰਮ ਲਈ ਏਕਲ ਪੈਕੇਟ ਸ਼ੀਲਬੰਦ ਖੁਲੀ ਟੈਂਡਰਾ ਆਵੇਦਨ ਮੰਗ ਕਰਦੇ ਹਨ ।

| ਲ. ਨੰ: | ਸਟੇਸ਼ਨ ਦਾ ਨਾਮ | ਸਟੇਸ਼ਨ ਦਾ ਕੋਡ | ਸਟੇਸ਼ਨ ਦੀ ਸ਼੍ਰੇਣੀ/ਵਰਗ | ਅਗ੍ਰਿਮ ਧਨ (ਰੁਪਏ ਵਿਚ) | ਟੈਂਡਰ ਪ੍ਰਪੱਤਰ (ਰੁਪਏ ਵਿਚ) | ਅਨੁਬੰਧ ਦਾ ਸਮਾਂ |
|---|---|---|---|---|---|---|
| 1 | ਬੱਦੋਵਾਲ | BWZ | NSG-6 | 2000/- | 1180/- | ਤਿੰਨ ਸਾਲ |
| 2 | ਬੰਗਾ | BXB | NSG-6 | 2000/- | 1180/- | ਤਿੰਨ ਸਾਲ |
| 3 | ਚਿਹੇੜੂ | CEU | NSG-6 | 2000/- | 1180/- | ਤਿੰਨ ਸਾਲ |
| 4 | ਚੌਂਕੀਮਾਨ | CKM | NSG-6 | 2000/- | 1180/- | ਤਿੰਨ ਸਾਲ |
| 5 | ਗਿਦੜਪਿੰਡੀ | GOD | NSG-6 | 2000/- | 1180/- | ਤਿੰਨ ਸਾਲ |
| 6 | ਹਮੀਰਾ | HMR | NSG-6 | 2000/- | 1180/ | ਤਿੰਨ ਸਾਲ |
| 7 | ਜੰਡਿਯਾਲਾ | JNL | NSG-6 | 2000/- | 1180/- | ਤਿੰਨ ਸਾਲ |
| 8 | ਖੁਰਦਪੁਰ | KUPR | NSG-6 | 2000/- | 1180/- | ਤਿੰਨ ਸਾਲ |
| 9 | ਖੋਜੇਵਾਲਾ | KWJ | NSG-6 | 2000/- | 1180/- | ਤਿੰਨ ਸਾਲ |
| 10 | ਲਾਡੋਵਾਲ | LDW | NSG-6 | 2000/- | 1180/- | ਤਿੰਨ ਸਾਲ |
| 11 | ਨਸਰਾਲਾ | NAS | NSG-6 | 2000/- | 1180/- | ਤਿੰਨ ਸਾਲ |
| 12 | ਰੋਮਾਨਾ ਅਲਬੇਲ ਸਿੰਘ | RLS | NSG-6 | 2000/- | 1180/- | ਤਿੰਨ ਸਾਲ |
| 13 | ਸੁੱਚੀ ਪਿੰਡ | SCPD | NSG-6 | 2000/- | 1180/- | ਤਿੰਨ ਸਾਲ |
| 14 | ਸੂਰਾਨੁਸਸੀ | SRX | NSG-6 | 2000/- | 1180/- | ਤਿੰਨ ਸਾਲ |
| 15 | ਟਾਂਗਰਾ | TRA | NSG-6 | 2000/- | 1180/- | ਤਿੰਨ ਸਾਲ |
| 16 | ਗੋਲੇਵਾਲਾ | GHA | NSG-6 | 2000/- | 1180/- | ਤਿੰਨ ਸਾਲ |
| 17 | ਮੁਲਲਾਪੁਰ | MLX | NSG-6 | 2000/- | 1180/- | ਤਿੰਨ ਸਾਲ |
| 18 | ਬਰੀਵਾਲਾ | BRW | NSG-6 | 2000/- | 1180/- | ਤਿੰਨ ਸਾਲ |
| 19 | ਲਾਧੂਕਾ | LDK | NSG-6 | 2000/- | 1180/- | ਤਿੰਨ ਸਾਲ |
| 20 | ਮਲਲਾਵਾਲ ਖਾਸ | MWX | NSG-6 | 2000/- | 1180/- | ਤਿੰਨ ਸਾਲ |
| 21 | ਮਾਹਲਮ | MFM | NSG-6 | 2000/- | 1180/- | ਤਿੰਨ ਸਾਲ |
| 22 | ਨੂਰਮਹਲ | NRM | NSG-6 | 2000/- | 1180/- | ਤਿੰਨ ਸਾਲ |
| 23 | ਝੋਕ ਟਹਲ ਸਿੰਘ | JTH | NSG-6 | 2000/- | 1180/- | ਤਿੰਨ ਸਾਲ |
| 24 | ਫਿਰੋਜ਼ਸ਼ਾਹ | PHS | NSG-6 | 2000/- | 1180/- | ਤਿੰਨ ਸਾਲ |
| 25 | ਚੰਦਭਾਨ | CBX | NSG-6 | 2000/- | 1180/- | ਤਿੰਨ ਸਾਲ |
| 26 | ਮਕਖੂ | MXH | NSG-5 | 5000/- | 1180/- | ਤਿੰਨ ਸਾਲ |

ਐਸਟੀਬੀਏ ਕੰਮ ਲਈ ਬੋਲੀ ਆਵੇਦਨ ਕੇਵਲ ਸ਼ੀਲਬੰਦ ਪੈਕੇਟ ਵਿਚ, ਵਾਣਿਜਯ ਬਰਾਂਚ, ਡੀਆਰਐਮ ਦਫਤਰ, ਫ਼ਿਰੋਜ਼ਪੁਰ ਛਾਵਣੀ ਵਿਚ ਮਿਤੀ 12.11.2025 ਨੂੰ ਸਵੇਰੇ 10:00 ਵਜੇ ਤੋਂ ਦੁਪਿਹਰ 3:00 ਵਜੇ ਦੇ ਵਿਚ ਸਵੀਕਾਰ ਕੀਤੇ ਜਾਣਗੇ । ਜ਼ਿਆਦਾ ਜਾਣਕਾਰੀ ਦੇ ਲਈ ਕ੍ਰਿਪਾ ਰੇਲਵੇਦੀ ਵੈਬਸਾਈਟ nr.indianrailways.gov.in ਦੇਖੋ ।
ਨੰਬਰ MC/47000/STBA/Policy/2022 ਮਿਤੀ : 15.10.2025 3191/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## Format C-2

**Declaration about criminal antecedents of candidates set up by the party**

(As per the judgment dated 25thSeptember 2018 of Hon'ble Supreme Court in WP (Civil) No. 536 of 2011 (Public Interest Foundation & Ors. Vs. Union of India & Anr.) Name of Political Party: **AAM AADMI PARTY** Name of the Election : **Bye Election to the Council of States from Punjab** Name of State/ UT : **Punjab**

| Sl. No. | Name of candidate | Name of Constituency | Pending Criminal Cases | | | Details about cases of conviction for criminal offences | |
|---|---|---|---|---|---|---|---|
| | | | Name of Court | Case No. and status of case | Section(s) of Acts concerned and brief description of offence(s) | Name of Court & date(s) of order(s) | Description of offence(s) & punishment imposed |
| 1 | Rajinder Gupta | Punjab | Not Applicable | FIR no. 691 dt. 28.08.2021 PS: City Yavatmal (MH) | U/s 406, 420 & 34 IPC | NIL | NIL |

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

17 Oct Page 8.qxd 10/16/2025 11:04 PM Page 1



# ਨਾਅਰੇਬਾਜ਼ੀ ਤੋਂ ਬਾਅਦ ਥਾਣਾ ਮੁਖੀ ਵੱਲੋਂ ਕਾਰਵਾਈ ਦਾ ਭਰੋਸਾ

**ਗੜ੍ਹਸ਼ੰਕਰ/ ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਫੂਲਾ ਸਿੰਘ ਬੀਰਮਪੁਰ)**- ਬੀਤ ਇਲਾਕੇ ਦੇ ਪਿੰਡ ਰਤਨਪੁਰ, ਕਾਣੇਵਾਲ, ਭਵਾਨੀਪੁਰ ਪਿੰਡਾਂ ਦੀਆਂ ਗ੍ਰਾਮ ਸਭਾਵਾਂ ਤੇ ਅਧਾਰਿਤ ਗਠਿਤ 'ਜਮੀਨ ਬਚਾਓ ਪਿੰਡ ਬਚਾਓ ਸੰਘਰਸ਼' ਕਮੇਟੀ ਰਤਨਪੁਰ ਦੇ ਮੈਂਬਰਾਂ ਨੇ ਪੁਲਸ ਸਟੇਸ਼ਨ ਬਾਹਰ ਥਾਣਾ ਮੁਖੀ ਖਿਲਾਫ ਰੋਸ ਜਾਹਰ ਕਰਦਿਆਂ ਨਾਰੇਬਾਜੀ ਕੀਤੀ। ਇਸ



ਸਬੰਧੀ ਜਾਣਕਾਰੀ ਦਿੰਦਿਆਂ ਕਮੇਟੀ ਦੇ ਮੈਂਬਰ ਰਾਮ ਜੀ ਦਾਸ ਤੇ ਕੁਲਦੀਪ ਕੁਮਾਰ ਨੇ ਦੱਸਿਆ ਕਿ ਪਿੰਡ ਰਤਨ ਪੁਰ ਦੀ ਸਾਂਝੇ ਖਾਤੇ ਦੀ ਜੋ ਜਮੀਨ ਹੈ, ਉਸ ਵਿੱਚੋਂ ਕੁਝ ਜਮੀਨ ਬਾਹਰੀ ਪਾਰਟੀ ਨੇ ਖਰੀਦੀ ਹੋਈ ਹੈ। ਉਹਨਾਂ ਕਿਹਾ ਕਿ ਕੁਝ ਬਾਹਰੀ ਮਾਲਕ ਜਮੀਨ ਤੇ ਧੱਕੇ ਨਾਲ ਕਬਜਾ ਕਰ ਰਹੇ ਹਨ, ਜਿਸ ਨੂੰ ਪਿੰਡ ਵਾਸੀਆਂ ਵੱਲੋਂ ਰੋਕ ਦਿੱਤਾ ਗਿਆ ਸੀ। ਉਹਨਾਂ ਕਿਹਾ ਕਿ ਬਾਹਰੀ ਧਿਰ ਵੱਲੋਂ ਪੁਲਸ ਕੋਲ ਸ਼ਿਕਾਇਤ ਕੀਤੇ ਜਾਣ ਤੋਂ ਬਾਅਦ ਪੁਲਸ ਵੱਲੋਂ ਪਿੰਡ ਜਾ ਕੇ ਲੋਕਾਂ ਤੇ ਪਰਚੇ ਦਰਜ ਕਰਨ ਦੀ ਗੱਲ ਕਰੀ ਗਈ ਸੀ, ਤੇ ਇਕਦਮ ਪਿੰਡ ਦੇ ਲੋਕਾਂ ਨੂੰ ਥਾਣੇ ਵੀ ਬੁਲਾਇਆ ਗਿਆ। ਉਹਨਾਂ ਕਿਹਾ ਕਿ ਜਦੋਂ ਪੁਲਿਸ ਸਟੇਸ਼ਨ ਵਿਖੇ ਐਸ ਐਚ ਓ ਨੂੰ ਮਿਲਣ ਗਏ ਤਾਂ ਉਹਨਾਂ ਆਪਣੇ ਦਫਤਰ ਵਿੱਚ ਕੁਝ ਲੋਕਾਂ ਨੂੰ ਰਹਿਣ ਲਈ ਕਿਹਾ ਤੇ ਇਸ ਦੌਰਾਨ ਉਹ ਗਲਤ ਤਰੀਕੇ ਨਾਲ ਪੇਸ਼ ਆਏ, ਜਿਸ ਤੋਂ ਬਾਅਦ ਵਾਕ ਆਊਟ ਕਰਕੇ ਪੁਲਿਸ ਸਟੇਸ਼ਨ ਬਾਹਰ ਐਸ ਐਚ ਓ ਖਿਲਾਫ ਨਾਅਰੇਬਾਜੀ ਕੀਤੀ ਗਈ। ਰਾਮ ਜੀ ਦਾਸ ਚੌਹਾਨ ਨੇ ਕਿਹਾ ਐਸ ਐਚ ਓ ਕੋਲ ਸਾਰੇ ਲੋਕਾਂ ਦਾ ਜਾਣਾ ਇਸ ਲਈ ਜਰੂਰੀ ਸੀ ਕਿਉਂਕਿ, ਜਿਸ ਜਮੀਨ ਦਾ ਮਾਮਲਾ ਹੈ ਉਸ ਦੇ ਅਨੇਕਾਂ ਲੋਕ ਮਾਲਕ ਹਨ। ਬਾਅਦ ਵਿੱਚ ਐਸ ਐਚ ਓ ਗਗਨਦੀਪ ਸਿੰਘ ਨੇ ਬਾਹਰ ਆ ਕੇ ਆਪਣੀ ਗਲਤੀ ਦਾ ਅਹਿਸਾਸ ਕੀਤਾ ਅਤੇ ਇਸ ਵਿਵਾਦ ਨੂੰ ਕਾਨੂੰਨ ਅਨੁਸਾਰ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸੁੱਚਾ ਸਰਪੰਚ, ਕੁੰਦਨ ਲਾਲ, ਅਮਰ ਚੰਦ ਫੌਜੀ, ਸੁਰਿੰਦਰ ਪਾਲ, ਧਰਮਪਾਲ ਚੇਚੀ, ਪੰਮੀ ਭਵਾਨੀਪੁਰ, ਬਲਵਿੰਦਰ ਕੁਮਾਰ, ਦੀਪਾ ਪਵਨਜੀਤ, ਗੁਰਦੇਵ ਰਾਜ ਲੰਬੜਦਾਰ, ਸੁਰਿੰਦਰ ਖੇਪੜ, ਜਸਪਾਲ, ਕਾਮਰੇਡ ਕਲਬੂਸ਼ਨ ਕੁਮਾਰ, ਦਵਿੰਦਰ ਰਾਣਾ, ਪ੍ਰਿੰਸੀਪਲ ਤਰਲੋਚਨ ਚੇਚੀ, ਕਾਮਰੇਡ ਰਵਿੰਦਰ ਨੀਟਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

# ਮਰੀਜ਼ ਨੂੰ ਹਰ ਦਵਾਈ ਸਰਕਾਰੀ ਸਿਹਤ ਸੰਸਥਾ 'ਚ ਹੀ ਮਿਲੇ : ਡਾ. ਸੰਗੀਤਾ ਜੈਨ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਵੱਖ-ਵੱਖ ਸਿਹਤ ਪ੍ਰੋਗਰਾਮਾਂ ਤੇ ਯੋਜਨਾਵਾਂ ਦੀ ਪ੍ਰਗਤੀ ਦੀ ਸਮੀਖਿਆ ਲਈ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ 16 ਅਕਤੂਬਰ ਨੂੰ ਆਪਣੇ ਦਫ਼ਤਰ ਵਿਚ ਜ਼ਿਲ੍ਹੇ ਦੇ ਪ੍ਰੋਗਰਾਮ ਅਫ਼ਸਰਾਂ ਅਤੇ ਸੀਨੀਅਰ ਮੈਡੀਕਲ ਅਫ਼ਸਰਾਂ ਨਾਲ ਮਹੀਨਾਵਾਰ ਬੈਠਕ ਕੀਤੀ ਅਤੇ ਜ਼ਰੂਰੀ ਹਦਾਇਤਾਂ ਦਿਤੀਆਂ। ਡੇਂਗੂ, ਮਲੇਰੀਆ, ਚਿਕਨਗੁਨੀਆ ਤੇ ਹੋਰ ਸਬੰਧਤ ਬੀਮਾਰੀਆਂ ਦੀ ਰੋਕਥਾਮ 'ਤੇ ਖ਼ਾਸ ਜ਼ੋਰ ਦਿੰਦਿਆਂ ਸਿਵਲ ਸਰਜਨ ਨੇ ਤਮਾਮ ਅਧਿਕਾਰੀਆਂ ਨੂੰ ਕਿਹਾ ਕਿ ਇਨ੍ਹਾਂ ਬੀਮਾਰੀਆਂ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ ਅਤੇ ਘਰ-ਘਰ ਜਾ ਕੇ ਕੀਤੀ ਜਾ ਰਹੀ ਚੈਕਿੰਗ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਾਵੇਂ ਪਿਛਲੇ ਸਾਲਾਂ ਦੇ ਮੁਕਾਬਲੇ ਇਸ ਵਾਰ ਜ਼ਿਲ੍ਹੇ ਵਿਚ ਡੇਂਗੂ ਦੇ ਕੇਸ ਬਹੁਤ ਘੱਟ ਹਨ, ਪਰ ਇਸ ਦੇ ਬਾਵਜੂਦ ਚੌਕਸੀ ਬਹੁਤ ਜ਼ਰੂਰੀ ਹੈ।

# ਸਾਬਕਾ ਚੇਅਰਮੈਨ ਦਵਿੰਦਰ ਸਿੰਘ ਸਨਮਾਨਤ



**ਫਗਵਾੜਾ (ਡਾ ਰਮਨ)**- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੀ ਪਿੰਡ ਦੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ (ਸਟੇਟ ਅਵਾਰਡੀ) ਦੀ ਅਗਵਾਈ ਹੇਠ ਸਕੂਲ ਵਿੱਚ ਇੱਕ ਸਾਦੇ ਸਮਾਗਮ ਦਾ ਆਯੋਜਨ ਕੀਤਾ ਗਿਆ। ਸਮਾਗਮ ਦੌਰਾਨ ਸਕੂਲ ਦੇ ਸਾਬਕਾ ਚੇਅਰਮੈਨ ਸ. ਦਵਿੰਦਰ ਸਿੰਘ ਨੂੰ ਉਹਨਾਂ ਵੱਲੋਂ ਪਿਛਲੇ ਦੋ ਸਾਲਾਂ ਦੀ ਆਪਣੀ ਟਰਮ ਦੌਰਾਨ ਨਿਭਾਈਆਂ ਸ਼ਾਨਦਾਰ ਸੇਵਾਵਾਂ ਲਈ ਗ੍ਰਾਮ ਪੰਚਾਇਤ, ਪ੍ਰਬੰਧਕੀ ਕਮੇਟੀਆਂ ਅਤੇ ਸਕੂਲ ਵੱਲੋਂ ਮੋਮੈਂਟੋ ਤੇ ਦੁਸ਼ਾਲਾ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਹਰਮੇਸ਼ ਲਾਲ ਘੇੜਾ ਨੇ ਚੇਅਰਮੈਨ ਦਵਿੰਦਰ ਸਿੰਘ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਹਨਾਂ ਨੇ ਬਤੌਰ ਚੇਅਰਮੈਨ ਸਕੂਲ ਦੀ ਬਿਹਤਰੀ ਅਤੇ ਵਿਕਾਸ ਦੇ ਸਾਰੇ ਕੰਮਾਂ ਨੂੰ ਨੇਪਰੇ ਚਾੜ੍ਹਨ ਵਿੱਚ ਵਡਮੁੱਲਾ ਸਾਥ ਅਤੇ ਸਹਿਯੋਗ ਦਿੱਤਾ ਹੈ। ਸਰਪੰਚ ਬਲਕਾਰ ਸਿੰਘ ਕੂਨਰ ਨੇ ਸਾਬਕਾ ਚੇਅਰਮੈਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੇ ਆਪਣਾ ਕੀਮਤੀ ਸਮਾਂ ਸਕੂਲ ਨੂੰ ਦੇ ਕੇ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ ਹੈ। ਇਸ ਮੌਕੇ ਤੇ ਸਾਬਕਾ ਚੇਅਰਮੈਨ ਦਵਿੰਦਰ ਸਿੰਘ ਨੇ ਸਕੂਲ ਨੂੰ 11000/- ਰੁਪਏ ਦਾ ਦਾਨ ਦਿੱਤਾ। ਮੌਜੂਦਾ ਚੇਅਰਮੈਨ ਮਨਜੀਤ ਕੌਰ, ਪ੍ਰਧਾਨ ਦਲਵੀਰ ਸਿੰਘ ਗੋਲਡੀ ਅਤੇ ਪ੍ਰਿੰਸੀਪਲ ਘੇੜਾ ਨੇ ਸਕੂਲ ਨੂੰ ਦਾਨ ਦੇਣ ਲਈ ਉਹਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸਾਬਕਾ ਸਰਪੰਚ ਰਾਮ ਗੋਪਾਲ, ਤਰਸੇਮ ਲਾਲ ਪੰਚ, ਕਾਮਰੇਡ ਕੁਲਵੰਤ ਸਿੰਘ, ਵਾਈਸ ਪ੍ਰਿੰਸੀਪਲ ਰਿਸ਼ੀ ਕੁਮਾਰ, ਲੈਕ. ਕੁਲਵੰਤ ਰਾਮ, ਲੈਕ. ਬਲਵਿੰਦਰ ਕੌਰ, ਲੈਕ. ਤੀਰਥ ਸਿੰਘ ਬਾਸੀ, ਮੁਨੀਸ਼ ਕੁਮਾਰ, ਜਸਵਿੰਦਰ ਸਾਂਪਲਾ ਤੋਂ ਇਲਾਵਾ ਸਮੂਹ ਵਿਦਿਆਰਥੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਦੇ 60 ਕਿਸਾਨਾਂ ਨੂੰ 18 ਲੱਖ ਰੁ. ਦਾ ਮੁਆਵਜ਼ਾ ਤਕਸੀਮ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਬੀਤੇ ਸਮੇਂ 'ਚ ਸੂਬੇ ਅੰਦਰ ਆਏ ਹੜ੍ਹਾਂ ਕਾਰਨ ਕਿਸਾਨਾਂ ਦੀਆਂ ਫਸਲਾਂ ਅਤੇ ਜ਼ਮੀਨਾਂ ਦੇ ਹੋਏ ਨੁਕਸਾਨ ਬਦਲੇ ਪੰਜਾਬ ਸਰਕਾਰ ਵੱਲੋਂ ਮੁਆਵਜ਼ਾ ਦੇਣ ਦੀ ਲੜੀ ਤਹਿਤ ਜ਼ਿਲ੍ਹੇ ਦੇ 60 ਕਿਸਾਨਾਂ ਨੂੰ 18 ਲੱਖ ਰੁਪਏ ਤੋਂ ਵੱਧ ਦਾ ਮੁਆਵਜ਼ਾ ਤਕਸੀਮ ਕੀਤਾ ਗਿਆ। ਸਥਾਨਕ ਐਸ.ਡੀ.ਐਮ ਦਫ਼ਤਰ ਵਿਖੇ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਵਾਈਸ ਚੇਅਰਮੈਨ ਲਲਿਤ ਮੋਹਨ ਪਾਠਕ, ਮਾਰਕੀਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ ਅਤੇ ਐਸ.ਡੀ.ਐਮ. ਅਨਮਜਯੋਤ ਕੌਰ ਦੀ ਮੌਜੂਦਗੀ ਵਿੱਚ ਕਿਸਾਨਾਂ ਨੂੰ ਮੁਆਵਜੇ ਦੇ ਚੈੱਕ ਦਿੱਤੇ ਗਏ। ਕਿਸਾਨਾਂ ਨੂੰ ਮੁਆਵਜਾ ਰਾਸ਼ੀ ਦਿੰਦਿਆ ਲਲਿਤ ਮੋਹਨ ਪਾਠਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ 7 ਪਿੰਡਾਂ ਦੇ 60 ਕਿਸਾਨਾਂ ਨੂੰ 18,25,261 ਰੁਪਏ ਫਸਲਾਂ ਅਤੇ ਜ਼ਮੀਨਾਂ ਦੇ ਨੁਕਸਾਨ ਬਦਲੇ ਦਿੱਤੇ ਗਏ ਹਨ ਅਤੇ ਆਉਂਦੇ ਦਿਨਾਂ ਵਿੱਚ ਬਾਕੀ ਰਹਿੰਦੇ ਕਿਸਾਨਾਂ ਅਤੇ ਪੀੜ੍ਹਤਾਂ ਨੂੰ ਮੁਆਵਜਾ ਰਾਸ਼ੀ ਦਿੱਤੀ ਜਾਵੇਗੀ। ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੇ ਵਾਈਸ ਚੇਅਰਮੈਨ ਨੇ ਦੱਸਿਆ ਕਿ ਅੱਜ ਪਿੰਡ ਮੰਡਾਲਾ, ਤਾਜੋਵਾਲ, ਜੁਲਾਹਾ



ਮਜਾਰਾ, ਤਲਵੰਡੀ ਸੀਬੂ, ਖੋਜਾ, ਚੱਕ ਇਲਾਹੀ ਬਖਸ਼ ਅਤੇ ਬੁਰਜ ਟਹਿਲ ਦਾਸ ਦੇ ਕਿਸਾਨਾਂ ਨੂੰ ਚੈਕ ਸੌਂਪੇ ਗਏ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਹੜ੍ਹ ਪੀੜ੍ਹਤਾਂ ਲਈ ਗਿਰਦਾਵਰੀ ਨਾਲੋ-ਨਾਲ ਕਰਵਾਕੇ ਮਿਥੀ ਡੈਡਲਾਈਨ ਤੋਂ ਪਹਿਲਾਂ ਹੀ ਮੁਆਵਜਾ ਦੇਣਾ ਯਕੀਨੀ ਬਣਾਇਆ ਹੈ।



# ਵਪਾਰੀਆਂ ਤੇ ਦੁਕਾਨਦਾਰਾਂ ਦੇ ਮੁੱਦਿਆਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ : ਵਿਨੀਤ ਵਰਮਾ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਰਾਜ ਟ੍ਰੇਡਰ ਕਮਿਸ਼ਨ ਦੇ ਮੈਂਬਰ, ਸ਼੍ਰੀ ਵਿਨੀਤ ਵਰਮਾ ਨੇ 16 ਅਕਤੂਬਰ ਨੂੰ ਮੋਹਾਲੀ ਦੇ ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਵਚਨਬੱਧਤਾ ਦੇ ਅਨੁਸਾਰ ਇੱਕ ਸੁਚਾਰੂ, ਸੁਰੱਖਿਅਤ ਅਤੇ ਵਪਾਰੀ-ਪੱਖੀ ਵਾਤਾਵਰਣ ਦਾ ਭਰੋਸਾ ਦਿੱਤਾ। ਪੀ ਐਸ ਟੀ ਸੀ ਐਲ ਗੈਸਟ ਹਾਊਸ, ਮੋਹਾਲੀ ਵਿਖੇ ਵੱਖ-ਵੱਖ ਵਪਾਰ ਅਤੇ ਦੁਕਾਨਦਾਰ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ, ਸ਼੍ਰੀ ਵਰਮਾ ਨੇ ਉਨ੍ਹਾਂ ਦੁਆਰਾ ਉਠਾਏ ਗਏ ਮੁੱਦਿਆਂ ਨੂੰ ਬੜੇ ਧੀਰਜ ਨਾਲ ਸੁਣਿਆ, ਖਾਸ ਕਰਕੇ ਚੱਲ ਰਹੇ ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ। ਉਨ੍ਹਾਂ ਦੁਹਰਾਇਆ ਕਿ ਰਾਜ ਸਰਕਾਰ ਅਤੇ ਕਮਿਸ਼ਨ ਪੰਜਾਬ ਭਰ ਦੇ ਵਪਾਰੀਆਂ ਅਤੇ ਦੁਕਾਨਦਾਰਾਂ ਲਈ ਇੱਕ ਸੁਹਿਰਦਤਾ ਭਰਪੂਰ ਮਾਹੌਲ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹਨ।ਆਪਸੀ ਜ਼ਿੰਮੇਵਾਰੀ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ, ਉਨ੍ਹਾਂ ਨੇ ਵਪਾਰੀਆਂ ਨੂੰ ਵਸਤੂਆਂ ਦੀ ਗੁਣਵੱਤਾ ਅਤੇ ਸ਼ੁੱਧਤਾ ਬਣਾਈ ਰੱਖਣ, ਆਪਣੇ ਅਦਾਰਿਆਂ ਵਿੱਚ ਸਫਾਈ ਅਤੇ ਸ਼ੁੱਧਤਾ ਨੂੰ ਯਕੀਨੀ ਬਣਾਉਣ ਅਤੇ ਗਾਹਕਾਂ ਦੀ ਸੁਖਦ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਦੁਕਾਨਾਂ ਅਤੇ ਬੂਥਾਂ ਦੇ ਸਾਹਮਣੇ ਲੋੜੀਂਦੀ ਜਗ੍ਹਾ ਰੱਖਣ ਦੀ ਅਪੀਲ ਕੀਤੀ।

# ਪੰਜਾਬ ਸਰਕਾਰ ਨੇ ਖਿਡਾਰੀਆਂ ਨੂੰ ਬਣਦਾ ਮਾਣ-ਸਨਮਾਨ ਦਿੱਤਾ : ਡਾ.ਸੰਜੀਵ ਗੌਤਮ

**ਭਲਾਣ (ਹਰਭਜਨ ਢਿੱਲੋਂ)**- ਖੇਡ ਮੈਦਾਨਾਂ ਵਿਚ ਪਰਤ ਰਹੀਆਂ ਰੌਣਕਾਂ ਨਾਲ ਸਾਡੇ ਨੌਜਵਾਨਾਂ ਨੂੰ ਨਵੀ ਸੇਧ ਮਿਲ ਰਹੀ ਹੈ। ਗੁਰੂ ਸਹਿਬਾਨ ਨੇ ਵੀ ਅਖਾੜਿਆਂ ਦੀ ਪਰੰਪਰਾ ਨੂੰ ਸ਼ੁਰੂ ਕੀਤਾ ਜਿਸ ਨਾਲ ਸਰੀਰਕ ਤੰਦਰੁਸਤੀ ਅਤੇ ਮਾਨਸਿਕ ਵਿਕਾਸ ਦਾ



ਮਾਰਗ ਅਪਨਾਇਆ ਜਾ ਸਕਦਾ ਹੈ। ਉਨ੍ਹਾਂ ਵਲੋਂ ਮਿਲਿਆ ਸਿੱਖਿਆਵਾਂ ਨਾਲ ਹੀ ਅੱਜ ਕੁਸ਼ਤੀ ਦੰਗਲ ਛਿੰਝ ਮੇਲਿਆਂ ਵਿਚ ਪੰਜਾਬੀ ਨੌਜਵਾਨਾਂ ਦੀ ਭਰਪੂਰ ਰੁਚੀ ਦਿਖਾਈ ਦਿੰਦੀ ਹੈ। ਇਨ੍ਹਾਂ ਵਿਚਾਰਾ ਦਾ ਪ੍ਰਗਟਾਵਾ ਡਾ.ਸੰਜੀਵ ਗੌਤਮ ਜ਼ਿਲ੍ਹਾ ਪ੍ਰਧਾਨ ਨੇ ਬੀਤੀ ਸ਼ਾਮ ਭੱਲੜੀ ਵਿਚ ਸ਼ਹੀਦ ਭਗਤ ਸਿੰਘ ਦੰਗਲ ਕਮੇਟੀ ਵਲੋਂ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਕਰਵਾਏ ਗਏ ਛਿੰਞ ਮੇਲੇ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਖੇਡ ਮੈਦਾਨਾਂ ਵਿਚ ਜਿਸ ਤਰਾਂ ਹੁਣ ਰੌਣਕਾਂ ਪਰਤ ਰਹੀਆਂ ਹਨ,ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਸੂਬੇ ਦੀ ਨੌਜਵਾਨੀ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜਿਸ ਤਰਾਂ ਪੰਜਾਬ ਦੇ ਕੁਝ ਨੌਜਵਾਨਾਂ ਨੂੰ ਪੰਜਾਬ ਸਰਕਾਰ ਨਸ਼ਿਆ ਦੀ ਦਲਦਲ ਵਿਚੋਂ ਕੱਢਣ ਵਿਚ ਸਫਲ ਹੋਈ ਹੈ, ਉਸੇ ਤਰਾਂ ਸੂਬੇ ਦੇ ਸਾਰੇ ਨੌਜਵਾਨਾਂ ਦਾ ਰੁੱਖ ਖੇਡ ਮੈਦਾਨਾਂ ਵੱਲ ਮੋੜਿਆ ਜਾ ਰਿਹਾ ਹੈ। ਇਸ ਮੌਕੇ ਸੋਹਣ ਸਿੰਘ ਬੈਂਸ, ਬਾਬਾ ਰਘੁਵਿੰਦਰ ਸਿੰਘ (ਬਿੱਟੂ ਬਾਬਾ ਜੀ) ਦੋਨੇਵਾਲ ਕਲਾਂ, ਬਾਬਾ ਗੁਰਚਰਨ ਸਿੰਘ ਗੁਰਦੁਵਾਰਾ ਸ਼ਹੀਦ ਬਾਗ਼ੀ ਬੇਈਹਾਰਾ, ਬਲਾਕ ਪ੍ਰਧਾਨ ਰਾਕੇਸ਼ ਵਰਮਾ, ਹੁਸ਼ਿਆਰ ਸਿੰਘ ਨੰਬਰਦਾਰ, ਹਰਜਿੰਦਰ ਸਿੰਘ, ਪ੍ਰਧਾਨ ਹਰਪਾਲ ਸਿੰਘ , ਉਪ ਪ੍ਰਧਾਨ ਵਰਜੀਤ ਸਿੰਘ, ਸਕੱਤਰ ਪ੍ਰਿੰਸੀਪਲ ਗੁਰਨਾਮ ਸਿੰਘ, ਕੈਸ਼ੀਅਰ ਸੁਖਵੰਤ ਸਿੰਘ, ਪ੍ਰੈਸ ਸਕੱਤਰ ਸ਼ਮਸ਼ੇਰ ਸਿੰਘ, ਸਤਪਾਲ ਸਿੰਘ ਤੇ ਵੱਖ-ਵੱਖ ਪਿੰਡਾਂ ਦੇ ਪਤਵੰਤੇ ਹਾਜ਼ਰ ਸਨ।

# ਫਰੈਸ਼ਰ ਪਾਰਟੀ 2025 ਦਾ ਆਯੋਜਨ

**ਜਲੰਧਰ (ਸ਼ੈਲੀ ਐਲਬਰਟ)** ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਗਰਲਜ਼ ਹੋਸਟਲ ਵਿਖੇ ਨਵੇਂ ਬੈਚ ਦਾ ਰਸਮੀ ਤੌਰ 'ਤੇ ਸਵਾਗਤ ਕਰਨ ਲਈ ਫਰੈਸ਼ਰ ਪਾਰਟੀ 2025 ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿਚ ਕਾਲਜ ਦੇ ਪ੍ਰਿੰਸੀਪਲ, ਡਾ. ਸੁਮਨ ਚੋਪੜਾ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਸਮਾਗਮ ਦੀ ਸ਼ੁਰੂਆਤ ਇੱਕ ਰਵਾਇਤੀ ਸਵਾਗਤ ਸਮਾਰੋਹ ਨਾਲ ਹੋਈ ਜਿੱਥੇ ਪ੍ਰਿੰਸੀਪਲ ਨੂੰ ਗਰਲਜ਼ ਹੋਸਟਲ ਇੰਚਾਰਜ, ਡਾ. ਅਮਨਪ੍ਰੀਤ ਕੌਰ ਸੰਧੂ ਅਤੇ ਗਰਲਜ਼ ਹੋਸਟਲ ਵਾਰਡਨ, ਸ਼੍ਰੀਮਤੀ ਕਾਂਤਾ ਨਾਗਪਾਲ ਦੁਆਰਾ ਫੁੱਲਾਂ ਦਾ ਗੁਲਦਸਤਾ ਭੇਂਟ ਕੀਤਾ ਗਿਆ, ਜੋ ਸਤਿਕਾਰ ਅਤੇ ਵਧਾਈਆਂ ਦਾ ਪ੍ਰਤੀਕ ਹੈ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਨਵੇਂ ਆਏ ਵਿਦਿਆਰਥੀਆਂ ਦਾ ਨਿੱਘਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਹੋਸਟਲ ਜੀਵਨ ਨੂੰ ਸਿੱਖਣ, ਵਿਕਾਸ ਅਤੇ ਸਥਾਈ ਦੋਸਤੀ ਦੇ ਸਮੇਂ ਵਜੋਂ ਅਪਣਾਉਣ ਲਈ ਉਤਸ਼ਾਹਿਤ ਕੀਤਾ। ਹੋਸਟਲ ਵਿਚ ਰਹਿ ਰਹੇ ਵੱਖ ਵੱਖ ਸਭਿਆਚਾਰ ਨਾਲ ਸਬੰਧਿਤ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰਦਰਸ਼ਨਾਂ ਦੀ ਇੱਕ ਲੜੀ ਪੇਸ਼ ਕੀਤੀ ਗਈ, ਜਿਸ ਵਿੱਚ ਕਸ਼ਮੀਰੀ ਡਾਂਸ, ਡੋਗਰੀ ਡਾਂਸ, ਹਰਿਆਣਵੀ ਡਾਂਸ, ਕਲਾਸੀਕਲ ਡਾਂਸ ਅਤੇ ਪੰਜਾਬੀ ਭੰਗੜਾ ਸ਼ਾਮਲ ਸਨ, ਜੋ ਇੱਕ ਛੱਤ ਹੇਠ ਵੱਖ-ਵੱਖ ਸੱਭਿਆਚਾਰਾਂ ਦੇ ਸੁੰਦਰ ਸੁਮੇਲ ਸੀ। ਸ਼ਾਮ ਦਾ ਮੁੱਖ ਆਕਰਸ਼ਣ ਮਾਡਲਿੰਗ ਮੁਕਾਬਲਾ ਸੀ, ਜਿੱਥੇ ਨਵੇਂ ਵਿਦਿਆਰਥੀਆਂ ਨੇ ਰੈਂਪ ਤੇ ਆਪਣੀਆਂ ਵਿਲੱਖਣ ਸ਼ੈਲੀਆਂ ਅਤੇ ਵਿਸ਼ਵਾਸ ਦਾ ਪ੍ਰਦਰਸ਼ਨ ਕੀਤਾ। ਕਈ ਮਨੋਰੰਜਕ ਦੌਰਾਂ ਤੋਂ ਬਾਅਦ, ਜੱਜਾਂ (ਪ੍ਰੋ. ਕਾਜਲ ਸ਼ਰਮਾ ਅਤੇ ਪ੍ਰੋ. ਅਰਸ਼ੀਆ ਸ਼ਰਮਾ) ਨੇ ਟਾਈਟਲ ਅਵਾਰਡਾਂ ਦੇ ਜੇਤੂਆਂ ਦਾ ਐਲਾਨ ਕੀਤਾ। ਮਿਸ ਫਰੈਸ਼ਰ ਦਾ ਖਿਤਾਬ ਸਮਿਤੀ (ਬੀ.ਏ. ਐਲ.ਐਲ.ਬੀ.-ਪਹਿਲਾ ਸਮੈਸਟਰ) ਨੂੰ ਮਿਲਿਆ, ਜਦੋਂ ਕਿ ਕੋਮਲ (ਬੀ.ਐਸ.ਸੀ.-ਆਰ.ਆਈ.ਟੀ ਪਹਿਲਾ ਸਮੈਸਟਰ) ਅਤੇ ਹਰਪ੍ਰੀਤ (ਬੀਪੀਟੀ-ਪਹਿਲਾ ਸਾਲ) ਨੂੰ ਕ੍ਰਮਵਾਰ ਮਿਸ ਰੇਡੀਐਂਟ ਅਤੇ ਮਿਸ ਚਾਰਮਿੰਗ ਦਾ ਖਿਤਾਬ ਮਿਲਿਆ। ਜੇਤੂਆਂ ਨੂੰ ਦਰਸ਼ਕਾਂ ਵੱਲੋਂ ਜ਼ੋਰਦਾਰ ਤਾੜੀਆਂ ਅਤੇ ਤਾਜ ਨਾਲ ਸਨਮਾਨਤ ਕੀਤਾ ਗਿਆ।



# ਪ੍ਰਾਇਮਰੀ ਸਕੂਲਾਂ ਦੀਆਂ ਬਲਾਕ ਪੱਧਰੀ ਖੇਡਾਂ ਦਾ ਸ਼ਾਨਦਾਰ ਆਗਾਜ਼



**ਬਲਾਚੌਰ (ਜਸਵਿੰਦਰ ਬੈਂਸ)**- ਸਰਕਾਰੀ ਪ੍ਰਾਇਮਰੀ ਸਕੂਲ ਥੋਪੀਆ ਵਿਖੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਅਵਤਾਰ ਸਿੰਘ ਅਤੇ ਸੈਂਟਰ ਹੈੱਡ ਟੀਚਰ ਰਾਕੇਸ਼ ਭੂੰਬਲਾ ਦੀ ਅਗਵਾਈ ਹੇਠ ਪ੍ਰਾਇਮਰੀ ਸਕੂਲਾਂ ਦੀਆਂ ਤਿੰਨ ਰੋਜ਼ਾ ਬਲਾਕ ਪੱਧਰੀ ਖੇਡਾਂ ਦਾ ਸ਼ਾਨਦਾਰ ਆਗਾਜ਼ ਹੋਇਆ, ਜਿਸ ਦਾ ਉਦਘਾਟਨ ਅਮਨਦੀਪ ਸਿੰਘ ਸੈਂਟਰ ਹੈੱਡ ਟੀਚਰ ਰੱਤੇਵਾਲ ਅਤੇ ਧਰਮਿੰਦਰ ਕੁਮਾਰ ਸੈਂਟਰ ਹੈੱਡ ਟੀਚਰ ਕਾਠਗੜ੍ਹ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੀਡੀਆ ਇੰਚਾਰਜ ਮਾ: ਰਵਿੰਦਰ ਸੂਰਾਪੁਰੀ ਨੇ ਦੱਸਿਆ ਕਿ ਖੇਡਾਂ ਦੇ ਪਹਿਲੇ ਦਿਨ ਬਲਾਕ ਬਲਾਚੌਰ-1 ਦੇ ਵੱਖ-ਵੱਖ ਸਕੂਲਾਂ ਦੇ ਲੜਕਿਆਂ ਨੇ ਕਬੱਡੀ ਨੈਸ਼ਨਲ ਸਟਾਇਲ, ਕਬੱਡੀ ਸਰਕਲ ਸਟਾਇਲ, ਯੋਗਾ, ਬੈਡਮਿੰਟਨ, ਸ਼ਤਰੰਜ ਆਦਿ ਖੇਡਾਂ ਵਿੱਚ ਭਾਗ ਲਿਆ। ਇਸ ਮੌਕੇ ਸੀਨੀਅਰ ਸੈਕੰਡਰੀ ਸਕੂਲ ਥੋਪੀਆ ਦੇ ਮਾ: ਧਰਮ ਪਾਲ ਅਦੋਆਣਾ, ਲੈਕ. ਓਂਕਾਰ ਚੰਦ ਸਮੇਤ ਸਮੂਹ ਸਟਾਫ ਨੇ ਖਿਡਾਰੀਆਂ ਨੂੰ ਅਸ਼ੀਰਵਾਦ ਦਿੱਤਾ। ਇਸ ਮੌਕੇ ਸੀ.ਐੱਚ.ਟੀ. ਕਮਲਦੀਪ ਚੌਧਰੀ, ਰੇਨੂੰ ਰਾਣੀ ਸੀ.ਐੱਚ.ਟੀ. ਰੈਲਮਾਜਰਾ, ਮਾ: ਬਲਜਿੰਦਰ ਸਿੰਘ ਵਿਰਕ ਕੋਆਰਡੀਨੇਟਰ ਸਮਾਰਟ ਸਕੂਲ ਪ੍ਰੋਜੈਕਟ, ਰਮਨ ਕੁਮਾਰ ਸੀ. ਐੱਚ. ਟੀ. ਕੰਗਣਾ, ਗੁਰਦਿਆਲ ਸਿੰਘ ਮਾਨ, ਗੀਤਾ ਚੌਧਰੀ ਬੀ.ਆਰ.ਸੀ. ਬਲਾਚੌਰ-1, ਮਾ: ਜਗਪਾਲ ਉਧਨਵਾਲ, ਰਵਿੰਦਰ ਕੁਮਾਰ ਭੂਨੇਵਾਲ, ਮਾ: ਅਸ਼ਵਨੀ ਭੂੰਬਲਾ ਜੱਟਮਾਜਰੀ, ਸੁਰਿੰਦਰ ਉਧਨਵਾਲ, ਰਾਜੀਵ ਨਿੱਘੀ, ਰਾਮ ਕੁਮਾਰ, ਮੈਡਮ ਪੂਨਮ ਰਾਣਾ, ਨਵਦੀਪ ਕੌਰ, ਸੁਖਵਿੰਦਰ ਕੌਰ, ਹਰਨੇਕ ਸਿੰਘ, ਚਰਨਜੀਤ ਸਿੰਘ ਸਿਆਣ, ਹਰਜੀਤ ਸਿੰਘ ਸਹੋਤਾ, ਜਸ਼ਨਦੀਪ ਸਿੰਘ, ਓਂਕਾਰ ਸਿੰਘ, ਐੱਚ. ਟੀ ਹਰਜਾਪ ਕੌਰ, ਜਸਵਿੰਦਰ ਕੌਰ, ਮਨਜੀਤ ਕੌਰ, ਸੁਰਭੀ ਸ਼ਾਰਧਾ, ਕੋਮਲ ਮਹਿਮੂਦਪੁਰ, ਮਧੂ ਰਾਣੀ, ਵੀਨਾ ਰਾਣੀ, ਰਜਿੰਦਰ ਕੌਰ, ਦਲਜੀਤ ਕੌਰ ਯੋਗੇਵਾਲ, ਕਿਰਨ ਬਾਲਾ, ਦਲਜੀਤ ਕੌਰ ਰਾਏਪੁਰ ਸਮੇਤ ਅਧਿਆਪਕ ਅਤੇ ਬੱਚੇ ਹਾਜ਼ਰ ਸਨ।

# ਏਡਜ਼ ਦੀ ਜਾਗਰੂਕਤਾ ਸੰਬੰਧੀ ਪੋਸਟਰ ਮੇਕਿੰਗ ਮੁਕਾਬਲੇ




**ਕਾਲਾ ਸੰਘਿਆਂ (ਮਨਜੀਤ ਮਾਨ)**- ਸੰਤ ਹੀਰਾ ਦਾਸ ਕੰਨਿਆ ਮਹਾਂ ਵਿਦਿਆਲਿਆ ਤੇ ਕਾਲਜੀਏਟ ਵਿਖੇ ਪ੍ਰਿੰਸੀਪਲ ਬਲਜਿੰਦਰ ਕੌਰ ਸੱਚਦੇਵਾ, ਕਾਲਜੀਏਟ ਪ੍ਰਿੰਸੀਪਲ ਰਜਿੰਦਰ ਕੌਰ ਦੀ ਅਗਵਾਈ ਹੇਠ ਐਨ.ਐਸ.ਐਸ/ਰੈਡ ਰਿਬਨ/ਤੇ ਇਕੋ ਕਲੱਬ ਦੇ ਇੰਚਾਰਜ ਡਾ. ਕੁਲਵਿੰਦਰ ਕੌਰ ਦੇ ਸਹਿਯੋਗ ਨਾਲ ਵਿਦਿਆਰਥੀਆਂ ਦੇ ਏਡਜ਼ / ਐਚ ਆਈ ਵੀ ਦੀ ਜਾਗਰੂਕਤਾ ਸੰਬਧੀ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ। ਵਿਦਿਆਰਥੀਆਂ ਨੇ ਏਡਸ ਦੀ ਜਾਗਰੂਕਤਾ ਸਬੰਧੀ ਪੋਸਟਰ ਤਿਆਰ ਕਰਕੇ ਚੰਗੇ ਸਿਹਤਮੰਦ ਸਮਾਜ ਦੀ ਕਾਮਨਾ ਕੀਤੀ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ ਨੇ ਵਿਦਿਆਰਥੀਆਂ ਦੁਆਰਾ ਬਣਾਏ ਗਏ ਪੋਸਟਰਾਂ ਦੀ ਸ਼ਲਾਘਾ ਕੀਤੀ ਤੇ ਅਜਿਹੀ ਭਿਆਨਕ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਚੰਗੇ ਕੰਮ ਕਰਨ ਲਈ ਪ੍ਰੇਰਿਆ। ਇਸ ਮੌਕੇ ਸੰਤ ਹੀਰਾ ਦਾਸ ਸਿੱਖਿਆ ਸੰਸਥਾਵਾਂ ਦੇ ਡਾਇਰੈਕਟਰ ਡਾ. ਰਾਮ ਮੂਰਤੀ ਨੇ ਵਿਦਿਆਰਥੀਆਂ ਨੂੰ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਗਤੀਵਿਧੀਆਂ ਜਿੱਥੇ ਤੁਹਾਨੂੰ ਜਾਗਰੂਕ ਕਰਦਿਆਂ ਹਨ ਉੱਥੇ ਚੰਗੇ ਸਮਾਜ ਦੀ ਸਿਰਜਣਾ ਕਰਦੀਆਂ ਹਨ। ਪ੍ਰਿੰਸੀਪਲ ਬਲਜਿੰਦਰ ਕੌਰ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਵਿਦਿਆਰਥੀ ਅਜਿਹੇ ਕੰਪੀਟੀਸ਼ਨ ਵਿੱਚ ਭਾਗ ਲੈ ਕੇ ਆਪਣਾ ਮਨੋਵਾਲ ਉੱਚਾ ਕਰਦੇ ਹਨ ਤੇ ਨਾਲ ਹੀ ਆਪਣੀ ਸਿਹਤ ਪ੍ਰਤੀ ਜਾਗਰੂਕ ਵੀ ਰਹਿੰਦੇ ਹਨ।ਇਸ ਮੌਕੇ ਤੇ ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜ. ਸੀਤਲ ਸਿੰਘ ਸੰਘਾ, ਡਾਇਰੈਕਟਰ ਡਾ. ਰਾਮ ਮੂਰਤੀ, ਪ੍ਰਿੰਸੀਪਲ ਬਲਜਿੰਦਰ ਕੌਰ, ਪ੍ਰਿੰਸੀਪਲ ਰਜਿੰਦਰ ਕੌਰ , ਐਨ.ਐਸ.ਐਸ ਤੇ ਰੈਡ ਰਿਬਨ ਤੇ ਇਕੋ ਕਲੱਬ ਦੇ ਇੰਚਾਰਜ ਡਾ. ਕੁਲਵਿੰਦਰ ਕੌਰ, ਇਰਮਾ, ਨੀਤੂ, ਸੂਜਨ, ਸੋਨਾਲੀ, ਸਮੂਹ ਸਟਾਫ ਮੈਂਬਰਜ਼ ਤੇ ਵਿਦਿਆਰਥੀ ਹਾਜ਼ਰ ਸਨ।

# ਧੰਮ ਚੱਕਰ ਪ੍ਰਵਰਤਨ ਦਿਵਸ ਸ਼ਰਧਾ-ਪੂਰਵਕ ਮਨਾਇਆ

**ਜਲੰਧਰ (ਰਾਜੇਸ਼ ਥਾਪਾ)**- ਭਾਰਤੀ ਸੰਵਿਧਾਨ ਦੇ ਮੁੱਖ ਸ਼ਿਲਪਕਾਰ, ਮਾਨਵਤਾ ਦੇ ਮਸੀਹਾ ਅਤੇ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਮਨੂਵਾਦੀ ਵਿਵਸਥਾ ਦੀ ਜਾਤੀਵਾਦੀ ਮਾਨਸਿਕਤਾ ਤੋਂ ਦੁਖੀ ਹੋ ਕੇ 14 ਅਕਤੂਬਰ 1956 ਨੂੰ ਨਾਗਪੁਰ ਵਿਖੇ ਬੁੱਧ ਧਰਮ ਦੀ ਦੀਕਸ਼ਾ ਲੈ ਕੇ ਆਪਣੇ ਲੱਖਾਂ ਪੈਰੋਕਾਰਾਂ ਨਾਲ ਧਰਮ ਪਰਿਵਰਤਨ ਕੀਤਾ ਸੀ। ਇਹ ਇਕ ਬਹੁਤ ਵੱਡੀ ਧਾਰਮਿਕ ਕ੍ਰਾਂਤੀ ਸੀ, ਜਿਸ ਨੇ ਸਦੀਆਂ ਬਾਅਦ ਬੁੱਧ ਧਰਮ ਦੇ ਮਹਾਨ ਮਾਨਵਤਾਵਾਦੀ ਫ਼ਲਸਫ਼ੇ ਨੂੰ ਭਾਰਤ ਦੀ ਧਰਤੀ ਤੇ ਮੁੜ ਸੁਰਜੀਤ ਕਰ ਦਿੱਤਾ। ਬਾਬਾ ਸਾਹਿਬ ਦੀ ਇਸ ਧੰਮ ਕ੍ਰਾਂਤੀ ਦੀ ਮਸ਼ਾਲ ਨੂੰ ਮਘਦਾ ਰੱਖਣ ਲਈ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜ਼ਿ.) ਨੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 14 ਅਕਤੂਬਰ ਨੂੰ ਅੰਬੇਡਕਰ ਭਵਨ ਟਰਸਟ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਪੰਜਾਬ ਯੂਨਿਟ ਦੇ ਸਹਿਯੋਗ ਨਾਲ ਇਤਿਹਾਸਿਕ ਸਥਾਨ ਅੰਬੇਡਕਰ ਭਵਨ, ਜਲੰਧਰ ਵਿਖੇ ਧੰਮ ਚੱਕਰ ਪ੍ਰਵਰਤਨ ਦਿਵਸ ਬੜੀ ਧੂਮ ਧਾਮ ਅਤੇ ਸ਼ਰਧਾ ਪੂਰਵਕ ਮਨਾਇਆ। ਅੰਤਰਰਾਸ਼ਟਰੀ ਧਰਮ ਪ੍ਰਚਾਰਕ ਅਤੇ ਫੈਡਰੇਸ਼ਨ ਆਫ਼ ਅੰਬੇਡਕਰਾਈਟ ਐਂਡ ਬੁੱਧਿਸਟ ਔਰਗੇਨਾਈਜੇਸ਼ਨਜ਼ (ਫੈਬੋ) ਯੂ ਕੇ ਦੇ ਅੰਤਰਰਾਸ਼ਟਰੀ ਕੋਆਰਡੀਨੇਟਰ ਡਾ. ਹਰਬੰਸ ਵਿਰਦੀ ਮੁੱਖ ਮਹਿਮਾਨ ਸਨ ਅਤੇ ਡਾ. ਬਲਬਿੰਦਰ ਕੁਮਾਰ ਅਸਿਸਟੈਂਟ ਪ੍ਰੋਫ਼ੈਸਰ, ਪੋਲੀਟੀਕਲ ਸਾਇੰਸ ਵਿਭਾਗ, ਪੰਜਾਬ ਯੂਨੀਵਰਸਿਟੀ ਸਵਾਮੀ ਸਰਵਾਨੰਦ ਗਿਰੀ ਰੀਜਨਲ ਸੈਂਟਰ, ਹੁਸ਼ਿਆਰਪੁਰ ਮੁੱਖ ਬੁਲਾਰੇ ਸਨ, ਜਿਨ੍ਹਾ ਨੇ ਵਿਸ਼ੇ 'ਤੇ ਵਿਸਥਾਰ ਨਾਲ ਭਾਸ਼ਨ ਦਿੱਤੇ। ਮਾਨਯੋਗ ਭੀਖੂ ਚੰਦਰ ਕੀਰਤੀ ਅਤੇ ਧੰਮਾਚਾਰੀ ਬਲਦੇਵ ਜੱਸਲ ਨੇ ਬੁੱਧ ਧਰਮ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਡਾ. ਵਿਰਦੀ ਨੇ ਕਿਹਾ ਕਿ ਬਾਬਾ ਸਾਹਿਬ ਡਾ. ਅੰਬੇਡਕਰ ਕਹਿੰਦੇ ਹਨ ਕਿ ਮੈਂ ਬੁੱਧ ਧਰਮ ਨੂੰ ਇਸ ਲਈ ਪਹਿਲ ਦਿੰਦਾ ਹਾਂ ਕਿਉਂਕਿ ਇਹ ਤਿੰਨ ਸਿਧਾਂਤਾਂ ਦਾ ਸੁਮੇਲ ਹੈ, ਜੋ ਕਿਸੇ ਹੋਰ ਧਰਮ 'ਚ ਨਹੀਂ। ਹੋਰ ਸਾਰੇ ਧਰਮ ਪਰਮਾਤਮਾ, ਆਤਮਾ ਅਤੇ ਮੌਤ ਤੋਂ ਬਾਅਦ ਦੀ ਜ਼ਿੰਦਗੀ ਨਾਲ ਆਪਣੇ ਆਪ ਨੂੰ ਪਰੇਸ਼ਾਨ ਕਰਦੇ ਹਨ।ਇਸ ਮੌਕੇ ਬਲਦੇਵ ਰਾਜ ਭਾਰਦਵਾਜ, ਪਰਮਿੰਦਰ ਸਿੰਘ ਖੁਤਨ, ਡਾ.ਮਹਿੰਦਰ ਸੰਧੂ, ਜਸਵਿੰਦਰ ਵਰਿਆਣਾ , ਤਿਲਕ ਰਾਜ, ਸਾਬਕਾ ਰਾਜਦੂਤ ਰਮੇਸ਼ ਚੰਦਰ, ਡਾ.ਚਰਨਜੀਤ ਸਿੰਘ, ਹਰਮੇਸ਼ ਜੱਸਲ, ਨਿਰਮਲ ਬਿੰਜੀ, ਕਮਲ ਕੁਮਾਰ, ਮਲਕੀਤ ਸਿੰਘ, ਸੂਰਜ ਬਿਰਦੀ, ਰਾਜੇਸ਼ ਬਿਰਦੀ, ਪਿਸ਼ੌਰੀ ਲਾਲ ਸੰਧੂ, ਹਰੀ ਸਿੰਘ ਥਿੰਦ, ਗੁਰਦੇਵ ਖੋਖਰ, ਬੀਬੀ ਮੋਹਿੰਦੋ ਰੱਤੂ, ਬਲਬਿੰਦਰ ਕੌਰ, ਸੁਖਵਿੰਦਰ ਕੌਰ ਅਤੇ ਭਾਰੀ ਗਿਣਤੀ ਵਿੱਚ ਲੋਕ ਹਾਜ਼ਰ ਸਨ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈੱਸ ਬਿਆਨ ਵਿੱਚ ਦਿੱਤੀ।




# ਸਹਿਜਲ ਗੋਤਰ ਦਾ ਸਤੀ ਮੇਲਾ 22 ਨੂੰ

**ਬਲਾਚੌਰ (ਜਸਵਿੰਦਰ ਬੈਂਸ)**- ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਦੇ ਪਿੰਡ ਰੈਲਮਾਜਰਾ ਵਿਖੇ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਹਿਜਲ ਗੋਤਰ ਦਾ ਸਤੀ ਮੇਲਾ 22 ਅਕਤੂਬਰ ਨੂੰ ਬੜੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਇਸ ਦੀ ਜਾਣਕਾਰੀ ਕਮੇਟੀ ਮੈਂਬਰ ਗਿਆਨ ਚੰਦ, ਪਾਧਾ ਮਾਸਟਰ ਸੁਰਜੀਤ ਲੋਹਟ ਨੇ ਦੱਸਿਆ ਕਿ ਇਸ ਦਿਨ ਸਤੀ ਮਾਤਾ ਦੀ ਵਿਸ਼ੇਸ਼ ਪੂਜਾ ਅਰਚਨਾ ਕੀਤੀ ਜਾਵੇਗੀ ਝੰਡਾ ਝੜਾਇਆ ਜਾਵੇਗਾ ਅਤੇ ਵਸਤਰ ਭੇਟ ਕੀਤੇ ਜਾਣਗੇ ਭਜਨ ਮੰਡਲੀ ਵਲੋਂ ਮਾਤਾ ਜੀ ਦੀ ਮਹਿਮਾ ਦਾ ਗੁਣਗਾਨ ਕਰ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ ਸੰਗਤਾਂ ਵਾਸਤੇ ਦੁੱਧ ,ਖੀਰ ਕੜਾਹ ਪ੍ਰਸ਼ਾਦ ਦਾ ਲੰਗਰ ਅਤੁੱਟ ਵਰਤਿਆ ਜਾਵੇਗਾ।

# ਵਿਸ਼ੇਸ਼ ਬੱਚਿਆਂ ਨਾਲ ਮਨਾਈ ਦੀਵਾਲੀ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਸਹਾਰਾ ਵੈਲਫੇਅਰ ਸੋਸਾਇਟੀ ਦੁਆਰਾ ਵਿਸ਼ੇਸ਼ ਬੱਚਿਆਂ ਨਾਲ ਇਸ ਸਾਲ ਦੀਵਾਲੀ ਦਾ ਤਿਉਹਾਰ ਬਹੁਤ ਹੀ ਖਾਸ ਅਤੇ ਰਚਨਾਤਮਕ ਤਰੀਕੇ ਨਾਲ ਮਨਾਇਆ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਨੌੜੀ ਵਿਖੇ ਇਨ੍ਹਾਂ ਬੱਚਿਆਂ ਦੁਆਰਾ ਬਣਾਏ ਗਏ ਦੀਵਿਆਂ ਅਤੇ ਮੋਮਬੱਤੀਆਂ ਦਾ ਇਕ ਆਕਰਸ਼ਕ ਸਟਾਲ ਲਗਾਇਆ ਗਿਆ, ਜਿਸ ਦਾ ਉਦੇਸ਼ ਬੱਚਿਆਂ ਵਿਚ ਰਚਨਾਤਮਕ ਅਤੇ ਆਤਮਨਿਰਭਰ ਨੂੰ ਉਤਸ਼ਾਹਤ ਕਰਨਾ ਸੀ। ਇਸ ਮੌਕੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਅਤੇ ਰੈੱਡ ਕਰਾਸ ਸੋਸਾਇਟੀ, ਹੁਸ਼ਿਆਰਪੁਰ ਵੱਲੋਂ ਬੱਚਿਆਂ ਨੂੰ ਸਕੂਲ ਬੈਗ, ਭਾਂਡੇ ਅਤੇ ਰਾਸ਼ਨ ਕਿੱਟਾਂ ਭੇਟ ਕੀਤੀਆਂ ਗਈਆਂ। ਪ੍ਰੋਗਰਾਮ ਵਿੱਚ ਅੰਗਰੇਜ਼ੀ ਲੈਕਚਰਾਰ ਰੇਨੂੰ ਬਾਲਾ ਨੇ ਦੀਵਾਲੀ ਦੀਆਂ ਚੀਜ਼ਾਂ ਦੀ ਸਜਾਵਟ ਵਿੱਚ ਵਿਸ਼ੇਸ਼ ਯੋਗਦਾਨ ਪਾਇਆ, ਜਿਸ ਨਾਲ ਸਟਾਲ ਦੀ ਸੁੰਦਰਤਾ ਹੋਰ ਵੀ ਵਧ ਗਈ। ਪ੍ਰੋਗਰਾਮ ਦੇ ਅਖ਼ੀਰ ਵਿੱਚ ਪ੍ਰਧਾਨ ਰੇਨੂੰ ਕੰਵਰ ਨੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਰੈੱਡ ਕਰਾਸ ਸਕੱਤਰ ਮੰਗੇਸ਼ ਸੂਦ ਦਾ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਇਸ ਪ੍ਰੇਰਨਾਦਾਇਕ ਪਹਿਲਕਦਮੀ ਦਾ ਸਮਰਥਨ ਕੀਤਾ। ਪ੍ਰੋਗਰਾਮ ਵਿੱਚ ਸਹਾਰਾ ਵੈਲਫੇਅਰ ਸੁਸਾਇਟੀ ਦੀ ਪ੍ਰਧਾਨ ਰੇਨੂੰ ਕੰਵਰ, ਰਣਜੀਤ ਸਿੰਘ, ਅੰਜੂ ਬਾਲਾ, ਸ਼ਿਆਮ ਕੌਰ ਅਤੇ ਪ੍ਰਿੰਸੀਪਲ ਰਣਜੀਤ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ।

# ਲਾਇਲਪੁਰ ਖ਼ਾਲਸਾ ਕਾਲਜ ਵਿਖੇ ਜ਼ਿਲ੍ਹਾ ਪੱਧਰੀ ਕੁਇਜ਼ ਮੁਕਾਬਲਾ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਮਾਣਯੋਗ ਮੰਤਰੀ ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਹਰਜੋਤ ਸਿੰਘ ਬੈਂਸ ਦੀ ਅਗਵਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ਾਂ ਵਿੱਚ ਵਿਭਾਗ ਦੁਆਰਾ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਸ ਕੜੀ ਵਿੱਚ ਵਿਦਿਆਰਥੀਆਂ ਦੀ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਇਤਿਹਾਸ ਵਿੱਚ ਰੁਚੀ ਪ੍ਰਫੁੱਲਿਤ ਕਰਨ ਦੇ ਮਕਸਦ ਨਾਲ ਸਿਰਜਣਾਤਮਕ ਅਤੇ ਸੁਹਜਾਤਮਕ ਬਿਰਤੀਆਂ ਪ੍ਰਫੁਲਿਤ ਕਰਨ ਹਿਤ ਕੁਇਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਇਹ ਮੁਕਾਬਲੇ ਪਹਿਲਾਂ ਜ਼ਿਲ੍ਹਾ ਪੱਧਰ ਅਤੇ ਫੇਰ ਜ਼ਿਲ੍ਹਿਆ ਵਿੱਚੋਂ ਜੇਤੂ ਵਿਦਿਆਰਥੀਆਂ ਦੇ ਮੁਕਾਬਲੇ ਰਾਜ ਪੱਧਰ ਉੱਤੇ ਕਰਵਾਏ ਜਾਂਦੇ ਹਨ। ਜ਼ਿਲ੍ਹਾ ਭਾਸ਼ਾ ਅਫ਼ਸਰ, ਕਪੂਰਥਲਾ ਸ਼੍ਰੀਮਤੀ ਜਸਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਪੂਰਥਲਾ ਦੇ ਜ਼ਿਲ੍ਹਾ ਪੱਧਰੀ ਮੁਕਾਬਲੇ ਸਥਾਨਕ ਲਾਇਲਪੁਰ ਖ਼ਾਲਸਾ ਕਾਲਜ ਅਰਬਨ ਅਸਟੇਟ ਕਪੂਰਥਲਾ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਸੰਸਥਾਵਾਂ ਵਿੱਚੋਂ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਦੇ ਸੰਚਾਲਨ ਵਿੱਚ ਕਾਲਜ ਪ੍ਰਸ਼ਾਸਨ ਦੁਆਰਾ ਸੁਹਿਰਦ ਭੂਮਿਕਾ ਨਿਭਾਈ ਗਈ। ਇਨ੍ਹਾਂ ਮੁਕਾਬਲਿਆਂ ਲਈ ਤਿੰਨ ਵਰਗ ਨਿਰਧਾਰਿਤ ਕੀਤੇ ਗਏ ਹਨ। ਵਰਗ ੳ ਵਿੱਚ ਅੱਠਵੀਂ ਤੱਕ, ਵਰਗ ਅ ਵਿੱਚ ਨੌਵੀਂ ਤੋਂ ਬਾਰ੍ਹਵੀਂ ਅਤੇ ਵਰਗ ੲ ਵਿੱਚ ਗਰੇਜੁਏਸ਼ਨ ਤੱਕ ਦੇ ਵਿਦਿਆਰਥੀ ਭਾਗ ਲੈਂਦੇ ਹਨ। ਕਪੂਰਥਲਾ ਜ਼ਿਲ੍ਹੇ ਦੇ ਮੁਕਾਬਲਿਆਂ ਵਿੱਚ ੳ ਵਰਗ ਵਿੱਚ ਕ੍ਰਮਵਾਰ ਸਰਗੁਣ ਕੌਰ ਲਿਟਲ ਏਂਜਲ ਪਬਲਿਕ ਸਕੂਲ ਕਪੂਰਥਲਾ, ਜਪਨੂਰ ਸਿੰਘ, ਸੰਤ ਪ੍ਰੇਮਪਾਲ ਸਿੰਘ ਕਾਨਵੈਂਟ ਸਕੂਲ ਬੇਗੋਵਾਲ, ਅੰਸ਼ਿਕਾ, ਮੰਡੀ ਹਾਰਡਿੰਗ ਗੰਜ ਗਰਲਜ਼ ਹਾਈ ਸਕੂਲ ਕਪੂਰਥਲਾ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। (ਅ) ਵਰਗ ਵਿੱਚ ਕ੍ਰਮਵਾਰ ਪ੍ਰਭਨੂਰ ਸਿੰਘ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਅਰਬਨ ਅਸਟੇਟ ਕਪੂਰਥਲਾ, ਬਲਵਿੰਦਰ ਕੌਰ, ਗੁਰੂ ਹਰਕ੍ਰਿਸ਼ਨ ਆਦਰਸ਼ ਸਕੂਲ ਉੱਚਾ ਬੇਟ, ਸੁਖਮਨਪ੍ਰੀਤ ਕੌਰ, ਹਿੰਦੂ ਕੰਨਿਆਂ ਕਾਲਜੀਏਟ ਸਕੂਲ ਕਪੂਰਥਲਾ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। (ੲ) ਵਰਗ ਵਿੱਚ ਹਰਦੀਪ ਕੌਰ, ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ, ਕਿਰਨਜੋਤ ਕੌਰ, ਨਵਾਬ ਜੱਸਾ ਸਿੰਘ ਆਹਲੂਵਾਲੀਆ ਸਰਕਾਰੀ ਕਾਲਜ ਕਪੂਰਥਲਾ ਅਤੇ ਨਿੰਮੀ, ਬੇਬੇ ਨਾਨਕੀ ਯੂਨੀਵਰਸਿਟੀ ਕਾਲਜ ਮਿੱਠੜਾ ਨੇ ਕ੍ਰਮਵਾਰ ਪਹਿਲਾ ਦੂਜਾ ਅਤੇ ਤੀਜਾ ਸਥਾਨ ਹਾਸਿਲ ਕੀਤਾ ਹੈ। ਤਿੰਨੇ ਵਰਗਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨਵੰਬਰ ਵਿੱਚ ਹੋਣ ਵਾਲੇ ਰਾਜ ਪੱਧਰੀ ਮੁਕਾਬਲੇ ਵਿੱਚ ਭਾਗ ਲੈਣਗੇ। ਜੇਤੂ ਵਿਦਿਆਰਥੀਆਂ ਨੂੰ ਭਾਸ਼ਾ ਵਿਭਾਗ ਵੱਲੋਂ ਇਨਾਮ ਵਜੋਂ ਨਕਦ ਰਾਸ਼ੀ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਇਨਾਮ ਪ੍ਰਦਾਨ ਕਰਨ ਵੇਲੇ ਸ਼੍ਰੀ ਤਜਿੰਦਰ ਸਿੰਘ, ਜ਼ਿਲ੍ਹਾ ਮੈਨੇਜਰ, ਪੰਜਾਬ ਸਕੂਲ ਸਿੱਖਿਆ ਬੋਰਡ ਕਪੂਰਥਲਾ ਵੱਲੋਂ ਵਿਸ਼ੇਸ਼ ਸ਼ਿਰਕਤ ਕੀਤੀ ਗਈ।



# ਮਹਿਲਾ ਵਰਗ ਦੀ ਸੁਰੱਖਿਆ ਲਈ ਹਰ ਅਦਾਰੇ ਨੂੰ ਜ਼ਿੰਮੇਵਾਰ ਬਣਾਇਆ ਜਾਵੇ : ਉਪਕਾਰ ਸੁਸਾਇਟੀ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਸਥਾਨਕ ਸਮਾਜ ਸੇਵੀ ਸੰਸਥਾ ਉਪਕਾਰ ਕੋਆਰਡੀਨੇਸ਼ਨ ਸੋਸਾਇਟੀ ਵਲੋਂ ਮਹਿਲਾ ਵਰਗ ਦੀ ਸੁਰੱਖਿਆ ਲਈ ਵਿਦਿਅਕ ਅਦਾਰਿਆਂ, ਪ੍ਰਾਈਵੇਟ, ਅਰਧ-ਸਰਕਾਰੀ ਤੇ ਸਰਕਾਰੀ ਅਦਾਰਿਆਂ ਨੂੰ ਡਿਊਟੀ ਸਮਿਆਂ ਦੌਰਾਨ ਜ਼ਿੰਮੇਵਾਰ ਬਣਾਉਣ ਦੇ ਨਾਲ਼ ਨਾਲ਼ ਵਿਦਿਅਕ ਅਦਾਰਿਆਂ ਦੇ ਆਰੰਭਿਕ ਤੇ ਛੁੱਟੀ ਵਾਲ਼ੇ ਸਮਿਆਂ ਦੌਰਾਨ ਪੁਲਸ ਗਸ਼ਤ ਦੇ ਉਚਿੱਤ ਪ੍ਰਬੰਧ ਕਰਨ ਦੀ ਮੰਗ ਕੀਤੀ ਗਈ ਹੈ। ਇਸ ਮੌਕੇ ਇੱਕ ਨਿੱਜੀ ਹਸਪਤਾਲ ਵਿੱਚ ਇੱਕ ਲੜਕੀ ਨਾਲ ਹੋਈ ਘਟਨਾ ਦਾ ਜ਼ਿਕਰ ਕੀਤਾ ਗਿਆ ਤੇ ਸਖਤ ਕਾਰਵਾਈ ਦੀ ਮੰਗ ਕੀਤੀ ਗਈ। ਇਸ ਮੌਕੇ ਤੇ ਇੱਕ ਮੰਗ ਪੱਤਰ ਉਪਕਾਰ ਸੋਸਾਇਟੀ ਦੇ ਵਫਦ ਵਲੋਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਜੀਵ ਵਰਮਾ ਨੂੰ ਉਹਨਾਂ ਦੇ ਦਫਤਰ ਵਿੱਚ ਮਿਲ਼ ਕੇ ਦਿੱਤਾ ਗਿਆ। ਮੰਗ ਪੱਤਰ ਵਿੱਚ ਦੋ ਸਮਾਜਿਕ ਬੁਰਾਈਆਂ ਕੰਨਿਆ ਭਰੂਣ ਹੱਤਿਆ ਤੇ ਨਸ਼ਿਆਂ ਦੀ ਬੁਰਾਈ ਦੀ ਰੋਕਥਾਮ ਲਈ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਕੀਤੀਆਂ ਜਾਣ ਵਾਲ਼ੀਆਂ ਮੀਟਿੰਗਾਂ ਵਿੱਚ ਸੋਸਾਇਟੀ ਦੀ ਸ਼ਮੂਲੀਅਤ ਦੀ ਮੰਗ ਵੀ ਕੀਤੀ ਗਈ ਹੋਈ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਆਖਿਆ ਕਿ ਪ੍ਰਸ਼ਾਸਨ ਸਮਾਜ ਵਿਰੋਧੀ ਤੱਤਾਂ ਦੀਆਂ ਸਰਗਰਮੀਆਂ ਤੇ ਪੂਰੀ ਨਿਗਾਹ ਰੱਖਦਾ ਹੈ ਪਰ ਹਰ ਨਾਗਰਿਕ ਨੂੰ ਸੁਰੱਖਿਆ ਦੇਣੀ ਵੀ ਸੰਭਵ ਨਹੀਂ ਹੁੰਦੀ ਇਸ ਲਈ ਸਮਾਜ ਵਿਰੋਧੀ ਤੱਤਾਂ ਤੋਂ ਵਿਸ਼ੇਸ਼ ਰੂਪ ਵਿੱਚ ਮਹਿਲਾ ਵਰਗ ਨੂੰ ਸਵੈ-ਸੁਰੱਖਿਆ ਟ੍ਰੇਨਿੰਗ ਲਈ ਜਾਗਰੂਕ ਹੋਣ ਦੀ ਲੋੜ ਵੀ ਹੈ। ਵਫਦ ਵਿੱਚ ਜੇ ਐਸ ਗਿੱਦਾ, ਪ੍ਰਿੰਸੀਪਲ ਪਰਵਿੰਦਰ ਸਿੰਘ ਜੱਸੋਮਜਾਰਾ, ਮਾਸਟਰ ਨਰਿੰਦਰ ਸਿੰਘ ਭਾਰਟਾ, ਦੇਸ ਰਾਜ ਬਾਲੀ, ਬੀਰਬਲ ਤੱਖੀ, ਡਾ.ਅਵਤਾਰ ਸਿੰਘ, ਪ੍ਰਿੰਸੀਪਲ ਬਿਕਰਮਜੀਤ ਸਿੰਘ, ਹਰਬੰਸ ਕੌਰ, ਜਯੋਤੀ ਬੱਗਾ, ਸੁੱਖਵਿੰਦਰ ਕੌਰ ਸੁੱਖੀ, ਸਤਨਾਮ ਸਿੰਘ ਚੱਕ ਗੁਰੂ ਤੇ ਵਾਸਦੇਵ ਪ੍ਰਦੇਸੀ ਸ਼ਾਮਲ ਹੋਏ।



# ਸਲਾਨਾ ਛਿੰਞ ਮੇਲਾ ਕਰਵਾਇਆ

**ਬੰਗਾ (ਅਵਤਾਰ ਕਲੇਰ)**- ਪਿੰਡ ਸੂਰਾਪੁਰ ਵਿਖੇ ਗੁਗਾ ਜਾਹਰ ਪੀਰ ਅਤੇ ਬਾਬਾ ਅਮਰੀਕ ਨੂੰ ਸਮਰਪਿਤ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਸਲਾਨਾ ਛਿੰਞ ਮੇਲਾ ਕਰਵਾਇਆ ਗਿਆ। ਛਿੰਞ ਮੇਲੇ ਵਿੱਚ ਵੱਖ ਵੱਖ ਅਖਾੜਿਆਂ ਤੋਂ ਪਹਿਲਵਾਨਾਂ ਨੇ ਹਿੱਸਾ ਲਿਆ। ਪਟਕੇ ਦੀ ਕੁਸ਼ਤੀ ਹਰਸ਼ ਮਹਾਰਾਸ਼ਟਰ ਅਤੇ ਛੋਟਾ ਜੱਸਾ ਬਾਹੜੋਵਾਲ ਵਿਚਕਾਰ ਹੋਈ ਜਿਸ ਵਿਚ ਛੋਟਾ ਜੱਸਾ ਬਾਹੜੋਵਾਲ ਨੇ ਜਿੱਤ ਪ੍ਰਾਪਤ ਕੀਤੀ। ਦੋ ਨੰਬਰ ਦੀ ਕੁਸ਼ਤੀ ਹਰਸ਼ ਬਾਬਾ ਫਲਾਈ ਅਤੇ ਚਰਨਜੀਤ ਕੰਗਣੀਵਾਲ ਵਿਚਕਾਰ ਹੋਈ, ਜਿਸ ਵਿੱਚ ਹਰਸ਼ ਬਾਬਾ ਫਲਾਈ ਨੇ ਜਿੱਤ ਪ੍ਰਾਪਤ ਕੀਤੀ। ਤਿੰਨ ਨੰਬਰ ਦੀ ਕੁਸ਼ਤੀ ਸੁੱਖਮੰਡ ਚੋਤਾ ਤੇ ਜੱਗਾ ਆਲਮਗੀਰ ਵਿਚਕਾਰ ਹੋਈ। ਜਿਸ ਵਿੱਚ ਜੱਗਾ ਆਲਮਗੀਰ ਨੇ ਜਿੱਤ ਪ੍ਰਾਪਤ ਕੀਤੀ ਪ੍ਰਬੰਧਕਾਂ ਵੱਲੋਂ ਪਹਿਲਵਾਨਾਂ, ਐਨ ਆਰ ਵੀਰਾਂ ਤੇ ਦਾਨੀ ਸੱਜਣਾਂ, ਪ੍ਰਮੁੱਖ ਸਖਸ਼ੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਕੁਲਬੀਰ ਸਿੰਘ ਦੀਪਾ ਨੰਬਰਦਾਰ, ਅਮਨਦੀਪ ਸਿੰਘ ਸਰਪੰਚ,ਬਹਾਦਰ ਸਿੰਘ ਪਾਬਲਾ ਸਮੂਹ ਕਮੇਟੀ ਮੈਂਬਰ ਤੋਂ ਇਲਾਵਾ ਤਰਸੇਮ ਸਿੰਘ ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸਕੱਤਰ, ਗੁਰਦੇਵ ਸਿੰਘ, ਪਰਮਿੰਦਰ ਸਿੰਘ ਚੌਧਰੀ, ਪਰਮਜੀਤ ਸਿੰਘ ਨੰਬਰਦਾਰ, ਸਰਵਣ ਸਿੰਘ ਲਾਡੀ,ਬਾਬਾ ਰਘੁਬਿੰਦਰ ਸਿੰਘ ਬਿੱਟੂ ਮੁੱਖ ਸੇਵਾਦਾਰ ਰੌਜਾ ਲੱਖ ਦਾਤਾ ਪੀਰ ਦੋਨੇਵਾਲ ਕਲਾਂ, ਜੋਗਾ ਸਿੰਘ ਪੰਚ,ਜਾਗਰ ਰਾਮ ਪੰਚ, ਹਰਜਿੰਦਰ ਸਿੰਘ ਬਾਈ, ਅਵਤਾਰ ਸਿੰਘ ਬਾਈ,ਸੁਰਜੀਤ ਸਿੰਘ ਬੈਂਸ,ਲਾਡੀ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।



# ਸਿਲਵਰ ਓਕ ਸਕੂਲ ਨੇ ਲੋੜਵੰਦਾਂ ਦੀ ਮਦਦ ਕਰਨ ਲਈ ਕੀਤੀ ਅਨੋਖੀ ਪਹਿਲ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਰੌਸ਼ਨੀ ਦੇ ਤਿਉਹਾਰ ਦਿਵਾਲੀ ਦੇ ਸਬੰਧ ਵਿੱਚ ਵੱਖ-ਵੱਖ ਗਤੀਵਿਧੀਆਂ ਉਲੀਕੀਆਂ ਗਈਆਂ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮਨੀਸ਼ਾ ਸੰਗਰ ਦੀ ਅਗਵਾਈ ਵਿੱਚ ਸਵੇਰ ਦੀ ਸਭਾ ਵਿੱਚ ਬੱਚਿਆਂ ਨੂੰ ਦਿਵਾਲੀ ਦੇ ਬਾਰੇ ਅਤੇ ਇਸ ਦੇ ਇਤਿਹਾਸ ਦੇ ਬਾਰੇ ਜਾਣਕਾਰੀ ਦਿੱਤੀ ਗਈ ਇਸ ਦੇ ਨਾਲ ਹੀ ਬੱਚਿਆਂ ਵੱਲੋਂ ਲਿਆਂਦੇ ਹੋਏ ਲੋੜਵੰਦਾਂ ਨੂੰ ਤਕਸੀਮ ਕਰਨ ਵਾਲੇ ਲੁੜੀਂਦੇ ਸਮਾਨ ਨੂੰ ਇਕੱਤਰ ਕੀਤਾ ਗਿਆ। ਸੰਸਥਾ ਦੇ ਪ੍ਰਿੰਸੀਪਲ ਮੈਡਮ ਮਨੀਸ਼ਾ ਸੰਗਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸਿਲਵਰ ਓਕ ਦਿਵਾਲੀ ਦੀਆਂ ਖੁਸ਼ੀਆਂ ਉਹਨਾਂ ਲੋਕਾਂ ਨਾਲ ਵੰਡ ਕੇ ਮਨਾਉਣ ਨੂੰ ਪਹਿਲ ਦਿੰਦਾ ਹੈ, ਜਿਨਾਂ ਦੀ ਜ਼ਿੰਦਗੀ ਦੇ ਵਿੱਚ ਰੌਸ਼ਨੀ ਦੀ ਜ਼ਰੂਰਤ ਹੈ ਅਤੇ ਉਹ ਇਹਨਾਂ ਖੁਸ਼ੀਆਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਮੌਕੇ ਤੇ ਪ੍ਰਿੰਸੀਪਲ ਸੰਗਰ ਨੇ ਦੱਸਿਆ ਕਿ ਇਹ ਸਮਾਨ ਜੋ ਬੱਚੇ ਉਹਨਾਂ ਦੇ ਮਾਪਿਆਂ ਦੇ ਸਹਿਯੋਗ ਦੇ ਨਾਲ ਸਕੂਲ ਵਿੱਚ ਲੈ ਕੇ ਆਏ ਹਨ ਇਸ ਨੂੰ ਤਿੰਨ ਹਿੱਸਿਆਂ ਵਿੱਚ ਤਕਸੀਮ ਕੀਤਾ ਜਾਵੇਗਾ। ਅਤੇ ਉਹ ਤਿੰਨੋਂ ਹਿੱਸੇ ਅਲੱਗ ਅਲੱਗ ਜਗ੍ਹਾ ਲੋੜਵੰਦਾਂ ਦੀ ਮਦਦ ਲਈ ਭੇਜੇ ਜਾਣਗੇ। ਇਹਨਾਂ ਦੇ ਵਿੱਚ ਕੁਸ਼ਟ ਆਸ਼ਰਮ ਤੇ ਦਸੂਹਾ, ਗੁਰੂ ਆਸਰਾ ਸੇਵਾ ਘਰ ਬਾਹਘਾ ਅਤੇ ਬਿਰਧ ਆਸ਼ਰਮ ਦੇਹਰੀਵਾਲ, ਇਹਨਾਂ ਤਿੰਨ ਜਗ੍ਹਾਵਾਂ ਤੇ ਇਹ ਜ਼ਰੂਰਤ ਦਾ ਸਮਾਨ ਭੇਜਿਆ ਜਾਵੇਗਾ। ਇਸ ਤੋਂ ਇਲਾਵਾ ਸਕੂਲ ਦੇ ਸੀ.ਸੀ.ਏ ਵਿਭਾਗ ਦੀ ਅਗਵਾਈ ਵਿੱਚ ਦਿਵਾਲੀ ਦੇ ਮੌਕੇ ਤੇ ਬੋਰਡ ਡੈਕੋਰੇਸ਼ਨ ਮੁਕਾਬਲੇ ਵੀ ਕਰਵਾਏ ਗਏ ਜਿਨਾਂ ਦੇ ਵਿੱਚ ਅਰਥ ਹਾਊਸ ਪਹਿਲੇ ਸਥਾਨ ਤੇ ਮਰਕਰੀ ਹਾਊਸ ਦੂਸਰੇ ਸਥਾਨ ਤੇ ਅਤੇ ਯੂਪੀਟਰ ਅਤੇ ਮਾਰਸ ਤੀਜੇ ਸਥਾਨ ਤੇ ਕਾਬਜ਼ ਰਹੇ।ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਸੰਜੀਵ ਕੁਮਾਰ ਸ਼ਰਮਾ, ਅਮਰਜੀਤ ਕੌਰ ਸੈਣੀ, ਜਗਬੰਧਨ ਸਿੰਘ, ਗੁਰਪ੍ਰੀਤ ਕੌਰ, ਬਲਜੀਤ ਕੌਰ, ਹਰਜੀਤ ਕੌਰ, ਹਰਵਿੰਦਰ ਕੌਰ, ਸੁਮੀਤ, ਕੰਚਨ, ਪਰਮਜੀਤ, ਗੁਰਦੇਵ, ਹਰਜੀਤ, ਅਜੇ ਅਤੇ ਬਾਕੀ ਸਟਾਫ ਵੀ ਮੌਜੂਦ ਸੀ।



# ਪਿੰਡਾਂ ਨੂੰ ਜਾਣ ਵਾਲੀ ਸੜਕ ਦੀ ਹਾਲਤ ਖਸਤਾ : ਧੀਮਾਨ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਸੜਕਾਂ ਦੀ ਚੰਗੀ ਹਾਲਤ ਤੋਂ ਬਿਨ੍ਹਾਂ ਆਵਾਜਾਈ ਕਦੇ ਵੀ ਸੁੱਰਖਿਅਤ ਨਹੀਂ ਹੋ ਸਕਦੀ । ਇਸਦਾ ਖੁਲਾਸਾ ਕਰਦਿਆਂ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ,ਮਹਿਲਾ ਆਗੂ ਕਸ਼ਮੀਰ ਕੌਰ,ਭੁਪਿੰਦਰ ਸਿੰਘ ਬਿੰਦਾ ਨੇ ਦੱਸਿਆ ਕਿ ਮਾਹਿਲਪੁਰ ਮੇਨ ਤੋਂ ਨੰਗਲ ਖੁਰਦ,ਗੋਦਪੁਰ,ਰਸੂਲ ਪੁਰ,ਸਰਹਾਲਾ ਖੁਰਦ ਅਤੇ ਸਰਹਾਲਾ ਕਲਾਂ,ਜਾਂਗਣੀਵਾਲ ਆਦਿ ਪਿੰਡਾਂ ਨੂੰ ਜਾਣ ਵਾਲੀ ਸੜਕ ਵੱਲ ਪੰਜਾਬ ਸਰਕਾਰ ਵਲੋਂ ਧਿਆਨ ਨਾ ਦੇਣ ਤੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਵਹੀਕਲਾਂ ਉਤੇ ਟੈਕਸ, ਰੋਡ ਐਕਸ, ਪੈਟਰੋਲ ਡੀਜ਼ਲ ਉਤੇ ਟੈਕਸ ਦੇਣ ਦੇ ਬਾਵਜੂਦ ਟੈਕਸ ਦੇਣ ਦੇ ਉਪਰੰਤ ਇਲਾਕੇ ਦੀ ਮੁੱਖ ਸੜਕ ਦਾ ਬੁਰਾ ਹਾਲ ਹੈ। ਇਸ ਸੜਕ ਉਤੇ ਮਾਹਿਲਪੁਰ ਅਤੇ ਸਰਹਾਲਾ ਕਲਾਂ ਦੀਆਂ ਮੰਡੀਆਂ ਵੀ ਪੈਂਦੀਆਂ ਹਨ, ਜਿਥੇ ਕਿਸਾਨ ਅਪਣੀਆਂ ਫਸਲਾਂ ਵੇਚਣ ਲਈ ਆਉਂਦੇ ਜਾਂਦੇ ਹਨ।ਉਨ੍ਹਾਂ ਕਿਹਾ ਕਿ ਇਸ ਸੜਕ ਤੇ ਅਨੇਕਾਂ ਪਿੰਡਾਂ ਵਿਚੋਂ ਸਕੂਲਾਂ,ਕਾਲਜਾਂ ਵਿਚ ਪੜ੍ਹਣ ਵਾਲੇ ਵਿਦਿਆਰਥੀ ਅਤੇ ਮੁਲਾਜ਼ਮ ਆਉਂਦੇ ਜਾਂਦੇ ਹਨ ਅਤੇ ਜਿਨ੍ਹਾਂ ਲੋਕਾਂ ਨੇ ਸਮਾਨ ਦੀ ਖ੍ਰੀਦ ਕਰਨੀ ਹੁੰਦੀ ਹੈ ਉਨ੍ਹਾਂ ਨੂੰ ਮਾਹਿਲਪੁਰ ਨੂੰ ਆਉਣਾ ਜਾਣਾ ਪੈਂਦਾ ਹੈ। ਪਿੰਡਾਂ ਵਿਚ ਆਮ ਤੌਰ ਦੇ ਸਬਜੀ ਅਤੇ ਹੋਰ ਸਮਾਨ ਵਿਕਰੇਤਾ ਵੀ ਪ੍ਰਸ਼ਾਨ ਹਨ।ਪਿੰਡ ਵਿਚ ਬਣੀਆਂ ਡਿਸਪੈਂਸਰੀਆਂ ਤੇ ਸਕੂਲਾਂ ਵਿਚ ਆਉਣ ਵਾਲੇ ਡਾਕਟਰ,ਟੀਚਰ ਵੀ ਮੁਸ਼ਕਿਲਾਂ ਝੇਲ ਰਹੇ ਹਨ।ਧੀਮਾਨ ਨੇ ਕਿਹਾ ਕਿ ਅਗਰ ਸੜਕ ਦਾ ਤੁਰੰਤ ਨਿਰਮਾਣ ਨਹੀਂ ਕੀਤਾ ਗਿਆ ਤਾਂ ਲੋਕਾਂ ਨੂੰ ਲਾਮਬੰਦ ਕਰਕੇ ਆਮ ਆਦਮੀ ਪਾਰਟੀ ਦੀ ਸਰਕਾਰ ਵਿਰੁਧ ਮੁਜ਼ਾਹਰੇ ਕੀਤ ਜਾਣਗੇ।



# ਮਹਾਨ ਗੁਰਮਤਿ ਸਮਾਗਮ ਕਰਵਾਏ

**ਮੇਹਟਿਆਣਾ (ਜਗਤਾਰ ਸਿੰਘ ਭੂੰਗਰਨੀ)**- ਇਤਿਹਾਸਕ ਪਿੰਡ ਭੂੰਗਰਨੀ ਵਿਖੇ ਪਾਤਸ਼ਾਹੀ ਸੱਤਵੀਂ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਧਰਤੀ ਤੇ ਸਮੂਹ ਨਗਰ ਨਿਵਾਸੀ,



ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਾਤਸਾਹੀ ਸੱਤਵੀਂ ਧੰਨ ਧੰਨ ਸ਼੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਜੋਤੀ ਜੋਤ ਦਿਹਾੜੇ ਮੌਕੇ ਅਤੇ ਪਾਤਸ਼ਾਹੀ ਅੱਠਵੀਂ ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਗੁਰਤਾ ਗੱਦੀ ਮੌਕੇ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਸੁਰਜੀਤ ਸਿੰਘ ਮਸੂਤਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਮਾਗਮ ਦੌਰਾਨ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਸੁਖਚੈਨ ਸਿੰਘ ਮੁੱਖ ਗ੍ਰੰਥੀ ਭੂੰਗਰਨੀ, ਭਾਈ ਗੁਰਨੂਰ ਸਿੰਘ ਕਥਾਵਾਚਕ ਦਮਦਮੀ ਟਕਸਾਲ ਤਰਨ ਤਾਰਨ ਸਾਹਿਬ ਆਦਿ ਨੇ ਗੁਰਬਾਣੀ ਗੁਰਇਤਿਹਾਸ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਪ੍ਰਬੰਧਕਾਂ ਵੱਲੋਂ ਰਾਗੀ ਜਥੇ, ਪ੍ਰਮੁੱਖ ਸਖਸ਼ੀਅਤਾਂ ਅਤੇ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਮਾਗਮ ਦੌਰਾਨ ਬਲਵੀਰ ਸਿੰਘ ਤੰਬੜ, ਰਾਜਵੀਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਬਲਵਿੰਦਰ ਸਿੰਘ, ਜਤਿੰਦਰ ਸਿੰਘ, ਭੁਪਿੰਦਰ ਸਿੰਘ, ਬਲਵੀਰ ਸਿੰਘ, ਜਸਵੰਤ ਸਿੰਘ, ਗੁਰਬਚਨ ਸਿੰਘ ਕਾਕਾ ਤੇ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

17 Oct Page 9.qxd 10/16/2025 10:53 PM Page 1



## ਡੀ ਟੀ ਐੱਫ਼ ਨੇ ਡੀ ਏ, ਭੱਤਿਆਂ ਤੇ ਪੁਰਾਣੀ ਪੈਨਸ਼ਨ ਮੰਗਾਂ ਸੰਬੰਧੀ ਦਿੱਤਾ ਧਰਨਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਡੈਮੋਕ੍ਰੈਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ਼.) ਜ਼ਿਲ੍ਹਾ ਇਕਾਈ ਹੁਸ਼ਿਆਰਪੁਰ ਵਲੋਂ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਵਿੱਤ ਸਕੱਤਰ ਮਨਜੀਤ ਸਿੰਘ ਦਸੂਹਾ, ਸੰਦੀਪ ਗਿੱਲ ਅਤੇ ਮੈਡਮ ਅੰਜੂ ਸਹਿਗਲ ਆਦਿ ਆਗੂਆਂ ਦੀ ਅਗਵਾਈ ਹੇਠ 2023 ਤੋਂ ਪੈਂਡਿੰਗ ਪੰਜ ਕਿਸ਼ਤਾਂ ਅਨੁਸਾਰ 16% ਡੀ.ਏ. ਜਾਰੀ ਨਾ ਕਰਨ ਅਤੇ ਹੋਰ ਵਿੱਤੀ ਮੰਗਾਂ ਨਾ ਹੱਲ ਕਰਨ ਦੇ ਰੋਸ ਵਜੋਂ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਮੂਹਰੇ ਰੋਹ ਭਰਪੂਰ ਧਰਨਾ ਦਿੱਤਾ ਗਿਆ।ਇਸ ਮੌਕੇ ਹਾਜ਼ਰ ਸੂਬਾ ਸੰਯੁਕਤ ਸਕੱਤਰ ਮੁਕੇਸ਼ ਗੁਜਰਾਤੀ, ਬਲਕਾਰ ਮਘਾਣੀਆ, ਸੰਜੀਵ ਕਲਸੀ, ਰਜਿੰਦਰ ਹੇਜਮਾਂ, ਅਜੇ ਕੁਮਾਰ ਅਤੇ ਨੰਦ ਰਾਮ ਆਦਿ ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਲੰਬੇ ਸਮੇਂ ਤੋਂ ਅਧਿਆਪਕਾਂ ਸਮੇਤ ਸਮੁੱਚੇ ਮੁਲਾਜ਼ਮਾਂ ਦੀਆਂ ਵਿੱਤੀ ਮੰਗਾਂ ਉੱਪਰ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਜਿਸ ਦੇ ਨਤੀਜੇ ਵਜੋਂ ਮਹਿੰਗਾਈ ਸੂਚਕ ਅੰਕ ਨਾਲ ਜੋੜ ਕੇ ਹੁੰਦੇ ਐਲਾਨਾਂ ਅਨੁਸਾਰ ਬਣਦੇ 58% ਡੀ.ਏ. (ਮਹਿੰਗਾਈ ਭੱਤਾ) ਦੀ ਥਾਂ ਪੰਜਾਬ ਦੇ ਮੁਲਾਜ਼ਮਾਂ ਨੂੰ ਕੇਵਲ 42% ਡੀ.ਏ. ਹੀ ਮਿਲ ਰਿਹਾ ਹੈ ਅਤੇ ਡੀ.ਏ. ਦੇ ਬਕਾਏ ਵੀ ਪੈਂਡਿੰਗ ਪਏ ਹਨ। ਮਹਿੰਗਾਈ ਭੱਤੇ ਵਿੱਚ ਬਣਿਆ ਇਹ ਵੱਡਾ ਪਾੜਾ ਬਣਨ ਪਿੱਛੇ ਜੁਲਾਈ 2023 ਵਿੱਚ 4%, ਜਨਵਰੀ 2024 ਵਿੱਚ 4%, ਜੁਲਾਈ 2024 ਵਿੱਚ 3%, ਜਨਵਰੀ 2025 ਵਿੱਚ 2% ਅਤੇ ਜੁਲਾਈ 2025 ਵਿੱਚ 3% ਦੀਆਂ ਕਿਸ਼ਤਾਂ ਪੰਜਾਬ ਦੇ ਮੁਲਾਜ਼ਮਾਂ ਨੂੰ ਨਾ ਮਿਲਣਾ ਹੈ, ਜਿਸ ਪ੍ਰਤੀ ਪੰਜਾਬ ਸਰਕਾਰ ਦੀ ਗਹਿਰੀ ਚੁੱਪ ਪ੍ਰਤੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਭਾਰੀ ਗੁੱਸਾ ਪਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ ਮੁਲਾਜ਼ਮਾਂ ਦੀਆਂ ਬਾਕੀ ਵਿੱਤੀ ਮੰਗਾਂ ਵੀ ਪੈਂਡਿੰਗ ਪਈਆਂ ਹਨ ਜਿੰਨ੍ਹਾਂ ਵਿੱਚ ਪੰਜਾਬ ਦੇ ਮੁਲਾਜ਼ਮਾਂ ਲਈ ਪੇਂਡੂ ਭੱਤਾ ਅਤੇ ਬਾਰਡਰ ਏਰੀਆ ਭੱਤਾ ਸਮੇਤ ਗੈਰ-ਵਾਜਬ ਰੂਪ ਵਿੱਚ ਕੱਟੇ ਗਏ 37 ਕਿਸਮ ਦੇ ਭੱਤੇ ਅਤੇ ਏ.ਸੀ.ਪੀ. ਸਕੀਮ ਬਿਨਾਂ ਕਾਰਣ ਰੋਕੇ ਹੋਏ ਹਨ। ਆਗੂਆਂ ਨੇ ਇਸ ਰੋਸ ਪੱਤਰ ਰਾਹੀਂ ਮੁੱਖ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਪੰਜਾਬ ਸਰਕਾਰ ਆਪਣੇ 18-10-2022 ਦੇ ਨੋਟੀਫਿਕੇਸ਼ਨ ਨੂੰ ਹਕੀਕੀ ਰੂਪ ਵਿੱਚ ਲਾਗੂ ਕਰਦਿਆਂ ਨੈਸ਼ਨਲ ਪੈਨਸ਼ਨ ਪ੍ਰਣਾਲੀ ਰੱਦ ਕਰਕੇ ਪੰਜਾਬ ਦੇ ਮੁਲਾਜ਼ਮਾਂ 'ਤੇ 1972 ਦੇ ਨਿਯਮਾਂ ਅਨੁਸਾਰ ਪੁਰਾਣੀ ਪੈਨਸ਼ਨ ਪ੍ਰਣਾਲੀ ਤੁਰੰਤ ਬਹਾਲ ਕਰੇ।ਇਸ ਮੌਕੇ ਪ੍ਰਦਰਸ਼ਨਕਾਰੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵਲੋਂ ਆਏ ਤਹਿਸੀਲਦਾਰ ਭੀਮ ਸੈਨ ਨੂੰ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਮਨਦੀਪ ਕੌਰ, ਬਲਵਿੰਦਰ ਕੌਰ, ਪਰਵਿੰਦਰ ਕੌਰ, ਜਸਵਿੰਦਰ ਕੌਰ, ਗੁਰਜੀਤ ਕੌਰ, ਨਵਿੰਦਰ ਕੌਰ, ਰਜਿੰਦਰ ਕੌਰ, ਮਧੂ ਬਾਲਾ, ਬਲਜੀਤ ਸਿੰਘ ਮਹਮੋਵਾਲ, ਪ੍ਰਵੀਨ ਸ਼ੇਰਪੁਰ, ਬਲਬੀਰ ਸਿੰਘ ਧਾਮੀ, ਅਸ਼ਨਈ ਕੁਮਾਰ, ਜਸਮੀਤ ਸਿੰਘ, ਗੁਰਪਾਲ ਸਿੰਘ, ਰਾਕੇਸ਼ ਕੁਮਾਰ ਆਦਿ ਹਾਜ਼ਰ ਸਨ।



## ਬਸਪਾ ਦਾ ਵਫਦ ਰਾਜਪਾਲ ਨੂੰ ਮਿਲਿਆ

ਜਲੰਧਰ, ਹੁਸ਼ਿਆਰਪੁਰ (ਸ਼ੈਲੀ ਐਲਬਰਟ, ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)- ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦਾ ਇੱਕ ਵਫਦ 16 ਅਕਤੂਬਰ ਨੂੰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਿਆ। ਵਫਦ ਦੀ ਅਗਵਾਈ ਬਸਪਾ ਦੇ ਸੂਬਾ ਪ੍ਰਧਾਨ ਤੇ ਸਾਬਕਾ ਸੰਸਦ ਮੈਂਬਰ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕੀਤੀ। ਇਸ ਵਫਦ ਵਿੱਚ ਬਸਪਾ ਦੇ ਸੂਬਾ ਕੋਆਰਡੀਨੇਟਰ ਤੇ ਵਿਧਾਇਕ ਨਵਾਂਸ਼ਹਿਰ ਡਾ. ਨਛੱਤਰ ਪਾਲ, ਸੂਬਾ ਕੋਆਰਡੀਨੇਟਰ ਪ੍ਰਜਾਪਤੀ ਅਜੀਤ ਸਿੰਘ ਭੈਣੀ, ਸੂਬਾ ਕੋਆਰਡੀਨੇਟਰ ਤੀਰਥ ਸਿੰਘ ਮਹਿਰਾ ਰਾਜਪੁਰਾ, ਸੂਬਾ ਕੋਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਤੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਸ਼ਾਮਿਲ ਸਨ। ਇਸ ਮੌਕੇ ਬਸਪਾ ਆਗੂਆਂ ਨੇ ਰਾਜਪਾਲ ਤੋਂ ਏ ਡੀ ਜੀ ਪੀ ਹਰਿਆਣਾ ਆਈ ਪੀ ਐਸ ਅਫਸਰ ਵਾਈ ਪੂਰਨ ਕੁਮਾਰ ਦੀ ਮੌਤ ਦੇ ਮਾਮਲੇ ਵਿੱਚ ਨਿਰਪੱਖ ਉੱਚ ਪੱਧਰੀ ਜਾਂਚ ਤੇ ਪੀੜਤ ਪਰਵਾਰ ਨੂੰ ਇਨਸਾਫ ਦੇਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਨੇ ਮਾਣਯੋਗ ਰਾਜਪਾਲ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਕਿ ਅਨੁਸੂਚਿਤ ਜਾਤੀਆਂ 'ਤੇ ਅੱਤਿਆਚਾਰ ਦੇ ਮਾਮਲੇ ਸਿਰਫ ਹਰਿਆਣਾ ਵਿੱਚ ਹੀ ਨਹੀਂ, ਬਲਕਿ ਪੰਜਾਬ ਵਿੱਚ ਵੀ ਵੱਡੇ ਪੱਧਰ ਤੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਆਈ ਪੀ ਐਸ ਅਫਸਰ ਦੀ ਮੌਤ ਦੇ ਮਾਮਲੇ ਨੇ ਇਨ੍ਹਾਂ ਅੱਤਿਆਚਾਰਾਂ ਦੇ ਮਾਮਲਿਆਂ ਨੂੰ ਮੁੜ ਉਭਾਰਿਆ ਹੈ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਵੀ ਐਸ ਸੀ ਵਰਗ ਦੇ ਦੋ ਸਰਪੰਚਾਂ 'ਤੇ ਹਮਲੇ ਕੀਤੇ ਗਏ, ਪਰ ਇਨ੍ਹਾਂ ਮਾਮਲਿਆਂ ਵਿੱਚ ਵੀ ਸੱਤਾਧਾਰੀ ਧਿਰ ਦੇ ਪ੍ਰਭਾਵ ਹੇਠ ਲੋੜੀਂਦੀ ਸਖਤ ਕਾਰਵਾਈ ਨਹੀਂ ਕੀਤੀ ਗਈ। ਇਸ ਤੋਂ ਇਲਾਵਾ ਐਸਸੀ ਵਰਗ ਦੇ ਲੋਕਾਂ ਨੂੰ ਝੂਠੇ ਪਰਚਿਆਂ ਵਿੱਚ ਵੀ ਫਸਾਇਆ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਨਜਾਇਜ਼ ਰੂਪ ਵਿੱਚ ਜੇਲ੍ਹ ਭੇਜਿਆ ਜਾ ਰਿਹਾ ਹੈ।




## ਐੱਸ ਡੀ ਕਾਲਜ 'ਚ ਐੱਚ ਆਈ ਵੀ-ਏਡਜ਼ ਜਾਗਰੂਕਤਾ ਲੈਕਚਰ




ਸੁਲਤਾਨਪੁਰ ਲੋਧੀ (ਹਨੀ)- ਐਸ.ਡੀ. ਕਾਲਜ ਫਾਰ ਵੂਮੈਨ ਵਿਖੇ ਰੈੱਡ ਰਿਬਨ ਕਲੱਬ ਅਤੇ ਐਨ.ਐਸ.ਐਸ ਵਿਭਾਗ ਵਲੋਂ ਐੱਚ ਆਈ ਵੀ (ਏਡਜ਼) ਜਾਗਰੂਕਤਾ ਸਬੰਧੀ ਲੈਕਚਰ ਦਾ ਆਯੋਜਨ ਕੀਤਾ ਗਿਆ। ਜੋ ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਦੀ ਨਿਗਰਾਨੀ ਹੇਠ ਆਯੋਜਿਤ ਕੀਤਾ ਗਿਆ, ਜਿਸਦਾ ਉਦੇਸ਼ ਵਿਦਿਆਰਥੀਆਂ ਵਿੱਚ ਐੱਚ ਆਈ ਵੀ (ਏਡਜ਼) ਦੇ ਕਾਰਨਾਂ, ਰੋਕਥਾਮ ਅਤੇ ਸਮਾਜਿਕ ਪਹਿਲੂਆਂ ਬਾਰੇ ਜਾਗਰੂਕਤਾ ਫੈਲਾਉਣਾ ਸੀ। ਇਹ ਲੈਕਚਰ ਰੈੱਡ ਰਿਬਨ ਕਲੱਬ ਦੇ ਇੰਚਾਰਜ ਅਤੇ ਐਸ ਐਸ ਐਸ ਪ੍ਰੋਗਰਾਮ ਅਫਸਰ ਮੈਡਮ ਸੁਨੀਤਾ ਕਲੇਰ ਵੱਲੋਂ ਦਿੱਤਾ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਐੱਚ ਆਈ ਵੀ ਫੈਲਣ ਦੇ ਕਾਰਨਾਂ, ਰੋਕਥਾਮ ਦੇ ਤਰੀਕਿਆਂ ਅਤੇ ਐੱਚ ਆਈ ਵੀ (ਏਡਜ਼) ਨਾਲ ਰਹਿ ਰਹੇ ਲੋਕਾਂ ਪ੍ਰਤੀ ਹਮਦਰਦੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਮੈਡਮ ਕਲੇਰ ਨੇ ਜ਼ੋਰ ਦੇ ਕੇ ਕਿਹਾ ਕਿ ਜਾਗਰੂਕਤਾ ਅਤੇ ਸਿੱਖਿਆ ਇਸ ਵਿਸ਼ਵਵਿਆਪੀ ਸਿਹਤ ਮੁੱਦੇ ਦਾ ਮੁਕਾਬਲਾ ਕਰਨ ਲਈ ਸਭ ਤੋਂ ਸ਼ਕਤੀਸ਼ਾਲੀ ਸਾਧਨ ਹਨ।



## ਡੀ ਸੀ ਨੇ ਨਸ਼ਾ ਮੁਕਤੀ ਕੇਂਦਰ ਦਾ ਕੀਤਾ ਦੌਰਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)- ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ 16 ਅਕਤੂਬਰ ਨੂੰ ਤਿਉਹਾਰਾਂ ਦੇ ਸੀਜ਼ਨ ਦੇ ਮੌਕੇ 'ਤੇ ਸਰਕਾਰੀ ਨਸ਼ਾ ਮੁਕਤੀ ਕੇਂਦਰ, ਸੈਕਟਰ 66, ਮੋਹਾਲੀ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਨਸ਼ਾ ਛੱਡਣ ਦਾ ਇਲਾਜ ਕਰਵਾ ਰਹੇ ਨੌਜੁਆਨਾਂ ਨੂੰ ਮਿਠਾਈਆਂ ਦੇ ਡੱਬੇ ਅਤੇ ਕੰਬਲ ਵੰਡੇ। ਆਪਣੇ ਦੌਰੇ ਦੌਰਾਨ, ਡਿਪਟੀ ਕਮਿਸ਼ਨਰ ਨੇ ਕੇਂਦਰ ਦੇ ਮਰੀਜ਼ਾਂ ਦੁਆਰਾ ਬਣਾਏ ਗਏ ਦੀਵੇ (ਮਿੱਟੀ ਦੇ ਦੀਵੇ) ਪ੍ਰਦਰਸ਼ਿਤ ਕਰਨ ਵਾਲੇ ਸਟਾਲਾਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ, ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਆਤਮ-ਵਿਸ਼ਵਾਸ ਪੈਦਾ ਕਰਨ ਅਤੇ ਹੁਨਰ ਵਿਕਾਸ ਅਤੇ ਪੁਨਰਵਾਸ ਲਈ ਮੌਕਾ ਪ੍ਰਦਾਨ ਕਰਨ ਵਿੱਚ ਮਦਦ ਕਰਦੀਆਂ ਹਨ।

## ਸਕੂਲ ਮੈਨੇਜਮੈਂਟ ਕਮੇਟੀ ਦੀ ਟ੍ਰੇਨਿੰਗ ਵਰਕਸ਼ਾਪ ਕਰਵਾਈ

ਕਾਲਾ ਸੰਘਿਆਂ (ਮਨਜੀਤ ਮਾਨ)- ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ ਦੀਆਂ ਨਵਗਠਿਤ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਮੈਂਬਰਾਂ ਨੂੰ ਟ੍ਰੇਨਿੰਗ ਦੇਣ ਤਹਿਤ ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ (ਲੜਕੇ), ਕਪੂਰਥਲਾ ਵਿਖੇ ਇੱਕ ਰੋਜ਼ਾ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ । ਇਸ ਵਿਚ ਕਲੱਸਟਰ ਕਾਲਾ ਸੰਘਿਆਂ ਦੇ ਵੱਖ-ਵੱਖ ਐਸ.ਐਮ.ਸੀ. ਚੇਅਰਮੈਨ, ਮੈਂਬਰ ਤੇ ਸਿੱਖਿਆ ਸ਼ਾਸਤਰੀਆਂ ਵੱਲੋਂ ਭਾਗ ਲਿਆ ਗਿਆ।ਸਕੂਲ ਪ੍ਰਿੰਸੀਪਲ ਸ਼੍ਰੀ ਗੁਰਚਰਨ ਸਿੰਘ ਚਾਹਲ ਅਤੇ ਸੈਂਟਰ ਮੁੱਖ ਅਧਿਆਪਕ ਸ਼੍ਰੀ ਰਜਨੀਸ਼ ਕੁਮਾਰ ਦੀ ਦੇਖ-ਰੇਖ ਵਿੱਚ ਹੋਈ ਇਸ ਵਰਕਸ਼ਾਪ ਨੂੰ ਸੰਬੋਧਨ ਕਰਦਿਆਂ ਕੁਲਵਿੰਦਰ ਸਿੰਘ ਚਾਹਲ ਐਜੂਕੇਸ਼ਨ ਵਲੰਟੀਅਰ ਟ੍ਰੇਨਰ ਨੇ ਕਿਹਾ ਕਿ ਸਕੂਲਾਂ ਦੀ ਕਾਇਆ ਕਲਪ ਕਰਨ ਵਿੱਚ ਅਧਿਆਪਕਾਂ ਦੇ ਨਾਲ-ਨਾਲ ਸਕੂਲ ਮੈਨੇਜਮੈਂਟ ਕਮੇਟੀ ਦਾ ਵੀ ਵਡਮੁੱਲਾ ਯੋਗਦਾਨ ਹੈ। ਉਹਨਾਂ ਐਸ ਐਮ ਸੀ ਮੈਂਬਰਾਂ ਨੂੰ ਅਪੀਲ ਕੀਤੀ ਕਿ 'ਸਕੂਲ ਦੀ ਤਰੱਕੀ ਸਭ ਦੀ ਜ਼ਿੰਮੇਵਾਰੀ' ਤਹਿਤ ਸਕੂਲ ਦੇ ਵਿਕਾਸ ਲਈ ਸਮੂਹ ਐਸ ਐਮ ਸੀ ਮੈਂਬਰ ਅਧਿਆਪਕਾਂ ਨੂੰ ਸਹਿਯੋਗ ਦੇਣ, ਸਕੂਲਾਂ ਅੰਦਰ ਵਿਦਿਆਰਥੀ ਦੀ ਵੱਧ ਤੋਂ ਵੱਧ ਹਾਜ਼ਰੀ ਯਕੀਨੀ ਬਣਾਉਣ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਮਿਲਣ ਵਾਲੀਆਂ ਸਹੂਲਤਾਂ ਜਿਵੇਂ ਮੁਫਤ ਕਿਤਾਬਾਂ, ਮੁਫਤ ਵਰਦੀਆਂ, ਦੁਪਹਿਰ ਦਾ ਖਾਣਾ ਆਦਿ ਦਾ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਲਾਭ ਮਿਲ ਸਕੇ । ਡਾਕਟਰ ਪਰਮਜੀਤ ਕੌਰ ਬਲਾਕ ਕੋਆਰਡੀਨੇਟਰ 'ਤੇ ਟ੍ਰੇਨਰ ਬੀ.ਆਰ.ਸੀ. ਮੈਡਮ ਰਚਨਾ ਪੁਰੀ ਵੱਲੋਂ ਬਹੁਤ ਹੀ ਸੁਚੱਜੇ ਢੰਗ ਨਾਲ ਪ੍ਰੋਜੈਕਟਰ ਦੀ ਵਰਤੋਂ ਕਰਦਿਆਂ ਟ੍ਰੇਨਿੰਗ ਸੈਕਸ਼ਨ ਨੂੰ ਬਹੁਤ ਹੀ ਰੋਚਕ ਬਣਾਈ ਰੱਖਿਆ। ਇਸ ਮੌਕੇ ਸੀਨੀਅਰ ਸਕੈਂਡਰੀ ਸਕੂਲ ਦੇ ਪ੍ਰਿੰਸੀਪਲ ਸ਼੍ਰੀ ਗੁਰਚਰਨ ਸਿੰਘ ਚਾਹਲ, ਲੈਕਚਰਾਰ ਸੰਜੀਵ ਕੁਮਾਰ, ਰਾਜਨਜੋਤ ਸਿੰਘ, ਮੈਡਮ ਕਵਿਤਾ ਪਰਮਜੀਤ ਕੌਰ, ਸੀਐਚਟੀ ਸ਼੍ਰੀ ਰਜਨੀਸ਼ ਕੁਮਾਰ ਅਧਿਆਪਕ ਸਰਬਜੀਤ ਸਿੰਘ, ਮਹਾਵੀਰ, ਹਰਜੀਤ ਸਿੰਘ, ਮੈਡਮ ਬਲਜੀਤ ਕੌਰ, ਗੀਤਾ ਸ਼ਰਮਾ, ਇੰਦਰਜੀਤ ਕੌਰ, ਰਮਨਦੀਪ ਕੌਰ, ਸੰਦੀਪ ਕੌਰ, ਰੀਟਾ ਟਾਕ, ਪੰਚ ਜੋਗਾ ਸਿੰਘ ਅਤੇ ਸਮੂਹ ਸਕੂਲਾਂ ਦੇ ਐਸ ਐਮ ਸੀ ਮੈਂਬਰ ਹਾਜ਼ਰ ਸਨ ।



## ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ



ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੂਰਗਾਪੁਰੀਆ)- ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਲੰਗੜੋਆ ਵਿਖੇ ਸੂਬਾ ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ ਦੀ ਦੇਖ ਰੇਖ ਹੇਠ ਕੀਤੀ ਗਈ। ਡਾਕਟਰ ਅਵਤਾਰ ਬਾਲੀ ਨੇ ਕਿਹਾ ਕਿ ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਜੋ ਨਸ਼ਿਆਂ ਵਿਰੁੱਧ ਮੁਹਿੰਮ ਚਲਾਈ ਗਈ ਹੈ ਉਸ ਸਬੰਧੀ ਸਰਕਾਰ ਦਾ ਧੰਨਵਾਦ ਕਰਦੇ ਹਾਂ। ਸਾਡੀਆਂ ਜੋ ਮੰਗਾ ਲਟਕ ਰਹੀਆਂ ਹਨ ਉਨ੍ਹਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰ ਨੇ ਚੋਣ ਮੈਨੀਫੈਸਟੋ ਵਿੱਚ ਇਹ ਮਤਾ ਪਾਇਆ ਸੀ 4 ਸਾਲ ਬੀਤਣ ਤੇ ਮੰਗਾ ਤੇ ਸਰਕਾਰ ਨੇ ਗੌਰ ਨਹੀਂ ਕੀਤਾ। ਸਰਕਾਰ ਨੇ ਕਿਹਾ ਸੀ ਕਿ ਮੈਡੀਕਲ ਪ੍ਰੈਕਟੀਸ਼ਨਰਜ਼ ਦਾ ਮਸਲਾ ਸਰਕਾਰ ਬਣਦਿਆਂ ਹੀ ਪਹਿਲ ਦੇ ਆਧਾਰ ਤੇ ਹੱਲ ਕੀਤਾ ਜਾਵੇਗਾ ਪਰ ਅਜੇ ਤੱਕ ਉਸ ਤਰ੍ਹਾਂ ਹੀ ਖੜ੍ਹਾ ਹੈ। ਅਸੀਂ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਸਾਡਾ ਇਹ ਮਸਲਾ ਪਹਿਲ ਦੇ ਆਧਾਰ ਹੱਲ ਕੀਤਾ ਜਾਵੇ। ਇਸ ਮੌਕੇ ਡਾ ਅਵਤਾਰ ਬਾਲੀ ਸੂਬਾ ਜਨਰਲ ਸਕੱਤਰ ਪੰਜਾਬ ਨਿਊ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ, ਜ਼ਿਲਾ ਪ੍ਰਧਾਨ ਡਾ ਹਰਭਜਨ ਸਿੰਘ ਮੱਲ ਵਾਈਸ ਚੇਅਰਮੈਨ ਪੰਜਾਬ, ਡਾ ਸੰਤੋਖ ਸਿੰਘ ਚਾਰਨ ਜਿਲਾ ਖਜਾਨਚੀ, ਡਾ ਤਲਵਿੰਦਰ ਸਿੰਘ ਜਿਲਾ ਸੈਕਟਰੀ, ਡਾ ਕਸ਼ਮੀਰ ਸਿੰਘ, ਡਾ ਰੋਹਿਤ ਬਾਲੀ, ਡਾ ਪਰਦੀਪ ਸਿੰਘ, ਡਾ ਹਰਬੰਸ ਸਿੰਘ, ਵੈਦ ਰਾਮ ਲਾਲ, ਹਾਜ਼ਰ ਸਨ।

## ਭਾਜਪਾ ਦੀ ਮੀਟਿੰਗ

ਅੱਡਾ ਸਰਾ (ਜਸਵੀਰ ਕਾਜਲ)- ਅੱਡਾ ਸਰਾ ਵਿਖੇ ਭਾਰਤੀਆਂ ਜਨਤਾ ਪਾਰਟੀ ਦੀ ਮੀਟਿੰਗ ਕੁਲਵੀਰ ਭਾਗੀਆ ਦੀ ਰਹਿਨੁਮਾਈ ਹੇਠ ਆਯੋਜਿਤ ਹੋਈ। ਇਸ ਮੀਟਿੰਗ ਦੌਰਾਨ ਭਾਜਪਾ ਵਰਕਰ ਇਕੱਤਰ ਹੋਏ ਅਤੇ ਸਾਬਕਾ ਚੇਅਰਮੈਨ ਜਿਲਾ ਪਲੈਨਿੰਗ ਬੋਰਡ ਦੇ ਜਵਾਹਰ ਲਾਲ ਖੁਰਾਣਾ ਨੇ ਕਿਹਾ ਕਿ ਕੇਦਰ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਦੇ ਕਿਸਾਨਾਂ ਦੀ ਬਾਂਹ ਫੜੀ ਹੈ ਅਤੇ ਹੜਾਂ ਦੇ ਨਾਲ ਪੰਜਾਬ ਦਾ ਬੜਾ ਨੁਕਸਾਨ ਹੋਇਆ ਅਤੇ ਮਾਨਯੋਗ ਪ੍ਰਧਾਨ ਮੰਤਰੀ ਨੇ ਹੋਏ ਨੁਕਸਾਨ ਦੀ ਪੂਰਤੀ ਲਈ 1600 ਕਰੋੜ ਰੁਪਏ ਦੀ ਰਾਹਤ ਰਾਸ਼ੀ ਦਿਤੀ ਹੈ। ਇਸ ਮੀਟਿੰਗ ਦੌਰਾਨ ਜਨ ਧੰਨ ਯੋਜਨਾ ਸਕੀਮ ਤਹਿਤ ਜਾਣੂ ਵੀ ਕਰਵਾਇਆ ਅਤੇ ਜ਼ਿਲਾ ਪ੍ਰੀਸ਼ਦਾਂ ਅਤੇ ਬਲਾਕ ਸੰਮਤੀ ਚੋਣਾਂ ਬਾਰੇ ਵੀ ਚਰਚਾ ਕੀਤੀ ਗਈ। ਇਸ ਮੌਕੇ ਕੁਲਵਿੰਦਰ ਸਿੰਘ, ਬਲਵਿੰਦਰ ਸਿੰਘ, ਰਾਜਵੀਰ ਸਿੰਘ, ਮਨੀ ਧਾਲੀਵਾਲ, ਅਮਨਦੀਪ ਮਿਰਜਾਪੁਰ ਆਦਿ ਹਾਜ਼ਰ ਸਨ।



## 2 ਨੌਜਵਾਨ ਹੈਰੋਇਨ ਸਮੇਤ ਕਾਬੂ

ਬੰਗਾ (ਅਵਤਾਰ ਕਲੇਰ) ਥਾਣਾ ਸਿਟੀ ਬੰਗਾ ਪੁਲਿਸ ਵਲੋਂ ਦੋ ਨੌਜਵਾਨਾ ਨੂੰ 5 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ ਐੱਚ ਓ ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਪੁਲਸ ਪਾਰਟੀ ਬੰਗਾ ਤੋਂ ਹੱਪੋਵਾਲ ਰੋਡ ਵੱਲ ਜਾ ਰਹੀ ਸੀ ਤਾਂ ਹੱਪੋਵਾਲ ਦੇ ਸੂਏ ਕੋਲ ਸੁੰਨਸਾਨ ਜਗ੍ਹਾ ਤੇ ਦੋ ਨੌਜਵਾਨ ਦਿਖਾਈ ਦਿਖਾਈ ਦਿੱਤੇ। ਸ਼ੱਕ ਦੇ ਆਧਾਰ ਤੇ ਜਦ ਉਹਨਾਂ ਕੋਲੋਂ ਪੁੱਛਗਿੱਛ ਕੀਤੀ ਗਈ ਤਾਂ ਉਹਨਾਂ ਕੋਲੋਂ ਤਲਾਸ਼ੀ ਲੈਣ ਉਪਰੰਤ 5 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਸ ਵੱਲੋਂ ਦੋਵੇਂ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ। ਦੋਸ਼ੀਆਂ ਦੀ ਪਹਿਚਾਣ ਸੁਰਜੀਤ ਲਾਲ ਉਰਫ਼ ਨੀਟੀ ਪੁੱਤਰ ਬਾਲ ਕਿਸ਼ਨ ਵਾਸੀ ਭੀਮ ਰਾਓ ਕਲੋਨੀ ਬੰਗਾ ਅਤੇ ਦੂਜੇ ਦੋਸ਼ੀ ਦੀ ਪਹਿਚਾਣ ਗੁਰਪ੍ਰੀਤ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਗੁੱਜਰਾਂ ਮੁਹੱਲਾ ਬੰਗਾ ਵਜੋਂ ਹੋਈ ਹੈ। ਦੋਸ਼ੀਆਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਹੋਰ ਪੁੱਛ-ਗਿੱਛ ਲਈ ਇਹਨਾਂ ਦਾ ਰਿਮਾਂਡ ਹਾਸਿਲ ਕੀਤਾ ਜਾਵੇਗਾ।



## ਹੜ੍ਹ ਨਾਲ ਪ੍ਰਭਾਵਤ ਫਸਲ ਦਾ ਮੁਆਵਜ਼ਾ ਦਿੱਤਾ ਜਾਵੇ : ਨੰਬਰਦਾਰ ਯੂਨੀਅਨ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)- ਨੰਬਰਦਾਰ ਯੂਨੀਅਨ ਤਹਿਸੀਲ ਸੁਲਤਾਨਪੁਰ ਲੋਧੀ ਇਕਾਈ ਦੀ ਮੀਟਿੰਗ ਬਲਾਕ ਪ੍ਰਧਾਨ ਸਾਹਿਬ ਸਿੰਘ ਭੁੱਲਰ ਦੀ ਪ੍ਰਧਾਨਗੀ ਹੇਠ ਰੈਸਟ ਹਾਊਸ ਸੁਲਤਾਨਪੁਰ ਲੋਧੀ ਵਿਖੇ ਹੋਈ ਜਿਸ ਵਿੱਚ ਵੱਡੀ ਗਿਣਤੀ 'ਚ ਨੰਬਰਦਾਰ ਸਹਿਬਾਨ ਨੇ ਸ਼ਿਰਕਤ ਕੀਤੀ । ਇਸ ਮੀਟਿੰਗ ਵਿੱਚ ਨੰਬਰਦਾਰਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਸੰਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਯੂਨੀਅਨ ਵੱਲੋਂ ਮਤਾ ਪਾ ਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਨੰਬਰਦਾਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਜਿਵੇਂ ਮਾਣ ਭੱਤੇ ਵਿਚ ਵਾਧਾ, ਜੱਦੀ ਪੁਸ਼ਤੀ ਨੰਬਰਦਾਰੀ, ਨੰਬਰਦਾਰਾਂ ਨੂੰ ਵੱਖ-ਵੱਖ ਸਰਕਾਰੀ ਕਮੇਟੀਆਂ ਵਿਚ ਨੁਮਾਇੰਦਗੀ, ਅਤੇ ਤਹਿਸੀਲਾਂ ਵਿਚ ਬੈਠਣ ਲਈ ਮੀਟਿੰਗ ਹਾਲ ਆਦਿ ਹੋਰ ਮੰਗਾਂ ਨੂੰ ਤੁਰੰਤ ਲਾਗੂ ਕੀਤਾ ਜਾਵੇ । ਮੀਟਿੰਗ ਉਪਰੰਤ ਐਸਡੀਐਮ ਨਾਲ ਕਿਸਾਨੀ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਯੂਨੀਅਨ ਵੱਲੋਂ ਮੰਗ ਕੀਤੀ ਗਈ ਕਿ ਹਲਕਾ ਸੁਲਤਾਨਪੁਰ ਲੋਧੀ 'ਚ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਨੁਕਸਾਨੀਆਂ ਗਈਆਂ ਫਸਲਾਂ ਦੀ ਤੁਰੰਤ ਗਿਰਦਾਵਰੀ ਕਰਵਾ ਕੇ ਕਿਸਾਨਾਂ ਦੀ ਪ੍ਰਭਾਵਿਤ ਹੋਈ ਸਾਰੀ ਜ਼ਮੀਨ ਦਾ ਮੁਆਵਜ਼ਾ ਦਿੱਤਾ ਜਾਵੇ ਅਤੇ 5 ਏਕੜ ਵਾਲੀ ਕੋਈ ਸ਼ਰਤ ਨਾ ਲਗਾਈ ਜਾਵੇ। ਆਗੂਆਂ ਨੇ ਕਿਹਾ ਕਿ ਜਿਸ ਵੀ ਕਿਸਾਨ ਦੀ ਜਿੰਨੀ ਫਸਲ ਪ੍ਰਭਾਵਿਤ ਹੋਈ ਹੈ ਉਸ ਨੂੰ ਪੂਰਾ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਉਸ ਦੇ ਹੋਏ ਨੁਕਸਾਨ ਦੀ ਭਰਪਾਈ ਹੋ ਸਕੇ। ਉਹਨਾਂ ਕਿਹਾ ਕਿ ਸੈਂਟਰ ਸਰਕਾਰ ਦੀਆਂ ਜਮੀਨਾਂ ਦਾ ਮੁਆਵਜ਼ਾ ਵੀ ਕਾਸ਼ਤਕਾਰ ਨੂੰ ਦਿੱਤਾ ਜਾਵੇ। ਆਗੂਆਂ ਨੇ ਮੰਗ ਕੀਤੀ ਕਿ ਹੜ੍ਹ ਪੀੜਤ ਕਿਸਾਨਾਂ ਨੂੰ ਕਣਕ ਦੀ ਫਸਲ ਦੀ ਬਿਜਾਈ ਵਾਸਤੇ ਡੀ ਏ ਪੀ ਖਾਦ ਅਤੇ ਕਣਕ ਦਾ ਬੀਜ ਤੁਰੰਤ ਮੁਹਈਆ ਕਰਵਾਇਆ ਜਾਵੇ ਤਾਂ ਜੋ ਕਿਸਾਨ ਸਮੇਂ ਸਿਰ ਆਪਣੀਆਂ ਫਸਲਾਂ ਬੀਜ ਸਕਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੰਗਲ ਸਿੰਘ ਭੱਟੀ ਬੂੜੇਵਾਲ, ਪਰਮਜੀਤ ਸਿੰਘ ਖੁਰਦਾਂ ,ਗੁਰਦੀਪ ਸਿੰਘ ਭੈਣੀ ਹੁੱਸੇ ਖਾਂ ,ਰੇਸ਼ਮ ਸਿੰਘ ਬਿਧੀਪੁਰ, ਸੁਖਦੇਵ ਸਿੰਘ ਕਬੀਰਪੁਰ, ਕੈਲਾ ਸਿੰਘ ਲਾਟਵਾਲਾ, ਸ਼ਮਸ਼ੇਰ ਸਿੰਘ ਬਾਜਾ ,ਅਮਰਜੀਤ ਸਿੰਘ ਫੌਜੀ ਕਲੋਨੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਨੰਬਰਦਾਰ ਯੂਨੀਅਨ ਦੇ ਮੈਂਬਰ ਹਾਜ਼ਰ ਸਨ।



## ਟੀ ਬੀ ਦੀ ਸਹੀ ਪਛਾਣ ਲਈ ਮਸ਼ੀਨ ਸਥਾਪਿਤ : ਡਾ. ਐੱਮ ਐੱਸ ਬੈਂਸ

ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)- ਬਲਾਕ ਹਾਰਟਾ ਬਡਲਾ ਵਿੱਚ ਬਲਾਕ ਪੱਧਰ ਤੇ ਮਿਲਣ ਵਾਲੀਆਂ ਸਿਹਤ ਸੇਵਾਵਾਂ ਵਿੱਚ ਵਾਧਾ ਕਰਦੇ ਹੋਏ ਸਿਹਤ ਵਿਭਾਗ ਪੰਜਾਬ ਵਲੋਂ ਸੀ.ਐਚ.ਸੀ ਹਾਰਟਾ ਬਡਲਾ ਵਿਖੇ ਟਿਊਬਰਕੁਲੋਸਿਸ (ਟੀ.ਬੀ) ਦੀ ਤੇਜ਼ ਅਤੇ ਸਹੀ ਪਛਾਣ ਲਈ ਨਵੀਂ Truenat ਮਸ਼ੀਨ ਸਥਾਪਿਤ ਕੀਤੀ ਗਈ ਹੈ ਜਿਸ ਨਾਲ ਬਲਾਕ ਹਾਰਟਾ ਬਡਲਾ ਅਧੀਨ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਹੁਣ ਟੀ.ਬੀ ਦੀ ਜਾਂਚ ਕਰਵਾਉਣ ਲਈ ਵਿਸ਼ੇਸ਼ ਤੌਰ 'ਤੇ ਸ਼ਹਿਰ ਨਹੀਂ ਜਾਣਾ ਪਵੇਗਾ ।ਇਸ ਸੰਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ.ਐਚ.ਸੀ ਹਾਰਟਾ ਬਡਲਾ ਡਾ.ਮਨਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਟੀ.ਬੀ ਦੇ ਮਰੀਜ਼ਾਂ ਵਾਸਤੇ ਟਰੂਨੈਟ ਦੀ ਸੁਵਿਧਾ ਜ਼ਿਲ੍ਹਾ ਟੀ.ਬੀ ਹਸਪਤਾਲ ਵਿਖੇ ਪਹਿਲਾ ਤੋਂ ਚੱਲ ਰਹੀ ਹੈ ਪਰ ਬਲਾਕ ਪੱਧਰ ਤੇ ਇਹ ਸੁਵਿਧਾ ਸੀ.ਐਚ.ਸੀ ਹਾਰਟਾ ਵਿਖੇ ਸ਼ੁਰੂ ਕੀਤੀ ਗਈ ਹੈ ਜਿਸ ਨਾਲ ਹੁਣ ਪਿੰਡ ਦੇ ਲੋਕਾਂ ਦਾ ਸਮਾਂ ਅਤੇ ਪੈਸਾ ਦੋਂਵੇ ਬੱਚਿਆ ਕਰਨਗੇ । ਇਸ ਮਸ਼ੀਨ ਦੀ ਮਦਦ ਨਾਲ ਟਿਊਬਰਕੁਲੋਸਿਸ (ਟੀ.ਬੀ.) ਰੋਗ ਦੀ ਤੇਜ਼ ਤੇ ਸਹੀ ਜਾਂਚ ਕਰਨੀ ਸੰਭਵ ਹੋ ਗਈ ਹੈ। ਉਨਾਂ ਦੱਸਿਆ ਕਿ Truenat ਮਸ਼ੀਨ ਇੱਕ ਆਧੁਨਿਕ ਤਕਨਾਲੋਜੀ ਹੈ ਜਿਸ ਰਾਹੀਂ ਟੀ.ਬੀ ਦੇ ਬੈਕਟੀਰੀਆ ਦੀ ਪਛਾਣ ਕੇਵਲ ਕੁਝ ਘੰਟਿਆਂ ਵਿੱਚ ਹੋ ਸਕਦੀ ਹੈ। ਪਹਿਲਾਂ ਜਿੱਥੇ ਟੀ.ਬੀ. ਦੀ ਜਾਂਚ ਲਈ ਕਈ ਦਿਨ ਲੱਗਦੇ ਸਨ, ਹੁਣ ਮਰੀਜ਼ ਨੂੰ ਛੋਟੇ ਸਮੇਂ ਵਿੱਚ ਹੀ ਰਿਪੋਰਟ ਮਿਲ ਸਕੇਗੀ।Truenat" ਮਸ਼ੀਨ ਦੇ ਆਉਣ ਨਾਲ ਟੀ.ਬੀ. ਦੀ ਪਛਾਣ ਤੇ ਇਲਾਜ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਜਾ ਸਕੇਗਾ, ਜਿਸ ਨਾਲ ਜ਼ਿਲ੍ਹੇ ਵਿੱਚ ਟੀ.ਬੀ. ਮੁਕਤ ਮੁਹਿੰਮ ਨੂੰ ਹੋਰ ਤੇਜ਼ੀ ਮਿਲੇਗੀ। ਇਸ ਮੌਕੇ ਹਾਜ਼ਰ ਬੱਚਿਆਂ ਦੇ ਮਾਹਿਰ ਡਾਕਟਰ ਕੁਲਵੰਤ ਰਾਏ ਨੇ ਕਿਹਾ ਕਿ ਸੀ.ਐਚ.ਸੀ ਵਿੱਚ ਇਸ ਮਸ਼ੀਨ ਦੇ ਆਉਣ ਨਾਲ ਹੁਣ 0-14 ਸਾਲ ਦੀ ਉਮਰ ਦੇ ਬੱਚਿਆ ਵਿੱਚ ਬਚਪਨ ਦੇ ਟੀ.ਬੀ ਦੇ ਇਲਾਜ ਅਤੇ ਪ੍ਰਬੰਧਨ ਵਿੱਚ ਬਹੁਤ ਆਸਾਨੀ ਹੋਵੇਗੀ ਅਤੇ ਟੀ.ਬੀ ਦੀ ਬੀਮਾਰੀ ਨੂੰ ਹੁਣ ਸ਼ੁਰੂਆਤ ਵਿੱਚ ਪਕੜ ਕੇ ਇਲਾਜ ਕੀਤਾ ਜਾ ਸਕੇਗਾ। ਇਸ ਮੌਕੇ ਐਲ.ਟੀ ਸੁਰਿੰਦਰ ਕੁਮਾਰ, ਐਲ.ਟੀ ਸ਼ਰਨਪ੍ਰੀਤ ਕੌਰ,ਫਾਮਸੀ ਅਫਸਰ ਬਲਕਾਰ ਚੰਦ ਅਤੇ ਹੈਲਥ ਵਰਕਰ ਗੁਰਮੇਲ ਸਿੰਘ ਹਾਜ਼ਰ ਸਨ।



## ਨਿਸ਼ਾਨ ਉੱਚੇ ਵਾਲੇ ਦਾ ਸਿੰਗਲ ਟਰੈਕ 'ਅੱਖ ਮਸਤਾਨੀ' ਰਲੀਜ਼

ਕਾਲਾ ਸੰਘਿਆਂ (ਮਨਜੀਤ ਮਾਨ)- ਪ੍ਰਸਿੱਧ ਪੰਜਾਬੀ ਲੋਕ ਗਾਇਕ ਨਿਸ਼ਾਨ ਉੱਚੇ ਵਾਲੇ ਦਾ ਸਿੰਗਲ ਟਰੈਕ ਅੱਖ ਮਸਤਾਨੀ ਸ਼ਾਹੀ ਐਂਟਰਟੇਨਰਜ ਦੇ ਪ੍ਰੋਡਿਊਸਰ ਤੇ ਡਾਇਰੈਕਟਰ ਹਰਮੀਤ ਸਿੰਘ ਸ਼ਾਹੀ ਦੇ ਬੈਨਰ ਹੇਠ ਜਰਨਲਿਸਟ ਪ੍ਰੈੱਸ ਕਲੱਬ ਰਜਿ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਜ਼ਿਲ੍ਹਾ ਪ੍ਰਧਾਨ ਪ੍ਰੀਤ ਸੰਗੋਜਲਾ, ਬਾਬਾ ਵਿਜੇ ਕੁਮਾਰ ਹਮੀਰਾ, ਪ੍ਰਸਿੱਧ ਗੀਤਕਾਰ ਬਿੱਟੂ ਕਾਂਜਲੀ,ਪ੍ਰਮੋਟਰ ਪਰਮਜੀਤ ਸੰਨੀ, ਮਿਊਜ਼ਿਕ ਡਾਇਰੈਕਟਰ ਤਜਿੰਦਰ ਹਨੀ ,ਸਰਬਨ ਸਿੰਘ ਸੰਘਾ, ਪ੍ਰਧਾਨ ਸਾਬੀ ਰਸੂਲਪੁਰੀ ਵੱਲੋਂ ਸਾਂਝੇ ਤੌਰ ਤੇ ਰਿਲੀਜ਼ ਕੀਤਾ ਗਿਆ ਗਾਇਕ ਨਿਸ਼ਾਨ ਉੱਚੇ ਵਾਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਖ ਮਸਤਾਨੀ ਗੀਤ ਨੂੰ ਪ੍ਰਸਿੱਧ ਗੀਤਕਾਰ ਇੰਦਰਜੀਤ ਬੰਡਾਲਾ ਵੱਲੋਂ ਲਿਖਿਆ ਗਿਆ, ਮਿਊਜ਼ਿਕ ਤਜਿੰਦਰ ਹਨੀ ਵੱਲੋਂ ਵੱਖ ਵੱਖ ਸੁੰਦਰ ਲੁਕੇਸ਼ਨਾ ਵਿੱਚ ਤਿਆਰ ਕੀਤਾ ਗਿਆ ਹੈ ।ਇਸ ਮੌਕੇ ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਪ੍ਰੀਤ ਸੰਗੋਜਲਾ ਤੇ ਬਾਬਾ ਵਿਜੇ ਕੁਮਾਰ ਹਮੀਰਾ ਤੇ ਪ੍ਰਮੋਟਰ ਪਰਮਜੀਤ ਸੰਨੀ ਨੇ ਕਿਹਾ ਕਿ ਸਾਨੂੰ ਲੱਚਰਤਾ ਵਾਲੇ ਗੀਤਾਂ ਤੋਂ ਗ਼ੁਰੇਜ਼ ਕਰਨਾ ਚਾਹੀਦਾ ਹੈ ਸੱਭਿਆਚਾਰਕ ਤੇ ਮਿਆਰੀ ਗੀਤਾਂ ਨੂੰ ਪ੍ਰਮੋਟ ਕਰਨਾ ਚਾਹੀਦਾ ਹੈ।



## ਅੱਜ ਬਿਜਲੀ ਸਪਲਾਈ ਬੰਦ ਰਹੇਗੀ

ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ) ਬਿਜਲੀ ਵਿਭਾਗ ਗੜ੍ਹਸ਼ੰਕਰ ਤੋਂ ਮਿਲੀ ਜਾਣਕਾਰੀ ਅਨੁਸਾਰ 66 ਕੇ.ਵੀ ਸਬ ਸਟੇਸ਼ਨ ਗੜ੍ਹਸ਼ੰਕਰ ਤੋਂ ਚਲਦੇ 11 ਕੇ.ਵੀ ਬੀਰਮਪੁਰ ਫੀਡਰ ਦੀ ਜਰੂਰੀ ਮੁਰੰਮਤ ਕਾਰਨ ਬਿਜਲੀ ਦੀ ਸਪਲਾਈ ਅੱਜ 17 ਅਕਤੂਬਰ ਨੂੰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ ਜਿਨਾਂ ਨਾਲ ਪਿੰਡ ਬੀਰਮਪੁਰ, ਲਹਿਰਾ, ਸੋਲੀ, ਗੜੀ, ਅਨੰਦ ਆਸ਼ਰਮ ਗੜ੍ਹਸ਼ੰਕਰ ਅਤੇ ਖੇਤੀਬਾੜੀ ਟਿਊਬਵੈਲ ਕੁਨੈਕਸ਼ਨਾ ਆਦਿ ਦੀ ਬਿਜਲੀ ਸਪਲਾਈ ਤੋਂ ਪ੍ਰਭਾਵਿਤ ਹੋਣਗੇ। ਇਹ ਜਾਣਕਾਰੀ ਕਾਰਜਕਾਰੀ ਸਹਾਇਕ ਇੰਜੀਨੀਅਰ ਉਪ ਮੰਡਲ ਰਾਜਪਤ ਰਾਏ ਗੜ੍ਹਸ਼ੰਕਰ ਦਿਹਾਤੀ ਵਲੋਂ ਦਿੱਤੀ ਗਈ।

## ਲੈਕਚਰਾਰਾਂ ਨੂੰ ਸਟੇਸ਼ਨ ਦੇਣ 'ਚ ਹੋਈਆਂ ਗੰਭੀਰ ਊਣਤਾਈਆਂ ਦੀ ਡੀ ਟੀ ਐੱਫ ਵੱਲੋਂ ਨਿਖੇਧੀ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਸਕੂਲ ਸਿੱਖਿਆ ਵਿਭਾਗ (ਸੈਕੰਡਰੀ) ਵੱਲੋਂ 1200 ਦੇ ਕਰੀਬ ਮਾਸਟਰ ਕਾਡਰ ਅਧਿਆਪਕਾਂ ਨੂੰ ਲੈਕਚਰਾਰ ਵਜੋਂ ਪ੍ਰਮੋਟ ਕੀਤਾ ਗਿਆ ਸੀ। ਇਹਨਾਂ ਅਧਿਆਪਕਾਂ ਨੂੰ ਪ੍ਰਮੋਟ ਹੋਣ ਤੋਂ ਤਿੰਨ ਮਹੀਨੇ ਬਾਅਦ ਜਾ ਕੇ ਜਿਲਾ ਸਿੱਖਿਆ ਅਫਸਰਾਂ ਦੇ ਦਫਤਰਾਂ ਵਿੱਚ ਬੁਲਾ ਕੇ ਸੀਨੀਆਰਤਾ ਅਧਾਰਤ ਸਟੇਸ਼ਨ ਚੋਣ ਕਰਵਾਈ ਗਈ, ਪ੍ਰੰਤੂ ਪ੍ਰਮੋਸ਼ਨ ਸੈਲ (ਸੈਕੰਡਰੀ) ਵੱਲੋਂ ਪਿਛਲੇ ਦਿਨੀ ਜਨਤਕ ਕੀਤੇ ਸਟੇਸ਼ਨ ਚੋਣ ਆਰਡਰਾਂ ਵਿੱਚ ਵੱਡੀਆਂ ਉਣਤਾਈਆਂ ਅਤੇ ਗੰਭੀਰ ਪੱਖਪਾਤ ਹੋਣ ਦੇ ਮਾਮਲੇ ਸਾਹਮਣੇ ਆਏ ਹਨ। ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਨੇ ਪ੍ਰਮੋਸ਼ਨ ਸੈਲ, ਦਫ਼ਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਵੱਲੋਂ ਪ੍ਰਮੋਟੀ ਲੈਕਚਰਾਰਾਂ ਨੂੰ ਸਟੇਸ਼ਨ ਅਲਾਟ ਕਰਨ ਵਿੱਚ ਪੂਰਨ ਪਾਰਦਰਸ਼ਤਾ ਨਾ ਅਪਨਾਉਣ ਅਤੇ ਕਈ ਮਾਮਲਿਆਂ ਵਿੱਚ ਸੀਨੀਆਰਤਾ ਨੂੰ ਅੱਖੋਂ ਪਰੋਖੇ ਕਰਨ ਦਾ ਦੋਸ਼ ਲਗਾਉਂਦੇ ਹੋਏ, ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਤੋਂ ਪੀੜਤ ਅਧਿਆਪਕਾਂ ਨੂੰ ਬਣਦਾ ਇਨਸਾਫ ਦੇਣ ਦੀ ਮੰਗ ਕੀਤੀ ਹੈ।ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਡੈਮੋਕ੍ਰੈਟਿਕ ਟੀਚਰਜ਼ ਫਰੰਟ ਵੱਲੋਂ ਪਹਿਲਾਂ ਹੀ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਦੀ ਮੌਜੂਦਗੀ ਵਿੱਚ ਹੋਈ ਮੀਟਿੰਗ ਦੌਰਾਨ ਪ੍ਰਮੋਸ਼ਨ ਸੈਲ ਦੇ ਅਧਿਕਾਰੀਆਂ ਨੂੰ ਸਟੇਸ਼ਨਾਂ ਦੀ ਅਲਾਟਮੈਂਟ ਪਾਰਦਰਸ਼ੀ ਢੰਗ ਨਾਲ ਇੱਕ ਥਾਂ 'ਤੇ ਸੱਦ ਕੇ ਮੌਕੇ 'ਤੇ ਹੀ ਸੀਨੀਆਰਤਾ ਅਧਾਰਤ ਸਟੇਸ਼ਨ ਅਲਾਟਮੈਂਟ ਕਰਨ ਦੀ ਮੰਗ ਕੀਤੀ ਗਈ ਸੀ। ਪ੍ਰੰਤੂ ਆਪਣੇ ਫੈਸਲੇ 'ਤੇ ਬਜਿਦ ਅਧਿਕਾਰੀਆਂ ਵੱਲੋਂ ਇਸ ਪ੍ਰਕਿਰਿਆ ਵਿੱਚ ਪਾਰਦਰਸ਼ਤਾ ਦੀ ਕਮੀ ਰੱਖੀ ਗਈ ਅਤੇ 1200 ਅਧਿਆਪਕਾਂ ਨੂੰ ਵੱਖ-ਵੱਖ ਥਾਈਂ ਜਿਲ੍ਹਾ ਸਿੱਖਿਆ ਅਫਸਰਾਂ ਦੇ ਦਫਤਰਾਂ ਵਿੱਚ ਸੱਦ ਕੇ ਹੀ ਸਟੇਸ਼ਨ ਚੋਣ ਕਰਵਾਈ ਗਈ। ਡੀ ਟੀ ਐਫ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਇਸ ਮਾਮਲੇ ਵਿੱਚ ਪੀੜਤ ਅਧਿਆਪਕਾਂ ਨੂੰ ਬਿਨਾਂ ਦੇਰੀ ਬਣਦਾ ਇਨਸਾਫ ਨਾ ਮਿਲਿਆ ਤਾਂ ਜਥੇਬੰਦੀ ਵੱਲੋਂ ਜਲਦ ਅਗਲਾ ਸੰਘਰਸ਼ ਉਲੀਕਿਆ ਜਾਵੇਗਾ।

## ਇਨਵੈਸਟ ਪੰਜਾਬ ਦੇ ਆਊਟਰੀਚ 'ਚ ਵੱਡੀ ਗਿਣਤੀ 'ਚ ਪਹੁੰਚੇ ਨਿਵੇਸ਼ਕ : ਅਰੋੜਾ

ਚੰਡੀਗੜ੍ਹ (ਗੁਰਜੀਤ ਬਿੱਲਾ)- ਇਨਵੈਸਟ ਪੰਜਾਬ ਵੱਲੋਂ ਬੰਗਲੁਰੂ ਵਿਖੇ 'ਇਨਵੈਸਟ ਪੰਜਾਬ ਤਹਿਤ ਕਾਰੋਬਾਰੀ ਆਗੂਆਂ ਨਾਲ ਗੱਲਬਾਤ ਵਿਸ਼ੇ 'ਤੇ ਕਰਵਾਈ ਗਈ ਦੋ-ਰੋਜ਼ਾ ਮਿਲਣੀ ਦੀ ਮੇਜ਼ਬਾਨੀ ਕੀਤੀ ਗਈ। ਇਸ ਮਿਲਣੀ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਦੀ ਅਗਵਾਈ ਵਾਲੀ ਟੀਮ ਨੂੰ ਉਦਯੋਗ ਜਗਤ ਦੇ ਪ੍ਰਮੁੱਖ ਆਗੂਆਂ ਤੋਂ ਸਕਾਰਾਤਮਕ ਹੁੰਗਾਰਾ ਮਿਲਿਆ।ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਪ੍ਰਮੁੱਖ ਉਦਯੋਗਪਤੀਆਂ ਨਾਲ ਉਨ੍ਹਾਂ ਦੀਆਂ ਨਿਵੇਸ਼ ਤਰਜੀਹਾਂ ਨੂੰ ਜਾਣਨ ਲਈ ਵਨ-ਟੂ-ਵਨ ਅਤੇ ਗਰੁੱਪ ਚਰਚਾਵਾਂ ਕੀਤੀਆਂ ਅਤੇ ਉਨ੍ਹਾਂ ਅੱਗੇ ਪੰਜਾਬ ਦੇ ਮਜ਼ਬੂਤ ਬੁਨਿਆਦੀ ਢਾਂਚੇ, ਪ੍ਰਗਤੀਸ਼ੀਲ ਨੀਤੀਆਂ ਅਤੇ ਪ੍ਰੋਤਸਾਹਨ ਦਾ ਖਾਕਾ ਪੇਸ਼ ਕੀਤਾ ।ਮੁੱਖ ਗੱਲਬਾਤ ਵਿੱਚ ਇੰਟਲ, ਅਰਜਸ ਸਟੀਲ, ਹਿੰਦੁਸਤਾਨ ਏਰੋਨੌਟਿਕਸ ਲਿਮਟਿਡ , ਆਈਡੀਆ ਫੋਰਜ, ਸੋਨਾਟਾ ਸਾਫਟਵੇਅਰ, ਰਾਇਲ ਆਰਚਿਡ ਹੋਟਲਜ਼, ਇੰਡੀਆ ਇਲੈਕਟ੍ਰਾਨਿਕਸ ਐਂਡ ਸੈਮੀਕੰਡਕਟਰ ਐਸੋਸੀਏਸ਼ਨ , ਆਈਈਡੀਏ ਅਤੇ ਟਿਸੋਲਵ ਨਾਲ ਜੁੜੇ ਸੀਐਕਸਓਜ਼ ਦੇ ਸੋਸਾਇਟੀ ਆਫ਼ ਇੰਡੀਅਨ ਡਿਫੈਂਸ ਮੈਨੂਫੈਕਚਰਰਜ਼ , ਅਰਵਿੰਦ ਕੰਸਲਟੈਂਸੀ, ਯੂ ਐੱਚ ਪੀ,ਆਈ ਈ ਐੱਸ ਏ, ਐੱਸ ਈ ਐੱਮ ਆਈ, ਇਨਫਾਨੀਓਨ ਟੈਕਨਾਲੋਜੀ, ਐੱਸ ਸੀ ਐੱਲ ਤੇ ਉਦਯੋਗਿਕ ਵਿਕਾਸ ਲਈ ਪੰਜਾਬ ਨਾਲ ਜੁੜੀਆਂ ਹੋਰ ਕੰਪਨੀਆਂ ਸ਼ਾਮਲ ਸਨ। ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਇਨ੍ਹਾਂ ਉਦਯੋਗਿਕ ਆਗੂਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਰਸਮੀ ਸੱਦਾ ਦਿੱਤਾ, ਜਿਸ ਵਿੱਚ ਉਦਯੋਗਿਕ ਗਤੀਸ਼ੀਲਤਾ, ਰੁਜ਼ਗਾਰ ਉਤਪਤੀ ਅਤੇ ਕਾਰੋਬਾਰ-ਅਨੁਕੂਲ ਵਾਤਾਵਰਣ ਪ੍ਰਤੀ ਪੰਜਾਬ ਸਰਕਾਰ ਦੀ ਅਟੁੱਟ ਵਚਨਬੱਧਤਾ 'ਤੇ ਜ਼ੋਰ ਦਿੱਤਾ ਗਿਆ। ਉਨ੍ਹਾਂ ਨੇ ਪ੍ਰੋਜੈਕਟ ਲਾਗੂਕਰਨ ਵਿੱਚ ਤੇਜ਼ੀ ਲਿਆਉਣ ਦੇ ਉਦੇਸ਼ ਨਾਲ ਸੂਬਾ ਸਰਕਾਰ ਵੱਲੋਂ ਸੁਚਾਰੂ ਸੁਵਿਧਾ ਪ੍ਰਣਾਲੀਆਂ ਅਤੇ ਬੁਨਿਆਦੀ ਢਾਂਚੇ ਦੇ ਅੱਪਗ੍ਰੇਡਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਨੇ ਪੰਜਾਬ ਵਿੱਚ ਪਹਿਲਾਂ ਹੀ ਵਧ-ਫੁੱਲ ਰਹੇ ਅਤੇ ਫੈਲ ਰਹੇ ਬ੍ਰਾਂਡਾਂ/ਕਾਰਪੋਰੇਟਾਂ- ਜਿਵੇਂ ਨੈਸਲੇ, ਫਰੂਡੇਨਬਰਗ, ਡੈਨਨ, ਟਾਟਾ ਸਟੀਲਜ਼, ਸਨਾਤਨ ਟੈਕਸਟਾਈਲਜ਼, ਆਈਟੀਸੀ, ਹਿੰਦੁਸਤਾਨ ਲੀਵਰਜ਼, ਪੈਪਸੀਕੋ, ਵਰਬੀਓ, ਇਨਫੋਸਿਸ, ਮਹਿੰਦਰਾ, ਸੈਮੀਕੰਡਕਟਰਾਂ ਲਈ ਸੀਡੀਆਈਐਲ ਬਾਰੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਹੀਰੋ, ਮੌਂਟੇ ਕਾਰਲੋ, ਕ੍ਰੀਮਿਕਾ, ਟ੍ਰਾਈਡੈਂਟ, ਸੋਨਾਲੀਕਾ ਟਰੈਕਟਰ, ਨਿਵੀਆ ਸਪੋਰਟਸ ਵਰਗੇ ਘਰੇਲੂ ਪੰਜਾਬੀ ਬ੍ਰਾਂਡ ,ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ ਹਨ, ਨੇ ਰਾਸ਼ਟਰ ਨਿਰਮਾਣ ਵਿੱਚ ਨਿਰੰਤਰ ਯੋਗਦਾਨ ਪਾਇਆ ਹੈ।






## ਸਪੀਕਰ ਵੱਲੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਰਧਾ ਦੇ ਫੁੱਲ ਭੇਟ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੇ 355ਵੇਂ ਜਨਮ ਦਿਵਸ ਮੌਕੇ ਪੰਜਾਬ ਵਿਧਾਨ ਸਭਾ ਸਕੱਤਰੇਤ ਵਿਖੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੇ ਨਾਲ ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਵਿਧਾਇਕ ਫੌਜਾ ਸਿੰਘ ਸਰਾਰੀ, ਸਕੱਤਰ ਪੰਜਾਬ ਵਿਧਾਨ ਸਭਾ ਰਾਮ ਲੋਕ ਖਟਾਨਾ ਅਤੇ ਹੋਰ ਸਟਾਫ਼ ਮੈਂਬਰ ਵੀ ਮੌਜੂਦ ਸਨ।ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਇੱਕ ਮਹਾਨ ਯੋਧਾ ਸਨ ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕਰ ਦਿੱਤਾ। ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵਿੱਚ ਪਹਿਲੇ ਸਿੱਖ ਰਾਜ ਦੇ ਸੰਸਥਾਪਕ ਸਨ ਜਿਨ੍ਹਾਂ ਨੇ ਜ਼ਿਮੀਂਦਾਰੀ ਪ੍ਰਣਾਲੀ ਨੂੰ ਖਤਮ ਕੀਤਾ ਅਤੇ ਜ਼ਮੀਨ ਵਾਹੁਣ ਵਾਲਿਆਂ ਨੂੰ ਮਾਲਕੀ ਅਧਿਕਾਰ ਪ੍ਰਦਾਨ ਕੀਤੇ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਯਾਦਾਂ ਹਮੇਸ਼ਾ ਸਾਡੇ ਦਿਲਾਂ ਵਿੱਚ ਰਹਿਣਗੀਆਂ ਤੇ ਸਾਨੂੰ ਉਨ੍ਹਾਂ ਵੱਲੋਂ ਦਿਖਾਏ ਗਏ ਮਾਰਗ 'ਤੇ ਚੱਲਣਾ ਚਾਹੀਦਾ ਹੈ।

## ਸਾਇੰਸ ਤੇ ਵੋਕੇਸ਼ਨਲ ਵਿਸ਼ਿਆਂ ਦਾ ਮੇਲਾ ਲਗਾਇਆ

ਮਹਿਤਪੁਰ (ਰਾਜਾ) ਪੀ. ਐਮ. ਸ਼੍ਰੀ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ (ਕੰਨਿਆਂ) ਜ਼ਿਲ੍ਹਾ ਜਲੰਧਰ ਵਿੱਚ ਪ੍ਰਿੰਸੀਪਲ ਕਮਲ ਗੁਪਤਾ ਦੀ ਰਹਿਨੁਮਾਈ ਅਤੇ ਆਸ਼ਾ ਰਾਣੀ ਦੀ ਯੋਗ ਅਗਵਾਈ ਵਿੱਚ ਅੰਗਰੇਜ਼ੀ, ਸਮਾਜਿਕ ਸਿੱਖਿਆ, ਸਾਇੰਸ ਅਤੇ ਵੋਕੇਸ਼ਨਲ ਵਿਸ਼ਿਆਂ ਦਾ ਮੇਲਾ ਕਰਵਾਇਆ ਗਿਆ ਜਿਸ ਵਿੱਚ ਛੇਵੀਂ ਤੋਂ ਦੱਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਅੰਗਰੇਜ਼ੀ ਅਤੇ ਸਮਾਜਿਕ ਸਿੱਖਿਆ ਵਿਸ਼ੇ ਦੇ ਚਾਰਟ ਅਤੇ ਮਾਡਲ ਪ੍ਰਦਰਸ਼ਿਤ ਕੀਤੇ।ਗਿਆਰ੍ਹਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ ਸਾਇੰਸ ਅਤੇ ਵੋਕੇਸ਼ਨਲ ਵਿਸ਼ਿਆਂ ਦੇ ਚਾਰਟ ਅਤੇ ਮਾਡਲ ਪ੍ਰਦਰਸ਼ਿਤ ਕੀਤੇ।ਮੇਲੇ ਦਾ ਉਦਘਾਟਨ ਸਕੂਲ ਇੰਚਾਰਜ ਸ਼੍ਰੀਮਤੀ ਆਸ਼ਾ ਰਾਣੀ ਨੇ ਕੀਤਾ। ਚਾਰਟ ਅਤੇ ਮਾਡਲ ਤਿਆਰ ਕਰਨ ਵਿੱਚ ਵਿਸ਼ਾ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਗਾਈਡ ਕੀਤਾ। ਇਸ ਮੇਲੇ ਵਿੱਚ ਐਸ ਐਮ ਸੀ ਕਮੇਟੀ, ਬੱਚਿਆਂ ਦੇ ਮਾਪਿਆਂ ਅਤੇ ਹੋਰ ਪਤਵੰਤਿਆਂ ਨੇ ਸ਼ਿਰਕਤ ਕੀਤੀ ਅਤੇ ਬੱਚਿਆਂ ਦੀ ਮਿਹਨਤ ਨੂੰ ਸਰਾਹਿਆ।



## ਜਗਰੂਪ ਸਿੰਘ ਦਾ ਐੱਸ ਸੀ ਭਾਈਚਾਰੇ ਵੱਲੋਂ ਸਨਮਾਨ



ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)- ਕਾਂਗਰਸ ਪਾਰਟੀ ਵੱਲੋਂ ਬਲਾਕ ਸ੍ਰੀ ਅਨੰਦਪੁਰ ਸਾਹਿਬ ਦੇ ਐਸ.ਸੀ.ਵਿੰਗ ਦੇ ਨਵੇਂ ਬਣਾਏ ਪ੍ਰਧਾਨ ਜਗਰੂਪ ਸਿੰਘ ਦਾ ਸਮੂਹ ਐਸ ਸੀ ਭਾਈਚਾਰੇ ਵੱਲੋਂ ਅਗੰਮਪੁਰ ਵਿਖੇ ਵਿਸ਼ੇਸ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਾਬਕਾ ਡੀ ਈ ਓ ਸਵਰਨ ਸਿੰਘ, ਪ੍ਰੇਮ ਸਿੰਘ ਬਾਸੋਵਾਲ, ਸੂਰਤ ਸਿੰਘ ਬਾਸੋਵਾਲ ਆਦਿ ਨੇ ਕਿਹਾ ਕਿ ਚਡੇਸਰ ਪਿੰਡ ਦੇ ਸਾਬਕਾ ਸਰਪੰਚ ਜਗਰੂਪ ਸਿੰਘ ਨੂੰ ਕਾਂਗਰਸ ਪਾਰਟੀ ਵੱਲੋਂ ਬਲਾਕ ਸ੍ਰੀ ਅਨੰਦਪੁਰ ਸਾਹਿਬ ਦਾ ਹੈ ਐਸ.ਸੀ. ਵਿੰਗ ਦਾ ਨਵਾਂ ਪ੍ਰਧਾਨ ਬਣਾਇਆ ਗਿਆ ਹੈ ਜਿਸ ਦੇ ਲਈ ਉਹ ਸਾਬਕਾ ਸਪੀਕਰ ਰਾਣਾ ਕੰਵਰਪਾਲ ਸਿੰਘ ਅਤੇ ਕਾਂਗਰਸ ਪਾਰਟੀ ਦੇ ਪੰਜਾਬ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਦਾ ਧੰਨਵਾਦ ਕਰਦੇ ਹਨ, ਉਹਨਾਂ ਨੇ ਕਿਹਾ ਕਿ ਨੌਜਵਾਨ ਜਗਰੂਪ ਸਿੰਘ ਬਹੁਤ ਹੀ ਮਿਹਨਤੀ ਵਰਕਰ ਹੈ ਅਤੇ ਉਹ ਪਾਰਟੀਆਂ ਦੀਆਂ ਨੀਤੀਆਂ ਨੂੰ ਲੋਕਾਂ ਦੇ ਘਰ ਘਰ ਤੱਕ ਲੈ ਕੇ ਜਾਣਗੇ ਅਤੇ 27 ਦੇ ਵਿਧਾਨ ਸਭਾ ਚੋਣਾਂ ਦੇ ਵਿੱਚ ਨੌਜਵਾਨ ਜਗਰੂਪ ਸਿੰਘ ਅਹਿਮ ਭੂਮਿਕਾ ਨਿਭਾਉਣਗੇ। ਇਸ ਮੌਕੇ ਗਿਆਨੀ ਰਾਮ ਪ੍ਰਕਾਸ਼ ਵਾਈਸ ਪ੍ਰਧਾਨ ਐਸ.ਸੀ ਵਿੰਗ, ਸੁਖਦੇਵ ਸਿੰਘ ਮਹਿਰੋਲੀ , ਕੁਲਦੀਪ ਸਿੰਘ ਬੰਗਾ ,ਸੂਰਤ ਸਿੰਘ ਬਾਸੋਵਾਲ, ਪ੍ਰੇਮ ਸਿੰਘ ਬਾਸੋਵਾਲ ,ਕਮਲ ਬੈਂਸ, ਹਰਦੀਪ ਸਿੰਘ, ਕੁਲਜੀਤ ਸਿੰਘ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਨੇ ਆਪਣਾ ਵਾਅਦਾ ਪੂਰਾ ਕੀਤਾ : ਡਾ. ਰਵਜੋਤ

### ਹੜ੍ਹ ਪੀੜਤਾਂ ਨੂੰ ਪਹਿਲੀ ਕਿਸ਼ਤ ਵਜੋਂ 24,27,250 ਰੁਪਏ ਦੇ ਪ੍ਰਵਾਨਗੀ ਪੱਤਰ ਸੌਂਪੇ

ਟਾਂਡਾ/ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਹੁਸ਼ਿਆਰਪੁਰ ਜ਼ਿਲ੍ਹੇ 'ਚ ਹੜ੍ਹਾਂ ਤੋਂ ਪ੍ਰਭਾਵਿਤ ਪਰਵਾਰਾਂ ਨੂੰ ਰਾਹਤ ਰਾਸ਼ੀ ਦੀ ਵੰਡ ਸ਼ੁਰੂ ਕੀਤੀ। ਉਨ੍ਹਾਂ ਵੱਲੋਂ ਟਾਂਡਾ 'ਚ ਨਗਰ ਕੌਂਸਲ ਵਿਖੇ ਹੋਏ ਸਮਾਗਮ ਵਿਚ ਪਹਿਲੀ ਕਿਸ਼ਤ ਦੇ ਪ੍ਰਵਾਨਗੀ ਪੱਤਰ ਵੰਡੇ ਗਏ। ਟਾਂਡਾ ਦੇ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੀ ਇਸ ਮੌਕੇ ਮੌਜੂਦ ਸਨ। ਇਸ ਦੌਰਾਨ 60 ਲਾਭਪਾਤਰੀਆਂ ਨੂੰ 24,27,250 ਰੁਪਏ ਦੇ ਪ੍ਰਵਾਨਗੀ ਪੱਤਰ ਸੌਂਪੇ ਗਏ। ਫੱਤਾ ਪਿੰਡ ਦੇ ਲਾਭਪਾਤਰੀਆਂ ਨੂੰ 9,46,750 ਰੁਪਏ ਦੇ ਪ੍ਰਵਾਨਗੀ ਪੱਤਰ ਵੰਡੇ ਗਏ, ਪਿੰਡ ਅਬਦੁੱਲਾਪੁਰ ਦੇ ਲਾਭਪਾਤਰੀਆਂ ਨੂੰ 5,50,375 ਅਤੇ ਪਿੰਡ ਗੰਧੋਵਾਲ ਦੇ ਲਾਭਪਾਤਰੀਆਂ ਨੂੰ 9,30,125 ਰੁਪਏ ਦਿੱਤੇ ਗਏ।ਡਾ. ਰਵਜੋਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦੀਵਾਲੀ ਤੋਂ ਪਹਿਲਾਂ ਹੜ੍ਹ ਪੀੜਤਾਂ ਨੂੰ ਰਾਹਤ ਫੰਡ ਮੁਹੱਈਆ ਕਰਵਾਉਣ ਦੇ ਆਪਣੇ ਵਾਅਦੇ ਨੂੰ ਸਿਰਫ਼ 30 ਦਿਨਾਂ ਵਿੱਚ ਪੂਰਾ ਕਰਕੇ ਸੰਵੇਦਨਸ਼ੀਲ ਪ੍ਰਸ਼ਾਸਨ ਦੀ ਮਿਸਾਲ ਕਾਇਮ ਕੀਤੀ ਹੈ।ਉਨ੍ਹਾਂ ਦੱਸਿਆ ਕਿ ਮਿਸ਼ਨ ਪੁਨਰਵਾਸ ਤਹਿਤ ਅੱਜ 13 ਮੰਤਰੀ ਪੰਜਾਬ ਭਰ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ ਅਤੇ ਪੀੜਤਾਂ ਨੂੰ ਰਾਹਤ ਫੰਡ ਵੰਡ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਅਜਨਾਲਾ ਵਿੱਚ ਇਸ ਮਿਸ਼ਨ ਦੀ ਸ਼ੁਰੂਆਤ ਕੀਤੀ, ਜਿੱਥੇ 631 ਕਿਸਾਨਾਂ ਨੂੰ 5.70 ਕਰੋੜ ਰੁਪਏ ਦੇ ਚੈੱਕ ਵੰਡੇ ਗਏ। ਦੇਸ਼ ਵਿੱਚ ਪਹਿਲੀ ਵਾਰ ਕਿਸੇ ਰਾਜ ਸਰਕਾਰ ਨੇ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਤੱਕ ਦਾ ਮੁਆਵਜ਼ਾ ਦਿੱਤਾ ਹੈ।



## 6 ਨਵੰਬਰ ਨੂੰ ਸੰਗਰੂਰ ਵਿਖੇ ਪੰਜਾਬ ਪੱਧਰ ਦੀ ਮਹਾਂਰੈਲੀ 'ਚ ਵੱਡੀ ਪੱਧਰ 'ਤੇ ਸ਼ਮੂਲੀਅਤ ਹੋਵੇਗੀ

### ● ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਧਰਨਾ

ਜਲੰਧਰ (ਰਾਜੇਸ਼ ਥਾਪਾ)- ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਦੀ ਪੈਨਸ਼ਨਰਜ਼ ਐਸੋਸੀਏਸ਼ਨ ਦੇ ਸਰਕਲ ਜਲੰਧਰ ਦੇ ਪੈਨਸ਼ਨਰਾਂ ਨੇ ਸ਼ਕਤੀ ਸਦਨ ਜਲੰਧਰ ਵਿਖੇ ਸੂਬਾ ਕਮੇਟੀ ਵਲੋਂ ਉਲੀਕੇ ਗਏ ਪ੍ਰੋਗਰਾਮ ਦੇ ਅਨੁਸਾਰ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਸਰਕਲ ਪ੍ਰਧਾਨ ਸ਼ਿਰੀ ਰਾਮ ਜੱਗੀ ਦੀ ਪ੍ਰਧਾਨਗੀ ਹੇਠ ਸਰਕਲ ਪੱਧਰ ਦਾ ਧਰਨਾ ਦਿੱਤਾ। ਧਰਨੇ ਵਿੱਚ ਕੈਂਟ ਡਵੀਜ਼ਨ , ਮਾਡਲ ਟਾਊਨ ਡਵੀਜ਼ਨ,ਪੂਰਵ ਮੰਡਲ, ਪੱਛਮ ਮੰਡਲ ਅਤੇ ਫਗਵਾੜਾ ਮੰਡਲ ਦੇ ਸੈਂਕੜੇ ਪੈਨਸ਼ਨਰਾਂ ਤੋਂ ਇਲਾਵਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਧਨਵੰਤ ਸਿੰਘ ਭੱਠਲ ਅਤੇ ਜਥੇਬੰਦਕ ਸਕੱਤਰ ਸ੍ਰੀ ਜ਼ੈਲ ਸਿੰਘ ਉਚੇਚੇ ਤੌਰ 'ਤੇ ਪਹੁੰਚੇ। ਧਰਨੇ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਸਰਕਾਰ ਦੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨਾ ਮੰਨਣ, ਮੀਟਿੰਗਾਂ ਨਾ ਦੇਣ ਅਤੇ ਮੀਟਿੰਗਾਂ ਦੇ ਕੇ ਮੁਕਰ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਆਗੂਆਂ ਨੇ ਕਿਹਾ ਕਿ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਮਹਿੰਗਾਈ ਭੱਤੇ ਦੀਆਂ ਬਕਾਇਆ ਸਾਰੀਆਂ ਕਿਸ਼ਤਾਂ ਅਤੇ ਰਹਿੰਦੇ ਬਕਾਏ ਤੁਰੰਤ ਜਾਰੀ ਕਰੇ,2.59 ਦੇ ਫੈਕਟਰ ਨਾਲ ਪੈਨਸ਼ਨਾਂ ਦੀ ਸੋਧ ਕੀਤੀ ਜਾਵੇ, ਮੈਡੀਕਲ ਕੈਸ਼ ਲੈਸ ਸਕੀਮ ਲਾਗੂ ਕੀਤੀ ਜਾਵੇ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ, 23 ਸਾਲਾਂ ਸਕੇਲ ਬਿਨਾਂ ਸ਼ਰਤ ਲਾਗੂ ਕੀਤਾ ਜਾਵੇ ਅਤੇ ਬਾਕੀ ਮੰਗਾਂ ਵੀ ਸੂਬਾ ਕਮੇਟੀ ਨੂੰ ਮੀਟਿੰਗ ਦੇ ਕੇ ਹੱਲ ਕੀਤੀਆ ਜਾਣ। ਜੇਕਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਨੇ ਮੰਗਾਂ ਮਸਲਿਆਂ ਦਾ ਹੱਲ ਨਾ ਕੀਤਾ ਤਾਂ ਮਿਤੀ 7 ਨਵੰਬਰ ਨੂੰ ਪਟਿਆਲਾ ਹੈਡ ਆਫਿਸ ਅੱਗੇ ਪੰਜਾਬ ਪੱਧਰ ਦਾ ਧਰਨਾ ਦਿੱਤਾ ਜਾਵੇਗਾ ਤੇ 16 ਨਵੰਬਰ ਨੂੰ ਸੰਗਰੂਰ ਵਿਖੇ ਪੰਜਾਬ ਪੱਧਰ ਦੀ ਮਹਾਰੈਲੀ ਵਿੱਚ ਵੱਡੀ ਪੱਧਰ ਤੇ ਸ਼ਮੂਲੀਅਤ ਕੀਤੀ ਜਾਵੇਗੀ।ਧਰਨੇ ਵਿੱਚ ਸ਼ਾਮਲ ਪੈਨਸ਼ਨਰਾਂ ਦੇ ਭਾਰੀ ਇਕੱਠ ਨੂੰ ਸੂਬਾ ਆਗੂ ਧਨਵੰਤ ਸਿੰਘ ਭੱਠਲ, ਜੈਲ ਸਿੰਘ, ਸਰਕਲ ਆਗੂ ਪ੍ਰੇਮ ਲਾਲ, ਥੋੜੂ ਰਾਮ, ਸੁਰਿੰਦਰ ਸਿੰਘ, ਜੋਗਿੰਦਰ ਪਾਲ, ਅਵਤਾਰ ਸਿੰਘ, ਡਵੀਜਨਾਂ ਦੇ ਆਗੂ ਬਾਲ ਕ੍ਰਿਸ਼ਨ, ਸੁਸ਼ੀਲ ਕੁਮਾਰ,ਹੰਸ ਰਾਜ,ਧਨੀ ਰਾਮ, ਬਲਵਿੰਦਰ ਕੁਮਾਰ ਅਤੇ ਕਈ ਹੋਰ ਬੁਲਾਰਿਆਂ ਨੇ ਸੰਬੋਧਨ ਕੀਤਾ ।ਅੰਤ ਵਿੱਚ ਸਰਕਲ ਪ੍ਰਧਾਨ ਸ੍ਰੀ ਸ਼ਿਰੀ ਰਾਮ ਜੱਗੀ ਨੇ ਧਰਨੇ ਵਿੱਚ ਆਏ ਪੈਨਸ਼ਨਰਾਂ ਦਾ ਧੰਨਵਾਦ ਕਰਦੇ ਹੋਏ ਪੁਰਜ਼ੋਰ ਅਪੀਲ ਕੀਤੀ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਜੋ ਮੁਹਿੰਮ ਚਲਾਈ ਗਈ ਹੈ ਉਸ ਵਿੱਚ ਵੱਧ ਤੋਂ ਵੱਧ ਯੋਗਦਾਨ ਪਾਇਆ ਜਾਵੇ। ਜਥੇਬੰਦੀ ਵੱਲੋਂ ਉਪ ਮੁੱਖ ਇੰਜਨੀਅਰ ਨੂੰ ਮੰਗ ਪੱਤਰ ਵੀ ਦਿੱਤਾ ਗਿਆ।



17-OCT-PAGE-10.qxd 10/16/2025 10:42 PM Page 1



# ਪਰਾਲੀ ਦੀ ਸਾਂਭ-ਸੰਭਾਲ ਲਈ ਠੋਸ ਪ੍ਰਬੰਧ ਕਰਨ ਸਰਕਾਰਾਂ : ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਹੋਈ। [illegible] 17% ਤੋਂ 22% ਦੇ ਵਿਚਾਲੇ ਹੋਣਾ ਚਾਹੀਦਾ ਹੈ, [illegible]

# ਪਰਾਲੀ, ਹੜ੍ਹ ਮੁਆਵਜ਼ਾ ਤੇ ਅਵਾਰਾ ਪਸ਼ੂਆਂ ਦੇ ਮੁੱਦਿਆਂ 'ਤੇ ਸਰਕਾਰਾਂ ਨੂੰ ਸਿੱਧੀ ਚੁਣੌਤੀ



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਸੰਯੁਕਤ ਕਿਸਾਨ ਮੋਰਚਾ (ਅਰਾਜਨੀਤਿਕ ਭਾਰਤ) ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ (ਸਿੱਧੂਪੁਰ) ਦੀ ਅਗਵਾਈ ਹੇਠ ਹਜ਼ਾਰਾਂ ਕਿਸਾਨਾਂ ਡੀਸੀ ਹੈੱਡਕੁਆਰਟਰ ਵਿਖੇ ਇੱਕ ਵਿਸ਼ਾਲ ਰੋਸ ਪ੍ਰਦਰਸ਼ਨ ਲਈ ਇਕੱਠੇ ਹੋਏ। [illegible] 5,000 [illegible] 2019 [illegible] ₹100 ਪ੍ਰਤੀ ਕੁਇੰਟਲ [illegible] ਨੂੰ ਉਤਸ਼ਾਹਿਤ ਕਰ ਰਹਿਆਂ ਹਨ।ਉਨ੍ਹਾਂ ਨੇ ਅਨੁਜਾਟੀ ਦੇ ਫਸਲ ਅਨੁਸਾਰ ਹਰੇਕ ਕਿਸਾਨ ਨੂੰ ਮਸ਼ੀਨਰੀ ਮੁਹੱਈਆ ਕਰਾਉਣ ਦੀ ਮੰਗ ਕੀਤੀ।ਕਿਸਾਨਾਂ ਨੇ ਇਸ ਮਾਨਸੂਨ ਸੀਜ਼ਨ ਦੌਰਾਨ ਪੰਜਾਬ ਅਤੇ ਹੋਰ ਰਾਜਾਂ ਵਿੱਚ ਹੋਏ ਭਾਰੀ ਨੁਕਸਾਨ ਦੇ ਮੱਦੇਨਜ਼ਰ ਭਿਆਨਕ ਹੜ੍ਹਾਂ ਨੂੰ ਰਾਸ਼ਟਰੀ ਆਫ਼ਤ ਐਲਾਨਣ ਦੀ ਮੰਗ ਕੀਤੀ।ਉਨ੍ਹਾਂ ਖਰਾਬ ਮੌਸਮ ਕਾਰਨ ਝੋਨੇ ਦੀ ਫ਼ਸਲ ਵਿੱਚ ਫੈਲੇ ਬੌਨੇ ਰੋਗ ਤੇ ਹਲਦੀ ਰੋਗ ਦੇ ਮਹੱਤਵਪੂਰਨ ਨੁਕਸਾਨ ਵੱਲ ਤੁਰੰਤ ਧਿਆਨ ਦੇਣ ਦੀ ਅਪੀਲ ਕੀਤੀ।ਯੂਨੀਅਨ ਨੇ ਸਰਕਾਰ ਨੂੰ ਸਾਰੇ ਖੇਤਾਂ ਦਾ ਤੁਰੰਤ ਸਰਵੇਖਣ ਕਰਾਉਣ ਅਤੇ ਕਿਸਾਨਾਂ ਨੂੰ ਫ਼ਸਲਾਂ ਦੇ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਦੇਣ ਲਈ ਜ਼ੋਰ ਪਾਇਆ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਲੋੜਵੰਦ ਨੂੰ ਸਿਲਾਈ ਮਸ਼ੀਨ ਦਿੱਤੀ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਡਾਕਟਰ ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਵਿੱਚ ਸੰਨੀ ਓਬਰਾਏ ਸਵੈ ਰੋਜ਼ਗਾਰ ਸਕੀਮ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇੰਦਰਜੀਤ ਕੌਰ ਡਾਇਰੈਕਟਰ ਐਜੂਕੇਸ਼ਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਰਹਿਨੁਮਾਈ ਹੇਠ ਪਿੰਡਾਂ ਅਤੇ ਸ਼ਹਿਰਾਂ ਵਿੱਚ ਨੌਜਵਾਨ ਲੜਕੇ ਲੜਕੀਆਂ ਨੂੰ ਆਤਮ ਨਿਰਭਰ ਬਣਾਉਣ ਲਈ ਮੁਫ਼ਤ ਸਿਖਲਾਈ ਸੈਂਟਰ (ਬਿਊਟੀ ਪਾਰਲਰ, ਕੰਪਿਊਟਰ, ਸਿਲਾਈ,) ਖੋਲ੍ਹੇ ਜਾ ਰਹੇ ਹਨ ਤਾਂ ਜੋ ਇਹ ਹੁਨਰ ਪ੍ਰਾਪਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋ ਸਕਣ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਬਾਬਾ ਜੀਵਨ ਸਿੰਘ ਜੀ ਗੁਰਦੁਆਰਾ ਸਾਹਿਬ ਪਿੰਡ ਉਦੇਕਰਨ ਵਿੱਚ ਵੀ ਮੁਫ਼ਤ ਸਿਲਾਈ ਸਿਖਲਾਈ ਸੈਂਟਰ ਖੋਲ੍ਹਿਆ ਗਿਆ ਸੀ। ਜਿਸ ਵਿੱਚ ਲੜਕੀਆਂ ਵੱਲੋਂ ਸਿਲਾਈ ਸਿਖਲਾਈ ਦਾ 6 ਮਹੀਨੇ ਦਾ ਕੋਰਸ ਪਾਸ ਕੀਤਾ ਗਿਆ।6 ਮਹੀਨੇ ਦੀ ਸਿਲਾਈ ਦੀ ਸਿਖਲਾਈ ਲੈਣ ਉਪਰੰਤ ਇੱਕ ਬਹੁਤ ਹੀ ਲੋੜਵੰਦ ਨੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਨ ਲਈ ਡਾ ਓਬਰਾਏ ਨੂੰ ਸਿਲਾਈ ਮਸ਼ੀਨ ਦੇਣ ਦੀ ਬੇਨਤੀ ਕੀਤੀ ਗਈ ਸੀ।ਇਸ ਲੋੜਵੰਦ ਦੇ ਮਾਤਾ ਪਿਤਾ ਦੀ ਮੌਤ ਹੋ ਚੁੱਕੀ ਹੈ । ਲੋੜਵੰਦ ਦੀ ਬੇਨਤੀ ਪ੍ਰਵਾਨ ਕਰਨ ਉਪਰੰਤ ਡਾ. ਓਬਰਾਏ ਵਲੋਂ ਤੁਰੰਤ ਮੈਡਮ ਇੰਦਰਜੀਤ ਕੌਰ ਰਾਹੀ ਸ੍ਰੀ ਮੁਕਤਸਰ ਸਾਹਿਬ ਟੀਮ ਨੂੰ ਸਿਲਾਈ ਮਸ਼ੀਨਾਂ ਦੇਣ ਲਈ ਕਿਹਾ ਗਿਆ।ਇਸ ਮੌਕੇ ਮਲਕੀਤ ਸਿੰਘ ਰਿਟਾ ਬੈਂਕ ਮੈਨੇਜਰ ਮੀਤ ਪ੍ਰਧਾਨ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਪ੍ਰਿੰਸੀਪਲ ਬਿੰਦਰ ਪਾਲ ਕੌਰ, ਮੈਡਮ ਮਨਿੰਦਰ ਕੌਰ, ਰੇਣੂ ਸ਼ਰਮਾ ਸਿਲਾਈ ਅਧਿਆਪਕਾਂ ਆਦਿ ਹਾਜ਼ਰ ਸਨ।

# ਮੇਅਰ ਕੁੰਦਨ ਗੋਗੀਆ ਵੱਲੋਂ ਨਵ-ਨਿਯੁਕਤ ਕਮਿਸ਼ਨਰ ਦਾ ਸਵਾਗਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ ਨਵੇਂ ਨਿਯੁਕਤ ਕਮਿਸ਼ਨਰ ਪਰਮਜੀਤ ਸਿੰਘ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ।ਇਸ ਮੌਕੇ ਨਗਰ ਨਿਗਮ ਦੇ ਕਈ ਕੌਂਸਲਰਾਂ ਅਤੇ ਅਹੁਦੇਦਾਰਾਂ ਨੇ ਵੀ ਸ਼ਿਰਕਤ ਕੀਤੀ ਅਤੇ ਨਵੇਂ ਕਮਿਸ਼ਨਰ ਨੂੰ ਅਹੁਦਾ ਸੰਭਾਲਣ 'ਤੇ ਵਧਾਈ ਦਿੱਤੀ।ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਗਰ ਨਿਗਮ ਦੀ ਟੀਮ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਰਮਜੀਤ ਸਿੰਘ ਦੇ ਤਜਰਬੇ ਅਤੇ ਪ੍ਰਸ਼ਾਸਨਿਕ ਕਾਬਲੀਅਤ ਨਾਲ ਪਟਿਆਲਾ ਸ਼ਹਿਰ ਦੇ ਵਿਕਾਸ ਪ੍ਰੋਜੈਕਟਾਂ ਨੂੰ ਹੋਰ ਮਜ਼ਬੂਤੀ ਮਿਲੇਗੀ।ਕਮਿਸ਼ਨਰ ਪਰਮਜੀਤ ਸਿੰਘ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਸਭ ਤੋਂ ਪਹਿਲੀ ਤਰਜੀਹ ਰਹੇਗੀ।ਇਸ ਮੌਕੇ ਐਮ ਸੀ ਸ਼ਿਵਰਾਜ ਵਿਰਕ, ਐਮ ਸੀ ਮਨਦੀਪ ਸਿੰਘ, ਐਮ ਸੀ ਦਵਿੰਦਰ ਗੋਲਡੀ, ਐਮ ਸੀ ਗਿਆਨ ਚੰਦ, ਐਮ ਸੀ ਗੁਰਕਿਰਪਾਲ ਸਿੰਘ, ਮੇਅਰ ਸੈਕਟਰੀ ਰਜਿੰਦਰ ਮੋਹਨ, ਬਲਾਕ ਪ੍ਰਧਾਨ ਕ੍ਰਿਸ਼ਨ ਕੁਮਾਰ, ਲੱਕੀ ਲਹਿਲ ਅਤੇ ਰਣਬੀਰ ਸਹੋਤਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

# ਨਗਰ ਨਿਗਮ ਵੱਲੋਂ ਖਾਲੀ ਪਲਾਟਾਂ ਪ੍ਰਤੀ ਅਣਗਹਿਲੀ ਰੱਖਣ ਵਾਲਿਆਂ ਲਈ ਸਖ਼ਤ ਨਿਰਦੇਸ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਸ਼ਹਿਰ ਵਿੱਚ ਵਧ ਰਹੀ ਗੰਦਗੀ ਅਤੇ ਮੱਛਰਾਂ ਦੇ ਪ੍ਰਕੋਪ ਨੂੰ ਦੇਖਦੇ ਹੋਏ ਨਗਰ ਨਿਗਮ ਨੇ ਖਾਲੀ ਪਲਾਟ ਰੱਖਣ ਵਾਲਿਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ।ਖਾਲੀ ਪਲਾਟਾਂ ਵਿੱਚ ਕੂੜਾ ਅਤੇ ਪਾਣੀ ਇਕੱਠਾ ਹੋਣ ਕਰਕੇ ਸ਼ਹਿਰ ਵਿੱਚ ਬਿਮਾਰੀਆਂ ਦੇ ਮਾਮਲੇ ਵਧ ਰਹੇ ਹਨ, ਜਿਸ ਨੂੰ ਲੈ ਕੇ ਪ੍ਰਸ਼ਾਸਨ ਗੰਭੀਰ ਹੋ ਗਿਆ ਹੈ।ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਬਹੁਤ ਸਾਰੇ ਖਾਲੀ ਪਲਾਟਾਂ ਵਿੱਚ ਇਲਾਕੇ ਦੇ ਲੋਕ ਕੂੜਾ ਸੁੱਟ ਦਿੰਦੇ ਹਨ, ਜਿਸ ਨਾਲ ਨਾ ਸਿਰਫ ਬਦਬੂ ਪੈਦਾ ਹੁੰਦੀ ਹੈ ਸਗੋਂ ਡੇਂਗੂ, ਮਲੇਰੀਆ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵੀ ਵਧਦਾ ਹੈ।ਨਿਗਮ ਨੇ ਪਲਾਟ ਮਾਲਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਨੇ ਆਪਣਾ ਪਲਾਟ ਸਾਫ਼ ਨਹੀਂ ਕੀਤਾ ਤਾਂ ਉਨ੍ਹਾਂ ਉੱਤੇ ਜੁਰਮਾਨਾ ਲਗਾਇਆ ਜਾਵੇਗਾ ਅਤੇ ਸਫ਼ਾਈ ਦਾ ਖ਼ਰਚਾ ਵੀ ਉਨ੍ਹਾਂ ਤੋਂ ਹੀ ਵਸੂਲਿਆ ਜਾਵੇਗਾ।ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਖਾਸ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ ਜੋ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰ ਰਹੀਆਂ ਹਨ।ਜਿੱਥੇ ਵੀ ਗੰਦਗੀ ਮਿਲੇਗੀ, ਉੱਥੇ ਤੁਰੰਤ ਕਾਰਵਾਈ ਕੀਤੀ ਜਾਵੇਗੀ।

# ਡਾਕਟਰ ਦੀ ਅਣਗਹਿਲੀ ਤੇ ਹਸਪਤਾਲ ਦੇ ਨਾਕਸ ਪ੍ਰਬੰਧਾਂ ਖ਼ਿਲਾਫ਼ ਰੋਸ ਧਰਨਾ



**ਮਾਨਸਾ (ਆਤਮਾ ਸਿੰਘ ਪਮਾਰ)**

ਮਾਨਸਾ ਦੇ ਜ਼ਿਲ੍ਹਾ ਪੱਧਰੀ ਸਰਕਾਰੀ ਹਸਪਤਾਲ ਵਿਖੇ ਤਾਇਨਾਤ ਡਾਕਟਰ ਪ੍ਰਵੀਨ ਕੁਮਾਰ ਦੀ ਅਣਗਹਿਲੀ ਕਾਰਨ ਮਜ਼ਦੂਰ ਔਰਤ ਸੁਖਵਿੰਦਰ ਕੌਰ ਦਾ ਉਪ੍ਰੇਸ਼ਨ ਕਰਨ ਵੇਲੇ ਖਾਣੇ ਵਾਲੀ ਅੰਤੜੀ ਨੂੰ ਕੱਟ ਲੱਗਣ ਕਾਰਨ ਔਰਤ ਦੀ ਹਾਲਤ ਗੰਭੀਰ ਹੋ ਗਈ। ਪਤਾ ਲੱਗਾ ਹੈ ਕਿ ਔਰਤ ਦਾ ਪਤੀ ਕਈ ਵਾਰੀ ਡਾਕਟਰ ਨੂੰ ਮਿਲਿਆ ਤੇ ਡਾਕਟਰ ਨੇ ਪੀੜਤ ਦੀ ਗੱਲ ਤੱਕ ਨਹੀਂ ਸੁਣੀ।ਇਸ ਮਾਮਲੇ 'ਚ ਜਥੇਬੰਦੀ ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਸਬੰਧਤ ਡਾਕਟਰ ਨੂੰ ਵੀ ਮਿਲੇ ਇਸ 'ਤੇ ਡਾਕਟਰ ਨੇ ਆਪਣੀ ਕੋਈ ਗਲਤੀ ਨਹੀਂ ਮੰਨੀ ਤੇ ਉਲਟਾ ਪਰਵਾਰ ਨੂੰ ਦੋਸ਼ੀ ਠਹਿਰਾ ਰਿਹਾ ਹੈ।ਡਾਕਟਰ ਦੀ ਅਣਗਹਿਲੀ ਤੇ ਹਸਪਤਾਲ ਦੇ ਘਟੀਆ ਪ੍ਰਬੰਧ ਖਿਲਾਫ਼ ਮਜ਼ਦੂਰ ਪਰਵਾਰ ਨੂੰ ਇਨਸਾਫ ਦਿਵਾਉਣ ਲਈ ਜਥੇਬੰਦੀ ਮਜ਼ਦੂਰ ਮੁਕਤੀ ਮੋਰਚਾ ਲਿਬਰੇਸ਼ਨ ਵੱਲੋਂ ਹਸਪਤਾਲ ਮਾਨਸਾ ਵਿਖੇ ਧਰਨਾ ਲਾਇਆ ਗਿਆ।

ਪ੍ਰੈੱਸ ਬਿਆਨ ਜਾਰੀ ਕਰਦਿਆਂ ਸੀ ਪੀ ਆਈ ਐੱਮ ਐੱਲ ਲਿਬਰੇਸ਼ਨ ਦੇ ਸੂਬਾ ਆਗੂ ਕਾਮਰੇਡ ਰਾਜਵਿੰਦਰ ਸਿੰਘ ਰਾਣਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਬਲਵਿੰਦਰ ਸਿੰਘ ਘਰਾਂਗਣਾ ਨੇ ਕਿਹਾ ਕਿ ਮਾਨਸਾ 'ਚ ਇੱਕੋ ਇੱਕ ਵੱਡਾ ਹਸਪਤਾਲ ਹੈ।ਇਸ ਹਸਪਤਾਲ 'ਚ ਡਾਕਟਰਾਂ, ਸਟਾਫ ਨਰਸਾਂ ਤੇ ਚੌਥਾ ਦਰਜਾ ਦੀਆਂ ਕਾਫੀ ਪੋਸਟਾਂ ਖਾਲੀ ਪਈਆਂ ਹਨ।ਇਹ ਪੋਸਟਾਂ ਤੁਰੰਤ ਭਰੀਆਂ ਜਾਣ, ਵੱਡੀਆਂ ਟੈਸਟ ਮਸ਼ੀਨਾਂ ਦੇ ਬਾਵਜੂਦ ਬਹੁਤ ਸਾਰੇ ਟੈਸਟ ਤੇ ਦਵਾਈਆਂ ਬਾਹਰੋਂ ਮੰਗਵਾਈਆਂ ਜਾਂਦੀਆਂ ਹਨ।ਪ੍ਰਾਈਵੇਟ ਲੈਬਾਂ ਤੇ ਡਾਕਟਰ ਮਰੀਜ਼ਾਂ ਦੇ ਪਰਵਾਰਾਂ ਦੀਆਂ ਮਜਬੂਰੀਆਂ ਦਾ ਫਾਇਦਾ ਉਠਾ ਕੇ ਵੱਡੀ ਲੁੱਟ ਕਰਦੇ ਹਨ ਅਤੇ ਗਰੀਬ ਪਰਵਾਰਾਂ ਲਈ ਸਰਕਾਰੀ ਹਸਪਤਾਲ ਵੀ ਮਰੀਜ਼ਾਂ ਨੂੰ ਮੌਤ ਦੇ ਘਾਟ ਉਤਾਰਨ ਵਾਲੇ ਬਣ ਗਏ ਤੇ ਲੋਕਾਂ ਦਾ ਵਿਸ਼ਵਾਸ ਮਾੜੇ ਡਾਕਟਰਾਂ ਦੀ ਅਣਗਹਿਲੀ ਕਾਰਨ ਸਰਕਾਰੀ ਹਸਪਤਾਲਾਂ ਤੋਂ ਚੱਕਿਆ ਗਿਆ। ਇਸ ਧਰਨੇ ਵਿੱਚ ਸ਼ਾਮਲ ਆਗੂਆਂ ਨੇ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਨੂੰ ਅਪੀਲ ਕੀਤੀ ਕਿ ਜਲਦੀ ਤੋਂ ਜਲਦੀ ਜਾਂਚ ਕਮੇਟੀ ਬਣਾ ਕੇ ਡਾਕਟਰ ਪ੍ਰਵੀਨ ਖਿਲਾਫ਼ ਬਣਦੀ ਕਾਰਵਾਈ ਕਰਕੇ ਗਰੀਬ ਪਰਵਾਰ ਨੂੰ ਇਨਸਾਫ ਦਿਵਾਇਆ ਜਾਵੇ।ਆਗੂਆਂ ਨੇ ਪੁਲਸ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਪੀੜਤ ਮਜ਼ਦੂਰ ਵੱਲੋਂ ਡਾਕਟਰ ਖਿਲਾਫ਼ ਜੋ ਸ਼ਿਕਾਇਤ ਕੀਤੀ ਹੈ, ਉਸ 'ਤੇ ਵੀ ਬਣਦੀ ਕਾਰਵਾਈ ਕੀਤੀ ਜਾਵੇ।ਧਰਨੇ 'ਚ ਪਹੁੰਚ ਕੇ ਸੀਨੀਅਰ ਡਾਕਟਰ ਨੇ ਵਿਸ਼ਵਾਸ ਦਿਵਾਇਆ ਕਿ ਡਾਕਟਰ ਪ੍ਰਵੀਨ ਕੁਮਾਰ ਦੀ ਬਦਲੀ ਬੁਢਲਾਡਾ ਵਿਖੇ ਕਰ ਦਿੱਤੀ ਹੈ।ਡਾਕਟਰਾਂ ਦਾ ਬੋਰਡ ਬਣਾ ਕੇ ਇਸ ਕੇਸ ਦੀ ਜਾਂਚ ਕੀਤੀ ਜਾਵੇਗੀ ਤੇ ਰਿਪੋਰਟ ਤੋਂ ਬਾਅਦ ਡਾਕਟਰ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।ਜਥੇਬੰਦੀ ਵੱਲੋਂ ਵਿਸ਼ਵਾਸ ਦਿਵਾਉਣ 'ਤੇ ਧਰਨਾ ਚੁੱਕ ਲਿਆ ਗਿਆ।ਇਸ ਧਰਨੇ ਵਿੱਚ ਸੀ ਪੀ ਆਈ ਐੱਮ ਲਿਬਰੇਸ਼ਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਗੁਰਮੀਤ ਨੰਦਗੜ੍ਹ, ਕਾਮਰੇਡ ਗੁਰਸੇਵਕ ਮਾਨ ਬੀਬੜੀਆਂ, ਰਿਟਾਇਡ ਪੈਨਸ਼ਨਰਜ਼ ਆਗੂ ਡਾਕਟਰ ਕੇਵਲ ਸਿੰਘ, ਮਜ਼ਦੂਰ ਆਗੂ ਕਾਮਰੇਡ ਦਰਸ਼ਨ ਸਿੰਘ ਦਾਨੇਵਾਲਾ, ਵਿਦਿਆਰਥੀ ਜਥੇਬੰਦੀ ਦੇ ਸੂਬਾ ਕਨਵੀਨਰ ਸੁਖਜੀਤ ਸਿੰਘ ਰਾਮਨੰਦੀ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਦੇ ਆਗੂ ਕਾਕਾ ਸਿੰਘ ਭੈਣੀਬਾਘਾ, ਇਕਬਾਲ ਸਿੰਘ ਫਫੜੇ, ਆਟੋ ਚਾਲਕ ਯੂਨੀਅਨ ਦੇ ਆਗੂ ਕਾਮਰੇਡ ਅੰਗਰੇਜ਼ ਸਿੰਘ ਘਰਾਂਗਣਾ, ਨਿਰਮਲ ਸਿੰਘ, ਮੰਗਾ ਸਿੰਘ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

# ਏ ਡੀ ਜੀ ਪੀ ਦੇ ਹੱਕ 'ਚ ਕਾਂਗਰਸੀਆਂ ਨੇ ਕੈਂਡਲ ਮਾਰਚ ਕੱਢਿਆ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿਛਲੇ ਦਿਨੀ ਹਰਿਆਣਾ 'ਚ ਆਈ ਪੀ ਐੱਸ ਅਧਿਕਾਰੀ ਏ ਡੀ ਜੀ ਪੀ ਵਾਈ ਪੀ ਪੂਰਨ ਕੁਮਾਰ ਨੇ ਸਰਕਾਰੀ ਅਤੇ ਸਿਆਸੀ ਨਾਇਨਸਾਫ਼ੀ ਨਾ ਸਹਾਰਦੇ ਹੋਏ ਆਤਮ ਹੱਤਿਆ ਕਰ ਲਈ ਸੀ, ਜਿਸ ਦੇ ਹੱਕ ਵਿਚ ਪੰਜਾਬ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਜ਼ਿਲ੍ਹਾ ਪ੍ਰਧਾਨ ਕੁਲਬੀਰ ਸਿੰਘ ਜ਼ੀਰਾ ਦੀ ਰਹਿਨੁਮਾਈ ਹੇਠ ਆਈ ਪੀ ਐੱਸ ਅਧਿਕਾਰੀ ਏ ਡੀ ਜੀ ਪੀ ਵਾਈ ਪੂਰਨ ਕੁਮਾਰ ਨੂੰ ਸੱਚੀ ਸ਼ਰਧਾਂਜਲੀ ਵਜੋਂ ਅਤੇ ਉਸ ਨੂੰ ਇਨਸਾਫ ਦਿਵਾਉਣ ਲਈ ਵੱਡੀ ਗਿਣਤੀ ਕਾਂਗਰਸੀਆਂ ਵੱਲੋਂ ਕੈਂਡਲ ਮਾਰਚ ਕੱਢਿਆ ਗਿਆ। ਮੀਡੀਆ ਨਾਲ ਗੱਲਬਾਤ ਕਰਦਿਆਂ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਲਜੀਤ ਕੌਰ ਬੰਗੜ ਨੇ ਕਿਹਾ ਕਿ ਬੀ ਜੇ ਪੀ ਪਾਰਟੀ ਲੋਕਤੰਤਰ ਦਾ ਘਾਣ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੀ। ਉਨ੍ਹਾਂ ਕਿਹਾ ਕਿ ਜੰਗਲ ਰਾਜ ਵਰਗੀ ਸਥਿਤੀ ਕਰੇਟ ਕਰਕੇ ਉਨ੍ਹਾਂ ਦਲਿਤ ਪਰਵਾਰ ਨਾਲ ਸਬੰਧਤ ਅਧਿਕਾਰੀ ਨੂੰ ਏਨਾ ਮਜਬੂਰ ਕਰ ਦਿੱਤਾ ਕਿ ਆਈ ਪੀ ਐੱਸ ਪੂਰਨ ਕੁਮਾਰ ਨੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ, ਜਿਸ ਦੇ ਸਬੰਧ ਵਿਚ ਜ਼ਿਲ੍ਹਾ ਫਿਰੋਜ਼ਪੁਰ ਦੀ ਸਮੁੱਚੀ ਕਾਂਗਰਸ ਪਾਰਟੀ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਵਜੋਂ ਅਤੇ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਲਈ ਕੈਂਡਲ ਮਾਰਚ ਕੱਢਿਆ ਗਿਆ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਇੰਚਾਰਜ ਅਮਰਦੀਪ ਸਿੰਘ ਆਸ਼ੂ ਬੰਗੜ, ਹਰਿੰਦਰ ਸਿੰਘ ਢੀਂਡਸਾ, ਰਿੰਕੂ ਗਰੋਵਰ ਪ੍ਰਧਾਨ ਨਗਰ ਕੌਂਸਲ, ਸੁਖਵਿੰਦਰ ਸਿੰਘ ਅਟਾਰੀ ਬਲਾਕ ਪ੍ਰਧਾਨ, ਯਕੂਬ ਭੱਟੀ ਜ਼ਿਲ੍ਹਾ ਪ੍ਰਧਾਨ ਯੂਥ ਕਾਂਗਰਸ, ਕੰਵਲਪ੍ਰੀਤ ਸਿੰਘ ਗਿੱਲ ਬਲਾਕ ਪ੍ਰਧਾਨ, ਸੁਖਵਿੰਦਰ ਸਿੰਘ ਸ਼ੀਸ਼ਾ ਸੰਧੂ, ਪਰਮਜੀਤ ਸਿੰਘ ਖੋਸਾ, ਮਨੀਸ਼ ਸੁਲਹਾਣੀ, ਸ਼ਮਿੰਦਰ ਸਿੰਘ ਸਰਪੰਚ, ਸ਼ਮਸ਼ੇਰ ਸਿੰਘ ਸਰਪੰਚ, ਜਸਪ੍ਰੀਤ ਸਿੰਘ ਜੱਸਾ, ਜੱਸਾ ਸਰਪੰਚ, ਗੋਪੀ ਔਲਖ, ਜੋਬਨਜੀਤ ਸਿੰਘ ਧਾਲੀਵਾਲ, ਤੀਰਥ ਸਿੰਘ, ਸਰਪੰਚ ਗੁਰਦਿਆਲ ਸਿੰਘ ਫਿੱਡੇ, ਦਲਜੀਤ ਸਿੰਘ, ਬੋਹੜ ਸਿੰਘ ਸਰਪੰਚ, ਤੇਜਬੀਰ ਸਿੰਘ ਖਾਰਾ, ਜਗਸੀਰ ਸਿੰਘ ਖੋਸਾ, ਰਾਜ ਗਗਨਦੀਪ ਸਿੰਘ ਸਰਪੰਚ, ਰਵਿੰਦਰ ਸਿੰਘ ਤੂਤ, ਇਕਬਾਲ ਸਿੰਘ ਸਰਪੰਚ, ਮਨਜੀਤ ਸਿੰਘ, ਤਰਸੇਮ ਸਿੰਘ ਅਟਵਾਲ, ਪੁਸ਼ਪਿੰਦਰ ਸਿੰਘ ਸੰਧੂ, ਸਰਪੰਚ ਹੈਪੀ ਜਨੇਰ, ਇਕਬਾਲ ਸਿੰਘ ਸਰਪੰਚ ਲੱਖਾ ਹਾਜੀ, ਜਸ ਮੋਹਿਤ ਸਿੰਘ ਸਰਪੰਚ, ਹਰਪਾਲ ਸਿੰਘ ਨੀਟਾ ਸੋਢੀ, ਕਰਨ ਮਨਚੰਦਾ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

# ਡੀ ਐੱਸ ਪੀ ਇਕਬਾਲ ਸਿੰਘ ਸੰਧੂ ਨੇ ਚਾਰਜ ਸੰਭਾਲਿਆ



**ਜੈਤੋ (ਸਤੀਸ਼ ਕੁਮਾਰ ਭੀਰੀ)**-ਡੀ ਐੱਸ ਪੀ ਇਕਬਾਲ ਸਿੰਘ ਸੰਧੂ ਨੇ ਸਬ-ਡਵੀਜ਼ਨ ਜੈਤੋ ਦੇ ਨਵੇਂ ਡੀ ਐੱਸ ਪੀ ਵਜੋਂ ਆਪਣਾ ਅਹੁਦਾ ਸੰਭਾਲ ਲਿਆ ਹੈ।ਉਨ੍ਹਾਂ ਨੂੰ ਡੀ ਐੱਸ ਪੀ ਮਨੋਜ ਕੁਮਾਰ ਦੀ ਥਾਂ ਸਬ-ਡਵੀਜ਼ਨ ਜੈਤੋ ਦਾ ਡੀ ਐੱਸ ਪੀ ਲਾਇਆ ਗਿਆ ਹੈ।ਇਕਬਾਲ ਸਿੰਘ ਸੰਧੂ ਇਸ ਤੋਂ ਪਹਿਲਾਂ ਥਾਣਾ ਜੈਤੋ ਵਿਖੇ ਬਤੌਰ ਐੱਸ ਐੱਚ ਓ ਸ਼ਾਨਦਾਰ ਸੇਵਾਵਾਂ ਨਿਭਾਅ ਚੁੱਕੇ ਹਨ।ਵੀਰਵਾਰ ਸਵੇਰੇ ਸਥਾਨਕ ਸਬ-ਡਵੀਜ਼ਨ ਅਧੀਨ ਪੈਂਦੇ ਥਾਣਿਆਂ, ਪੁਲਸ ਚੌਂਕੀ ਦੇ ਇੰਚਾਰਜਾਂ, ਮੁਲਾਜ਼ਮਾਂ ਤੇ ਇਲਾਕੇ ਦੇ ਲੋਕਾਂ ਵੱਲੋਂ ਨਵੇਂ ਆਏ ਡੀ ਐੱਸ ਪੀ ਇਕਬਾਲ ਸਿੰਘ ਸੰਧੂ ਦਾ ਗੁਲਦਸਤੇ ਭੇਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ।ਅਹੁਦਾ ਸੰਭਾਲਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ ਐੱਸ ਪੀ ਇਕਬਾਲ ਸਿੰਘ ਸੰਧੂ ਨੇ ਕਿਹਾ ਕਿ ਹਰੇਕ ਨਾਗਰਿਕ ਨੂੰ ਸਬ-ਡਵੀਜ਼ਨ ਜੈਤੋ ਅਧੀਨ ਪੈਂਦੇ ਥਾਣਿਆਂ ਤੇ ਉਨ੍ਹਾਂ ਦੇ ਦਫਤਰ 'ਚ ਆਉਣ 'ਤੇ ਮਾਨ ਸਤਿਕਾਰ ਦਿੱਤਾ ਜਾਵੇਗਾ ਤੇ ਨਿਆਂ ਪ੍ਰਣਾਲੀ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਤਿਉਹਾਰਾਂ ਦੇ ਦਿਨ ਚੱਲ ਰਹੇ ਹਨ ਤੇ ਪੁਲਸ ਦੀ ਹਰ ਪਾਸੇ ਤਿੱਖੀ ਨਜ਼ਰ ਹੈ।ਉਨ੍ਹਾਂ ਕਿਹਾ ਕਿ ਪੁਲਸ ਲੋਕਾਂ ਦੀ ਸੁਰੱਖਿਆ ਲਈ ਵਚਨਬੱਧ ਹੈ।ਉਨ੍ਹਾ ਸਪੱਸ਼ਟ ਕੀਤਾ ਕਿ ਇਲਾਕੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨੂੰ ਮਜ਼ਬੂਤ ਰੱਖਣਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ।

# ਕਣਕ ਦਾ ਤਸਦੀਕਸ਼ੁਦਾ ਬੀਜ ਸਬਸਿਡੀ 'ਤੇ ਮੁਹੱਈਆ ਕਰਵਿਆ ਜਾਵੇਗਾ : ਡਾ. ਕੁਲਵੰਤ ਸਿੰਘ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਪੰਜਾਬ ਸਰਕਾਰ ਨੇ ਹਾੜ੍ਹੀ 2025-26 ਸੀਜ਼ਨ ਦੌਰਾਨ ਕਿਸਾਨਾਂ ਦੀ ਸਹਾਇਤਾ ਲਈ ਨੈਸ਼ਨਲ ਫੂਡ ਸਕਿਉਰਟੀ ਐਂਡ ਨਿਊਟਰੀਸ਼ਨ ਮਿਸ਼ਨ ਸਕੀਮ ਅਧੀਨ ਕਣਕ ਦਾ ਤਸਦੀਕਸ਼ੁਦਾ ਬੀਜ ਸਬਸਿਡੀ 'ਤੇ ਮੁਹੱਈਆ ਕਰਵਾਉਣ ਦਾ ਐਲਾਨ ਕੀਤਾ ਹੈ।ਇਹ ਜਾਣਕਾਰੀ ਮੁੱਖ ਖੇਤੀਬਾੜੀ ਅਫ਼ਸਰ ਫ਼ਰੀਦਕੋਟ ਡਾ. ਕੁਲਵੰਤ ਸਿੰਘ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਕਣਕ ਦੀਆਂ ਵੱਖ-ਵੱਖ ਪ੍ਰਮਾਣਿਤ ਕਿਸਮਾਂ ਦੇ ਬੀਜ 'ਤੇ 2000 ਰੁਪਏ ਪ੍ਰਤੀ ਕੁਇੰਟਲ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇਗੀ।ਖਾਸ ਗੱਲ ਇਹ ਹੈ ਕਿ ਇਹ ਸਹਾਇਤਾ ਰਾਸ਼ੀ ਬੀਜ ਦੀ ਖਰੀਦ ਸਮੇਂ ਹੀ ਘਟਾ ਕੇ ਦਿੱਤੀ ਜਾਵੇਗੀ।ਇਸ ਨਾਲ ਕਿਸਾਨਾਂ ਨੂੰ ਤੁਰੰਤ ਵੱਡੀ ਰਾਹਤ ਮਿਲੇਗੀ।ਡਾ. ਕੁਲਵੰਤ ਸਿੰਘ ਨੇ ਸਪੱਸ਼ਟ ਕੀਤਾ ਕਿ ਇਹ ਸਬਸਿਡੀ ਹਰ ਕਿਸਾਨ ਨੂੰ ਵੱਧ ਤੋਂ ਵੱਧ ਇੱਕ ਹੈਕਟੇਅਰ (ਲਗਭਗ ਢਾਈ ਏਕੜ) ਖੇਤਰ ਲਈ ਹੀ ਮਿਲੇਗੀ।ਜ਼ਿਲ੍ਹਾ ਫ਼ਰੀਦਕੋਟ ਲਈ ਇਸ ਸਕੀਮ ਅਧੀਨ ਕਣਕ ਦੇ ਬੀਜ ਦਾ ਕੁੱਲ 1980 ਕੁਇੰਟਲ ਦਾ ਟੀਚਾ ਨਿਰਧਾਰਤ ਕੀਤਾ ਗਿਆ ਹੈ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਬਸਿਡੀ ਵਾਲੇ ਬੀਜ ਦਾ ਲਾਭ ਲੈਣ ਲਈ ਤੁਰੰਤ agrimachinerypb.com ਪੋਰਟਲ ਰਾਹੀਂ ਆਨਲਾਈਨ ਅਰਜ਼ੀ ਦੇਣ। ਉਨ੍ਹਾਂ ਚੇਤਾਵਨੀ ਦਿੱਤੀ ਕਿ ਬੀਜ ਦੀ ਉਪਲਬਧਤਾ ਜ਼ਿਲ੍ਹਾ ਤੇ ਬਲਾਕ ਪੱਧਰੀ ਟੀਚੇ ਪੂਰੇ ਹੋਣ ਤੱਕ ਹੀ ਰਹੇਗੀ, ਇਸ ਲਈ ਚਾਹਵਾਨ ਕਿਸਾਨਾਂ ਨੂੰ ਬਿਨਾਂ ਦੇਰੀ ਕੀਤੇ ਅਰਜ਼ੀ ਦੇਣੀ ਚਾਹੀਦੀ ਹੈ।ਕਿਸਾਨ ਵਧੇਰੇ ਜਾਣਕਾਰੀ ਤੇ ਸਹਾਇਤਾ ਲਈ ਆਪਣੇ ਪਿੰਡ ਨਾਲ ਸਬੰਧਤ ਸਰਕਲ ਜਾਂ ਬਲਾਕ ਪੱਧਰੀ ਖੇਤੀਬਾੜੀ ਅਫ਼ਸਰ ਨਾਲ ਤੁਰੰਤ ਸੰਪਰਕ ਕਰ ਸਕਦੇ ਹਨ।

# ਯੂਨੀਵਰਸਿਟੀ ਕੈਂਪਸ 'ਚ ਵਿਦਿਆਰਥਣ ਦੀ ਭੇਦਭਰੀ ਹਾਲਤ 'ਚ ਮੌਤ

■ ਤਲਵੰਡੀ ਸਾਬੋ ਪੁਲਸ ਕਰ ਰਹੀ ਹੈ ਮਾਮਲੇ ਦੀ ਜਾਂਚ

**ਤਲਵੰਡੀ ਸਾਬੋ (ਜਗਦੀਪ ਗਿੱਲ)**

ਪੰਜਾਬੀ ਯੂਨੀਵਰਸਿਟੀ ਕਾਸ਼ੀ ਕੈਂਪਸ ਦੇ ਯਾਦਵਿੰਦਰਾ ਇੰਜਨੀਅਰਿੰਗ ਕਾਲਜ ਵਿੱਚ ਬੀਐੱਸਸੀ ਨਾਨ-ਮੈਡੀਕਲ ਦੇ ਅਖ਼ੀਰਲੇ ਸਾਲ ਦੀ ਇੱਕ ਵਿਦਿਆਰਥਣ ਦੀ ਲੰਘੀ ਰਾਤ ਸਮੇਂ ਹੋਸਟਲ ਵਿੱਚ ਭੇਦ-ਭਰੀ ਹਾਲਤ ਵਿੱਚ ਮੌਤ ਹੋਣ ਦੀ ਖ਼ਬਰ ਮਿਲੀ ਹੈ।ਤਲਵੰਡੀ ਸਾਬੋ ਪੁਲਸ ਨੇ ਮ੍ਰਿਤਕਾ ਦੇ ਪਿਤਾ ਦੇ ਬਿਆਨਾਂ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਕਾਰਵਾਈ ਅਰੰਭ ਦਿੱਤੀ ਹੈ।ਜਾਣਕਾਰੀ ਅਨੁਸਾਰ ਜ਼ਿਲ੍ਹਾ ਫਿਰੋਜ਼ਪੁਰ ਨਾਲ ਸਬੰਧਤ ਵਿਦਿਆਰਥਣ ਅਮਨਦੀਪ ਕੌਰ (22 ਸਾਲ) ਯਾਦਵਿੰਦਰਾ ਕਾਲਜ ਵਿੱਚ ਬੀਐੱਸਸੀ ਨਾਨ-ਮੈਡੀਕਲ ਦੇ ਅਖ਼ੀਰਲੇ ਸਾਲ ਦੀ ਵਿਦਿਆਰਥਣ ਸੀ, ਜੋ ਕੈਂਪਸ ਦੇ ਬਾਬਾ ਅਜੀਤ ਸਿੰਘ ਹੰਸਾਲੀ ਵਾਲੇ ਹੋਸਟਲ ਵਿੱਚ ਰਹਿ ਰਹੀ ਸੀ।ਬੀਤੀ ਰਾਤ ਉਹ ਆਪਣੇ ਕਮਰੇ ਵਿੱਚ ਬੇਹੋਸ਼ੀ ਦੀ ਹਾਲਤ ਵਿੱਚ ਮਿਲੀ, ਜਿਸ ਨੂੰ ਹੋਸਟਲ ਪ੍ਰਬੰਧਕਾਂ ਨੇ ਪਹਿਲਾਂ ਤਲਵੰਡੀ ਸਥਾਨਕ ਸਿਵਲ ਹਸਪਤਾਲ ਲਿਆਂਦਾ, ਪਰ ਲੜਕੀ ਦੀ ਹਾਲਤ ਗੰਭੀਰ ਹੋਣ ਕਰਕੇ ਉਸ ਨੂੰ ਬਠਿੰਡਾ ਦੇ ਏਮਜ਼ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਡਾਕਟਰਾਂ ਵਿਦਿਆਰਥਣ ਅਮਨਦੀਪ ਕੌਰ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।ਯੂਨੀਵਰਸਿਟੀ ਕੈਂਪਸ ਪ੍ਰਬੰਧਕਾਂ ਨੇ ਦੱਸਿਆ ਕਿ ਵਿਦਿਆਰਥਣ ਦੀ ਮੌਤ ਦੇ ਕਾਰਨਾਂ ਦਾ ਅਜੇ ਕੁੱਝ ਵੀ ਪਤਾ ਨਹੀਂ ਲੱਗ ਸਕਿਆ।ਉਹ ਪੜ੍ਹਾਈ ਵਿੱਚ ਵੀ ਚੰਗੀ ਸੀ ਤੇ ਗਰੀਬ ਪਰਵਾਰ ਨਾਲ ਸਬੰਧਤ ਸੀ।ਕੈਂਪਸ ਡਾਇਰੈਕਟਰ ਡਾ. ਅਮਨਦੀਪ ਨੇ ਦੱਸਿਆ ਕਿ ਸੋਗ ਵਜੋਂ ਅੱਜ ਕੈਂਪਸ ਵਿੱਚ ਛੁੱਟੀ ਕਰ ਦਿੱਤੀ ਗਈ ਹੈ।ਉਨ੍ਹਾਂ ਲੜਕੀ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਪੀੜਤ ਮਾਪਿਆਂ ਨਾਲ ਦੁੱਖ ਪ੍ਰਗਟਾਇਆ। ਦੂਜੇ ਪਾਸੇ ਥਾਣਾ ਤਲਵੰਡੀ ਸਾਬੋ ਮੁਖੀ ਨੇ ਦੱਸਿਆ ਕਿ ਮ੍ਰਿਤਕ ਲੜਕੀ ਦੇ ਪਿਤਾ ਨੇ ਦਰਜ ਕਰਵਾਏ ਬਿਆਨਾਂ ਵਿੱਚ ਕਿਹਾ ਕਿ ਉਨ੍ਹਾਂ ਦੀ ਲੜਕੀ ਪਿਛਲੇ ਕੁੱਝ ਦਿਨਾਂ ਤੋਂ ਬੀਮਾਰ ਸੀ, ਜੋ ਦਵਾਈ ਲੈਣ ਦੌਰਾਨ ਕੋਈ ਜ਼ਹਿਰੀਲੀ ਵਸਤੂ ਗਲਤੀ ਨਾਲ ਨਿਗਲ ਗਈ।ਉਨ੍ਹਾਂ ਨੂੰ ਕਿਸੇ 'ਤੇ ਵੀ ਕੋਈ ਸ਼ੱਕ ਨਹੀਂ ਹੈ।ਤਲਵੰਡੀ ਸਾਬੋ ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਪਬਲਿਕ ਕਾਲਜ ਵਿਖੇ ਜ਼ਿਲ੍ਹਾ ਪੱਧਰੀ ਮੈਗਾ ਈਵੈਂਟ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪਬਲਿਕ ਕਾਲਜ ਸਮਾਣਾ ਦੇ ਰੈੱਡ ਰਿਬਨ ਕਲੱਬ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹਾਦਤ ਨੂੰ ਸਮਰਪਤ ਇੱਕ ਜ਼ਿਲ੍ਹਾ ਪੱਧਰੀ ਮੈਗਾ ਈਵੈਂਟ ਕੰਡਕਟ ਕਰਵਾਇਆ ਗਿਆ।ਇਸ ਮੈਗਾ ਈਵੈਂਟ ਵਿੱਚ ਸਵੈ-ਇੱਛਕ ਖ਼ੂਨਦਾਨ ਕੈਂਪ ਤੋਂ ਇਲਾਵਾ ਜ਼ਿਲ੍ਹਾ ਪਟਿਆਲਾ ਦੇ ਸਮੂਹ ਰੈੱਡ ਰਿਬਨ ਕਲੱਬਾਂ ਦਾ ਸੈਮੀਨਾਰ, ਸਲੋਗਨ ਲੇਖਣ ਤੇ ਪੋਸਟਰ ਮੇਕਿੰਗ ਮੁਕਾਬਲੇ, ਰੈੱਡ ਰਿਬਨ ਹਿਊਮਨ ਚੇਨ ਆਦਿ ਆਯੋਜਿਤ ਈਵੈਂਟ ਕਰਵਾਏ ਗਏ।ਇਸ ਮੈਗਾ ਈਵੈਂਟ ਵਿੱਚ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਕਾਲਜਾਂ ਦੇ ਰੈੱਡ ਰਿਬਨ ਕਲੱਬਾਂ ਦੇ ਨੋਡਲ ਅਫਸਰ ਤੇ ਵਿਦਿਆਰਥੀ ਸ਼ਾਮਲ ਹੋਏ।ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ ਡਾ. ਮਲਕੀਤ ਸਿੰਘ ਨੇ ਇਸ ਪ੍ਰੋਗਰਾਮ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ।ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਇਸ ਪ੍ਰੋਗਰਾਮ ਵਿੱਚ ਬਾਹਰ ਤੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ।ਮੁੱਖ ਮਹਿਮਾਨ ਡਾ. ਮਲਕੀਤ ਸਿੰਘ ਨੇ ਸਵੈ-ਇੱਛੁਕ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਖ਼ੂਨ ਦਾਨ ਕਰਨ ਲਈ ਉਤਸ਼ਾਹਤ ਕੀਤਾ।ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਵਿਦਿਆਰਥੀਆਂ ਨੂੰ ਖ਼ੂਨਦਾਨ ਦੀ ਮਹੱਤਤਾ ਦੱਸਦੇ ਹੋਏ ਕਿਹਾ ਕਿ ਖ਼ੂਨਦਾਨ ਇੱਕ ਮਹਾਂਦਾਨ ਹੈ।ਕਾਲਜ ਦੇ ਰੈੱਡ ਰਿਬਨ ਕਲੱਬ ਦੇ ਨੋਡਲ ਅਫਸਰ ਡਾ. ਹਰਕੀਰਤਨ ਕੌਰ ਨੇ ਮੁੱਖ ਮਹਿਮਾਨ, ਦੂਜੇ ਕਾਲਜਾਂ ਦੇ ਨੋਡਲ ਅਫਸਰਜ਼ ਤੇ ਸਾਰੇ ਵਿਦਿਆਰਥੀਆਂ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਅੱਜ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਤੇ ਐੱਚ ਆਈ ਵੀ ਵਰਗੇ ਕੋਹੜਾਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ।ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਪ੍ਰਤੀ ਜਾਗਰੂਕ ਰਹਿਣ ਦੀ ਅਪੀਲ ਕੀਤੀ।ਡਾ. ਮਲਕੀਤ ਸਿੰਘ ਨੇ ਵਿਦਿਆਰਥੀਆਂ ਨੂੰ ਐੱਚ ਆਈ ਵੀ/ਏਡਜ਼ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਤੇ ਨਾਲ ਹੀ ਇਸ ਤੋਂ ਬਚਾਅ ਰੱਖਣ ਦੀ ਹਦਾਇਤ ਵੀ ਕੀਤੀ।

ਉਪਰੰਤ ਕਾਲਜ ਦੇ ਸੈਮੀਨਾਰ ਹਾਲ ਵਿੱਚ ਮੁਕਾਬਲੇ ਕਰਵਾਏ ਗਏ ਤੇ ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।ਅੰਤ ਵਿੱਚ ਪਬਲਿਕ ਕਾਲਜ ਆਫ ਐਜੂਕੇਸ਼ਨ ਸਮਾਣਾ ਦੇ ਰੈੱਡ ਰਿਬਨ ਕਲੱਬ ਦੇ ਨੋਡਲ ਅਫਸਰ ਪ੍ਰੋ. ਹਰਪ੍ਰੀਤ ਕੌਰ ਨੇ ਬਾਹਰੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

# ਤਿਉਹਾਰਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਸ਼ਹਿਰ 'ਚ ਸੁਰੱਖਿਆ ਸਖ਼ਤ ਪ੍ਰਬੰਧ : ਥਾਣਾ ਮੁਖੀ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**-ਤਿਉਹਾਰਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਸ਼ਹਿਰ ਵਿੱਚ ਪੂਰੀ ਤਿਆਰੀ ਨਾਲ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ।ਪੁਲਸ ਨੇ ਭੀੜ ਵਾਲੇ ਇਲਾਕਿਆਂ, ਧਾਰਮਿਕ ਸਥਾਨਾਂ ਤੇ ਬਾਜ਼ਾਰਾਂ ਵਿੱਚ ਵਾਧੂ ਨਾਕੇ ਤੇ ਗਸ਼ਤ ਟੀਮਾਂ ਤਾਇਨਾਤ ਕੀਤੀਆਂ ਹਨ।ਸੀ ਸੀ ਟੀ ਵੀ ਕੈਮਰਿਆਂ ਰਾਹੀਂ ਨਿਗਰਾਨੀ ਵਧਾਈ ਗਈ ਹੈ ਤੇ ਸ਼ੰਕਾਗ੍ਰਸਤ ਗਤੀਵਿਧੀਆਂ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫ਼ਸਰ ਪੂਰਨ ਸਿੰਘ ਧਾਲੀਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਵੀ ਸਾਵਧਾਨ ਰਹਿਣ ਤੇ ਕਿਸੇ ਵੀ ਸ਼ੱਕੀ ਚੀਜ਼ ਜਾਂ ਵਿਅਕਤੀ ਦੀ ਤੁਰੰਤ ਜਾਣਕਾਰੀ ਪੁਲਸ ਨੂੰ ਦੇਣ ਦੀ ਅਪੀਲ ਕੀਤੀ ਗਈ ਹੈ, ਤਾਂ ਜੋ ਤਿਉਹਾਰਾਂ ਨੂੰ ਸ਼ਾਂਤੀਪੂਰਨ ਤੇ ਖੁਸ਼ਹਾਲ ਢੰਗ ਨਾਲ ਮਨਾਇਆ ਜਾ ਸਕੇ।

# ਪੌੜ ਗੋਤ ਦੇ ਜਠੇਰਿਆਂ ਦਾ ਮੇਲਾ 21 ਨੂੰ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਹਿੰਦ ਨਹਿਰ ਦੇ ਕਿਨਾਰੇ ਵਸਦੇ ਪਿੰਡ ਕੀੜੀ ਅਫ਼ਗਾਨਾ ਵਿਖੇ ਪੌੜ ਗੋਤ ਦੇ ਜਠੇਰਿਆਂ ਦਾ ਸਾਲਾਨਾ ਮੇਲਾ 21 ਅਕਤੂਬਰ ਨੂੰ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਚੇਅਰਮੈਨ ਬਿਸ਼ਨ ਦਾਸ ਮਜਾਰੀ, ਮੁੱਖ ਸੇਵਾਦਾਰ ਬਾਬਾ ਨਿਰਮਲ ਸਿੰਘ, ਧਿਆਨ ਸਿੰਘ ਮੋਜੂ ਮਜਾਰਾ, ਸੁਰਿੰਦਰ ਕੌਰ ਮਜਾਰੀ, ਡਾਇਰੈਕਟਰ ਗੁਰਮੁਖ ਦੀਪ, ਸੰਦੇਸ਼ ਰਾਜ ਭਰਥਲਾ, ਮੇਜਰ ਰਾਮ ਚੰਦਿਆਨੀ, ਧਰਮਪਾਲ ਚੱਕੀ, ਮਾਸਟਰ ਰਾਮ ਲਾਲ, ਮੇਜਰ ਰਾਮ, ਬੱਗਾ ਸਿੰਘ, ਮਾਸਟਰ ਤੇਲੂ ਰਾਮ, ਸ਼ਿੰਗਾਰਾ ਸਿੰਘ ਤੇ ਸੁਖਵੀਰ ਸਿੰਘ ਨੇ ਦੱਸਿਆ ਕਿ 20 ਅਕਤੂਬਰ ਨੂੰ ਸਵੇਰੇ 10 ਵਜੇ ਪਿੱਤਰ ਪੂਜਾ ਕੀਤੀ ਜਾਵੇਗੀ ਤੇ 21 ਅਕਤੂਬਰ ਨੂੰ ਸਵੇਰੇ 10 ਵਜੇ ਝੰਡਾ ਚੜ੍ਹਾਉਣ ਦੀ ਰਸਮ ਹੋਵੇਗੀ। ਇਸ ਤੋਂ ਇਲਾਵਾ ਸਵੇਰੇ 11 ਵਜੇ ਤੋਂ ਸ਼ਾਮ ਤੱਕ ਪ੍ਰਸਿੱਧ ਗਾਇਕਾ ਸਰਬਜੀਤ ਮੱਟੂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਮਹਿਮਾ ਦਾ ਗੁਣਗਾਣ ਕਰਨਗੇ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵਰਤਾਏ ਜਾਣਗੇ।

# ਸਹਾਇਕ ਸਿਵਲ ਸਰਜਨ ਖ਼ਿਲਾਫ਼ ਰੋਸ ਪ੍ਰਦਰਸ਼ਨ ਜਾਰੀ



**ਮਾਨਸਾ (ਆਤਮਾ ਸਿੰਘ ਪਮਾਰ)**-ਦਫਤਰ ਸਿਵਲ ਸਰਜਨ ਮਾਨਸਾ ਵਿਖੇ ਤਾਇਨਾਤ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ, ਮਾਨਸਾ ਦੇ ਖਿਲਾਫ ਚੱਲ ਰਿਹਾ ਇੱਕ ਘੰਟੇ ਦਾ ਰੋਸ ਧਰਨਾ ਦੂਜੇ ਦਿਨ ਵੀ ਜਾਰੀ ਰਿਹਾ।ਸਮੂਹ ਸਟਾਫ ਦਫਤਰ ਸਿਵਲ ਸਰਜਨ, ਮਾਨਸਾ ਵੱਲੋਂ ਲਗਾਏ ਜਾ ਰਹੇ ਰੋਸ ਧਰਨੇ ਨੂੰ ਪੈਨਸ਼ਨਰ ਐਸੋਸੀਏਸ਼ਨ ਮਾਨਸਾ ਦਾ ਵੀ ਸਮਰਥਨ ਮਿਲਿਆ।ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਸਿਕੰਦਰ ਸਿੰਘ ਘਰਾਂਗਣਾ ਪ੍ਰਧਾਨ ਨੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ ਮਾਨਸਾ ਲੰਬੇ ਸਮੇਂ ਤੋਂ ਦਫਤਰੀ ਸਟਾਫ ਨਾਲ ਦੁਰਵਿਹਾਰ ਕਰਦੇ ਆ ਰਹੇ ਹਨ ਅਤੇ ਦਫਤਰੀ ਕੰਮਾਂ ਵਿੱਚ ਬੇਲੋੜੇ ਇਤਰਾਜ਼ ਲਗਾਏ ਜਾਂਦੇ ਹਨ, ਜਿਵੇਂਕਿ ਆਮ ਪਬਲਿਕ ਦੇ ਕੰਮ ਜਿਵੇਂ ਕਿ ਕਰੋਨਿਕ ਡਜੀਜ਼ ਸਰਟੀਫਕੇਟ ਅਪੰਗਤਾ ਸਰਟੀਫਿਕੇਟ ਤੇ ਦਫਤਰੀ ਕੰਮਾਂ ਦਾ ਨਿਪਟਾਰਾ ਵੀ ਸਮੇਂ ਸਿਰ ਨਹੀਂ ਕੀਤਾ ਜਾ ਰਿਹਾ, ਜਿਸ ਨਾਲ ਆਮ ਲੋਕ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਲਾਭ ਪ੍ਰਾਪਤ ਨਹੀਂ ਕਰ ਪਾ ਰਹੇ ਹਨ।ਇਸ ਅਧਿਕਾਰੀ ਦੇ ਮਾੜੇ ਰਵੱਈਏ ਤੇ ਕੰਮ ਨਾ ਕਰਨ ਕਰਕੇ ਵੱਖ ਵੱਖ ਵਿਭਾਗ ਦੇ ਰਿਟਾਇਰੀ ਤੇ ਮੌਜੂਦਾ ਅਧਿਕਾਰੀਆਂ/ ਕਰਮਚਾਰੀਆਂ ਦੇ ਮੈਡੀਕਲ ਰੀਬਰਸਮੈਂਟ ਬਿਲ ਵੱਡੀ ਮਾਤਰਾ ਵਿੱਚ ਪੈਂਡਿਗ ਹੋ ਚੁੱਕੇ ਹਨ, ਜਿਸ ਨਾਲ ਖਾਸ ਤੌਰ 'ਤੇ ਰਿਟਾਇਰੀ ਕਰਮਚਾਰੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਪ੍ਰਤਾਪ ਸਿੰਘ ਪ੍ਰਧਾਨ ਪੀ ਐੱਸ ਐੱਮ ਐੱਸ ਯੂਨੀਅਨ ਨੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦੋਂ ਤੱਕ ਇਹ ਅਧਿਕਾਰੀ ਆਪਣਾ ਅੜੀਅਲ ਵਤੀਰਾ ਨਹੀਂ ਛੱਡਦਾ, ਉਦੋਂ ਤੱਕ ਇੱਕ ਘੰਟੇ ਦੇ ਰੋਸ ਧਰਨੇ ਬਾਅਦ ਹੋਰ ਵੀ ਵੱਡਾ ਐਕਸ਼ਨ ਉਲੀਕਿਆ ਜਾਵੇਗਾ।ਇਸ ਰੋਸ ਧਰਨੇ ਵਿੱਚ ਕੰਵਰਜੀਤ ਸਿੰਘ ਸੁਪਰਡੈਂਟ, ਅਵਤਾਰ ਸਿੰਘ ਡੀ.ਪੀ.ਐੱਮ., ਜਗਦੇਵ ਸਿੰਘ ਕੰਮਿਊਨਟੀ ਮੋਬਲਾਈਜ਼ਰ, ਸੰਤੋਸ਼ ਭਾਰਤੀ ਜ਼ਿਲ੍ਹਾ ਐਪੀਡੀਮਾਲੋਜਿਸਟ, ਸੰਦੀਪ ਸਿੰਘ ਤੇ ਸ੍ਰੀਮਤੀ ਗੀਤਾ ਗੁਪਤਾ ਸੀਨੀਅਰ ਸਹਾਇਕ, ਲਵਲੀ ਗੋਇਲ ਜ਼ਿਲ੍ਹਾ ਅਕਾਊਂਟ ਅਫਸਰ, ਜਸਪ੍ਰੀਤ ਕੌਰ ਸਟੈਨੋ, ਗਗਨਦੀਪ ਸਿੰਘ, ਅਮਨਦੀਪ ਸਿੰਘ, ਚੰਦਰ ਸ਼ੇਖਰ, ਲਲਿਤ ਕੁਮਾਰ, ਸ਼ੈਲੀ ਰਾਣੀ, ਸੁਨੀਤਾ ਰਾਣੀ ਜੂਨੀਅਰ ਸਹਾਇਕ, ਸ੍ਰੀਮਤੀ ਰੇਨੂੰ, ਦੀਪ ਸ਼ਿਖਾ, ਸਰਨਜੀਤ ਕੌਰ, ਮੀਨਾਕਸ਼ੀ ਰੋਬਿਨ, ਹੈਰੀ, ਰਾਮ ਕੁਮਾਰ, ਬਲਜੀਤ ਸਿੰਘ ਤੇ ਗੋਰਾ ਲਾਲ ਰਿਟਾ. ਚੀਫ ਫਾਰਮਾਸਿਸਟ ਆਦਿ ਹਾਜ਼ਰ ਸਨ।

# 22ਵਾਂ ਵਿਸ਼ਾਲ ਦੁਰਗਾ ਮਾਤਾ ਦਾ ਜਾਗਰਣ ਕਰਵਾਇਆ



**ਧੂਰੀ (ਮੋਹਿਤ ਗਰਗ, ਬਿਨੀ ਗਰਗ)**-ਪ੍ਰਾਚੀਨ ਮੰਦਰ ਸ੍ਰੀ ਮਨਸਾ ਦੇਵੀ ਕਮੇਟੀ ਪਲਾਸੌਰ ਵੱਲੋਂ ਪ੍ਰਾਚੀਨ ਮੰਦਰ ਸ੍ਰੀ ਮਨਸਾ ਦੇਵੀ ਵਿਖੇ 22ਵਾਂ ਵਿਸ਼ਾਲ ਦੁਰਗਾ ਮਾਤਾ ਦਾ ਜਾਗਰਣ ਕਰਵਾਇਆ ਗਿਆ। [illegible]

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪੈਨਸ਼ਨ ਤੇ ਮੈਡੀਕਲ ਦੇ ਚੈੱਕ ਵੰਡੇ ਗਏ



**ਸੰਗਰੂਰ (ਪ੍ਰਵੀਨ ਸਿੰਘ)**-ਡਾ. (ਪ੍ਰੋ) ਐਸ.ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਅਤੇ ਮੈਡੀਕਲ ਸਹਾਇਤਾ ਦੇ ਚੈਕ ਵੀ ਦਿੱਤੇ ਗਏ।ਜ਼ਿਲ੍ਹਾ ਸੰਗਰੂਰ ਦੇ ਪਿੰਡ ਖੇੜੀ ਜੱਟਾਂ ਵਿਖੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਨਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 1 ਸਤੰਬਰ 2015 ਤੋਂ ਕੰਪਿਊਟਰ ਸੈਂਟਰ ਚੱਲ ਰਿਹਾ। ਪਿੰਡ ਖੇੜੀ ਜੱਟਾਂ ਵਿਖੇ ਨੇੜੇ ਦੇ 7-8 ਪਿੰਡਾਂ ਦੇ ਮੁੰਡੇ ਅਤੇ ਕੁੜੀਆਂ ਇਸ ਕੰਪਿਊਟਰ ਸੈਂਟਰ ਦਾ ਲਗਾਤਾਰ ਲਾਹਾ ਲੈ ਕੇ ਰੁਜ਼ਗਾਰ ਦੇ ਯੋਗ ਹੋ ਰਹੇ ਹਨ। ਇਸ ਸਮੇਂ ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਨੇ ਦੱਸਿਆ ਕਿ ਡਾ. (ਪ੍ਰੋ) ਐਸ.ਪੀ. ਸਿੰਘ ਓਬਰਾਏ ਕਿਸੇ ਤੋਂ ਆਰਥਕ ਮਦਦ ਲਏ ਬਿਨਾਂ ਆਪਣੇ ਸੋਮੇ ਸਾਧਨਾਂ ਵਿੱਚੋਂ 98 ਪ੍ਰਤੀਸ਼ਤ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਆ ਰਹੇ ਹਨ। ਇਸ ਸਮੇਂ ਹੋਰਨਾਂ ਤੋਂ ਇਲਾਵਾ ਫਤਿਹ ਪ੍ਰਭਾਕਰ, ਸਤਨਾਮ ਸਿੰਘ ਦਮਦਮੀ, ਸੁਖਵਿੰਦਰ ਸ਼ਰਮਾ ਤੇ ਕੁਲਵੰਤ ਬਾਜਵਾ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।

# ਹੰਭਲਾ ਫਾਊਂਡੇਸ਼ਨ ਨੇ ਫਿਰ ਕੀਤੀ ਲੋੜਵੰਦਾਂ ਦੀ ਮਦਦ, ਐੱਨ ਆਰ ਆਈ ਭਰਾਵਾਂ ਵੱਲੋਂ ਭੇਜੀ ਧਨ-ਰਾਸ਼ੀ ਵੰਡੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਹੜ੍ਹ ਪੀੜਤਾਂ ਦੀ ਮਦਦ ਲਈ ਮੁੜ ਵਸੇਬਾ ਕੈਂਪ ਲਗਾ ਕੇ ਬੈਠੀ ਹੰਭਲਾ ਫਾਊਂਡੇਸ਼ਨ ਪੰਜਾਬ ਵੱਲੋਂ ਫਿਰ ਐੱਨ ਆਰ ਆਈ ਭਰਾਵਾਂ ਦੀ ਸਹਾਇਤਾ ਨਾਲ ਲੋੜਵੰਦਾਂ ਨੂੰ ਧਨ ਰਾਸ਼ੀ ਵੰਡੀ ਹੈ। ਪ੍ਰਧਾਨ ਡਾਕਟਰ ਸੁਰਜੀਤ ਸਿੰਘ ਸਿੱਧੂ, ਇੰਦਰਜੀਤ ਨਿੱਕੂ, ਗਾਮਾ ਸਿੱਧੂ, ਜਗਦੀਪ ਵੜਿੰਗ, ਪੀਕੇ ਤਰਲੋਚਨ ਮੁਸਾਫ਼ਿਰ, ਕੰਵਲਜੀਤ ਕੌਰ, ਰਿਸ਼ੀ ਰਾਹੀ, ਗੁਰਪ੍ਰੀਤ ਭੰਬਾ ਲੰਡਾ, ਅਮਰੀਕ ਸੰਧੂ ਆਦਿ ਨੇ ਸਾਂਝੇ ਰੂਪ ਵਿਚ ਕਿਹਾ ਕਿ ਉਨ੍ਹਾਂ ਭਰਾਵਾਂ ਅਤੇ ਸੰਸਥਾਵਾਂ ਦਾ ਧੰਨਵਾਦ ਜਿਹੜੇ ਹੜ੍ਹਾਂ ਦਾ ਪਾਣੀ ਉਤਰਨ ਤੋਂ ਬਾਅਦ ਪੀੜ੍ਹਤਾਂ ਦੇ ਮੁੜ ਵਸੇਬੇ ਲਈ ਆਣ ਖੜੇ ਹਨ। ਉਨ੍ਹਾਂ ਕਿਹਾ ਕਿ ਅੱਜ ਫਿਰ ਆਸਟਰੇਲੀਆ ਦੇ ਸਿਡਨੀ ਸ਼ਹਿਰ ਤੋਂ ਨਿਰਮਲ ਸਿੰਘ ਬੱਬੂ ਬਰਾੜ, ਸੁਖਜੀਤ ਸਿੰਘ, ਗੁਰਭੇਜ ਸਿੰਘ ਸੰਧੂ, ਅੰਮ੍ਰਿਤਪਾਲ ਸਿੰਘ ਵਿਰਕ, ਸਵਰਨਜੀਤ ਸਿੰਘ ਸ਼ਵੀ, ਵਰਿੰਦਰ ਸਿੰਘ ਵਿਰਕ, ਮਨਿੰਦਰ ਸਿੰਘ ਸੇਖੋਂ, ਬਾਬਾ ਮਨਜੀਤ ਸਿੰਘ, ਮਨਿੰਦਰ ਸਿੰਘ ਗੋਰਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਹੰਭਲਾ ਫਾਊਂਡੇਸ਼ਨ ਨੂੰ ਭੇਜੇ ਗਏ ਰੁਪਈਆਂ ਵਿਚੋਂ ਪਿੰਡ ਝੁੱਗੇ ਛੀਨਿਆਂ ਵਾਲੇ ਦੇ ਗੁਰਦੁਆਰਾ ਸਾਹਿਬ ਦੀ ਪਾਣੀਆਂ ਵਿਚ ਡਿੱਗੀ ਦੀਵਾਰ ਵਾਸਤੇ 20 ਹਜ਼ਾਰ ਰੁਪਏ, ਪਿੰਡ ਗੱਟੀ ਰਾਜੋ ਕੇ ਗਰੀਬ ਪਰਵਾਰ ਦੇ ਜਸਵੰਤ ਸਿੰਘ ਲੜਕੇ ਰੋਹਿਤ ਦੇ ਇਲਾਜ ਵਾਸਤੇ 20 ਹਜ਼ਾਰ ਰੁਪਏ ਅਤੇ ਪਿੰਡ ਚੂਹੜੀ ਵਾਲਾ ਕੋਲ ਟੁੱਟੇ ਬੰਨ੍ਹ ਨੂੰ ਬੰਨ੍ਹਣ ਵਾਸਤੇ ਵੀ 20 ਹਜ਼ਾਰ ਦੀ ਸੇਵਾ ਪਾਈ ਗਈ। ਹੰਭਲਾ ਫਾਊਂਡੇਸ਼ਨ ਦੇ ਪ੍ਰਬੰਧਕਾਂ ਵੱਲੋਂ ਸਮੂਹ ਐੱਨ ਆਰ ਆਈ ਭਰਾਵਾਂ ਅਤੇ ਸੰਸਥਾਵਾਂ ਦਾ ਇਸ ਉਪਰਾਲੇ ਵਾਸਤੇ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਜੀਵਨਜੀਤ ਸਿੰਘ ਟੋਨੀ, ਅਸ਼ੋਕ ਕੁਮਾਰ, ਫ਼ੈਜ਼ਾਨ ਅਲੀ, ਪਰਮਿੰਦਰ ਸਿੰਘ, ਪਰਮਜੀਤ ਪੰਮਾ, ਰਾਣਾ ਵੜਵਾਲ, ਲਵਿਸ਼, ਬੱਬੂ, ਸੋਨਾ ਸਿੰਘ ਆਦਿ ਹਾਜ਼ਰ ਸਨ।

# 5 ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਬੂੰਦਾਂ ਜ਼ਰੂਰ ਪਿਲਾਓ : ਪ੍ਰਕਾਸ਼ ਰਾਜਪੂਤ



**ਕੋਟ ਈਸੇ ਖਾਂ (ਅਰੋੜਾ)**-ਜ਼ੀਰੋ ਤੋਂ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਜ਼ਰੂਰ ਪਿਲਾਉਣੀਆਂ ਚਾਹੀਦੀਆਂ ਹਨ ਤਾਂ ਜੋ ਬੱਚਿਆਂ ਨੂੰ ਪੋਲਿਓ ਵਰਗੀ ਕੋਈ ਬਿਮਾਰੀ ਨਾ ਲੱਗ ਸਕੇ ਅਤੇ ਇਸ ਲਈ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਪ੍ਰਕਾਸ਼ ਸਿੰਘ ਰਾਜਪੂਤ ਨੇ ਕੋਟ ਈਸੇ ਖਾਂ ਵਿਖੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਬੱਚਿਆਂ ਨੂੰ ਪਿਲਾਈਆਂ ਜਾ ਰਹੀਆਂ ਬੂੰਦਾਂ ਪਿਲਾਉਣ ਮੌਕੇ ਕੀਤਾ।ਉਨ੍ਹਾ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਜ਼ੀਰੋ ਤੋਂ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਜ਼ਰੂਰ ਪੋਲਿਓ ਰੋਕੂ ਬੂੰਦਾਂ ਪਿਲਾਉਣ।ਜ਼ਿਕਰਯੋਗ ਹੈ ਕਿ ਸਿਵਲ ਸਰਜਨ ਮੋਗਾ ਜੀ ਦੇ ਹੁਕਮਾਂ ਤੇ ਸੀਨੀਅਰ ਮੈਡੀਕਲ ਅਫਸਰ ਡਾ. ਰਿਪੁਦਮਨ ਕੌਰ ਕੋਟ ਈਸੇ ਖਾਂ ਦੇ ਨਿਰਦੇਸ਼ ਹੇਠ ਪਲਸ ਪੋਲੀਓ ਮੁਹਿੰਮ ਤਹਿਤ ਕੋਟ ਈਸੇ ਖਾਂ ਵਿਖੇ ਜ਼ੀਰੋ ਤੋਂ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਪਿਲਾਈਆ ਜਾ ਰਹੀਆਂ ਹਨ।ਇਸ ਮੌਕੇ ਸਿਹਤ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ।

# ਗਲੋਬਲ ਸਕੂਲ ਦੇ ਵਿਦਿਆਰਥੀਆਂ ਵੱਲੋਂ ਆਨੰਦਪੁਰ ਸਾਹਿਬ ਦਾ ਦੌਰਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ ਬੀ ਐੱਸ ਈ ਤੋਂ ਮਾਨਤਾ ਪ੍ਰਾਪਤ ਸਰਾਫ਼ ਐਜੂਬੀਕਨਜ਼ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਪਹਿਲੀ ਤੋਂ ਚੌਥੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਦਿਨ ਦੇ ਵਿੱਦਿਅਕ ਤੇ ਮਨੋਰੰਜਨ ਦੌਰੇ 'ਤੇ ਸ੍ਰੀ ਆਨੰਦਪੁਰ ਸਾਹਿਬ ਦਾ ਦੌਰਾ ਕੀਤਾ।ਬੱਚਿਆਂ ਨੇ ?ਤਖਤ ਸ੍ਰੀ ਗੁਰਦੁਆਰਾ ਕੇਸਗੜ੍ਹ ਸਾਹਿਬ, ਵਿਰਾਸਤ-ਏ-ਖਾਲਸਾ ਅਜਾਇਬ ਘਰ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਦੇ ਧਾਰਮਿਕ ਤੇ ਇਤਿਹਾਸਕ ਮਹੱਤਵ ਨੂੰ ਸਮਝਿਆ। ਅਧਿਆਪਕਾਂ ਨੇ ਯਾਤਰਾ ਦੌਰਾਨ ਕਈ ਤਰ੍ਹਾਂ ਦੀਆਂ ਰਚਨਾਤਮਕ ਗਤੀਵਿਧੀਆਂ ਦਾ ਆਯੋਜਨ ਕੀਤਾ, ਜਿਸ ਨਾਲ ਬੱਚਿਆਂ ਦੇ ਉਤਸ਼ਾਹ ਤੇ ਗਿਆਨ ਵਿੱਚ ਵਾਧਾ ਹੋਇਆ।ਟੂਰ ਦੌਰਾਨ ਵਿਦਿਆਰਥੀਆਂ ਦੀ ਸੁਰੱਖਿਆ, ਸਫਾਈ ਤੇ ਭੋਜਨ ਦਾ ਪੂਰਾ ਧਿਆਨ ਰੱਖਿਆ ਗਿਆ।ਬੱਚੇ ਬਹੁਤ ਖੁਸ਼ ਤੇ ਉਤਸ਼ਾਹਤ ਦਿਖਾਈ ਦਿੱਤੇ।ਸਕੂਲ ਦੇ ਚੇਅਰਮੈਨ ਇੰਜ. ਕਮਲੇਸ਼ ਸਰਾਫ ਨੇ ਕਿਹਾ ਕਿ ਸ੍ਰੀ ਆਨੰਦਪੁਰ ਸਾਹਿਬ ਦਾ ਇਹ ਵਿੱਦਿਅਕ ਦੌਰਾ ਵਿਦਿਆਰਥੀਆਂ ਲਈ ਨਾ ਸਿਰਫ਼ ਇੱਕ ਮਨੋਰੰਜਕ ਅਨੁਭਵ ਸੀ, ਸਗੋਂ ਉਨ੍ਹਾਂ ਨੂੰ ਇਤਿਹਾਸ, ਸੱਭਿਆਚਾਰ ਤੇ ਆਧਿਆਤਮਿਕਤਾ ਨਾਲ ਜੋੜਨ ਦਾ ਇਕ ਪ੍ਰੇਰਣਾਦਾਇਕ ਮੌਕਾ ਵੀ ਹੈ।

# ਜੇਤੂ ਵਿਦਿਆਰਥੀਆਂ ਦਾ ਕਾਲਜ ਪਹੁੰਚਣ 'ਤੇ ਕੀਤਾ ਸਨਮਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਗੁਰਵੀਨ ਕੌਰ ਤੇ ਸਟਾਫ ਵੱਲੋਂ ਰਾਸ਼ਟਰੀ ਤੇ ਜ਼ਿਲ੍ਹਾ ਪੱਧਰੀ ਵੱਖ-ਵੱਖ ਮੁਕਾਬਲਿਆਂ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਪ੍ਰੋਗਰਾਮ ਅਫਸਰ ਪ੍ਰੋਫੈਸਰ ਹਰਮੀਤ ਸਿੰਘ ਨੇ ਦੱਸਿਆ ਕਿ ਐੱਨ ਐੱਸ ਐੱਸ ਵਲੰਟੀਅਰ ਅਜੇ ਸਿੰਘ ਨੇ ਨੈਸ਼ਨਲ ਇੰਟੀਗ੍ਰੇਸ਼ਨ ਕੈਂਪ ਵਿੱਚ ਪੰਜਾਬ ਦੀ ਟੀਮ ਨੂੰ ਰੀਪ੍ਰੇਜ਼ੈਂਟ ਕਰਦੇ ਹੋਏ ਗਰੁੱਪ ਡਾਂਸ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਇਹ ਕੈਂਪ 8 ਅਕਤੂਬਰ ਤੋਂ 14 ਅਕਤੂਬਰ 2025 ਤੱਕ ਚੌਧਰੀ ਚਰਨ ਸਿੰਘ ਐਗਰੀਕਲਚਰ ਯੂਨੀਵਰਸਿਟੀ ਹਿਸਾਰ ਵਿਖੇ ਲੱਗਿਆ ਸੀ।ਇਸ ਤੋਂ ਇਲਾਵਾ ਯੁਵਕ ਸੇਵਾਵਾਂ ਵਿਭਾਗ ਪਟਿਆਲਾ ਵੱਲੋਂ ਪਬਲਿਕ ਕਾਲਜ ਸਮਾਣਾ ਵਿਖੇ 14 ਅਕਤੂਬਰ ਨੂੰ ਕਰਵਾਏ ਗਏ ਰੈੱਡ ਰਿਬਨ ਕਲੱਬ ਦੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਕਾਲਜ ਦੀ ਵਿਦਿਆਰਥਣ ਸੁਮਨਪ੍ਰੀਤ ਕੌਰ ਨੇ ਪੋਸਟਰ ਲਿਖਣ ਮੁਕਾਬਲਿਆਂ ਵਿੱਚ ਤੀਸਰਾ ਸਥਾਨ, ਇਸ ਤੋਂ ਇਲਾਵਾ ਕੁਝ ਦਿਨ ਪਹਿਲਾਂ ਮੁਲਤਾਨੀ ਮੱਲ ਮੋਦੀ ਕਾਲਜ ਪਟਿਆਲਾ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਪੋਸਟਰ ਮੇਕਿੰਗ ਮੁਕਾਬਲਿਆਂ ਵਿੱਚ ਕਾਲਜ ਦੇ ਵਿਦਿਆਰਥੀ ਪਰਮਿੰਦਰ ਸਿੰਘ ਨੇ ਪਹਿਲਾ ਸਥਾਨ ਹਾਸਲ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ।ਕਾਲਜ ਪ੍ਰਿੰਸੀਪਲ ਤੇ ਸਟਾਫ ਵੱਲੋਂ ਵਿਦਿਆਰਥੀਆਂ ਨੂੰ ਸਨਮਾਨਤ ਕਰਨ ਸਮੇਂ ਪ੍ਰਿੰਸੀਪਲ ਨੇ ਕਿਹਾ ਕਿ ਸਹਿ-ਵਿੱਦਿਅਕ ਸਰਗਰਮੀਆਂ ਵਿਦਿਆਰਥੀਆਂ ਦੇ ਜੀਵਨ ਨੂੰ ਨਵੇਂ ਨਵੇਂ ਦਿਸਹੱਦੇ ਪ੍ਰਦਾਨ ਕਰਦੀਆਂ ਹਨ।ਵਿਦਿਆਰਥੀ ਤੇ ਇੰਚਾਰਜ ਅਧਿਆਪਕ ਸਾਹਿਬਾਨ ਵਧਾਈ ਦੇ ਪਾਤਰ ਹਨ।ਇਸ ਮੌਕੇ ਡਾ. ਜਸਵਿੰਦਰ ਸ਼ਰਮਾ, ਪ੍ਰੋਫੈਸਰ ਰਮਨਜੀਤ ਕੌਰ, ਪ੍ਰੋਗਰਾਮ ਅਫਸਰ ਜਗਦੀਸ਼ ਸਿੰਘ ਮੌਜੂਦ ਸਨ।

17-Oct Page 11-Majha-25-Final-25.qxd 10/16/2025 11:18 PM Page 1



# ਮੁੱਖ ਮੰਤਰੀ ਅੱਜ ਤਰਨ ਤਾਰਨ ਆਉਣਗੇ

## ਵਿਕਾਸ ਦੇ ਮੁੱਦੇ 'ਤੇ ਲੜਾਂਗੇ ਚੋਣ : ਲਾਲਜੀਤ ਸਿੰਘ ਭੁੱਲਰ

ਤਰਨਤਾਰਨ : ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਹਮੇਸ਼ਾ ਵਿਕਾਸ ਦੀ ਰਾਜਨੀਤੀ ਕਰਦੀ ਆਈ ਹੈ ਅਤੇ ਕੰਮਾਂ ਦੇ ਆਧਾਰ 'ਤੇ ਹੀ ਚੋਣਾਂ ਲੜਦੀ ਹੈ। ਵੀਰਵਾਰ ਨੂੰ ਆਪ ਆਗੂ ਡਾ. ਐਸ.ਐਸ ਆਹਲੂਵਾਲੀਆ ਨਾਲ ਤਰਨ ਤਾਰਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੰਤਰੀ ਭੁੱਲਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਹੁਣ ਤੱਕ ਇਕੱਲੇ ਤਰਨਤਾਰਨ ਹਲਕੇ ਨੂੰ 145 ਕਰੋੜ ਰੁਪਏ ਦੀਆਂ ਵਿਕਾਸ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ ਹਨ। ਵਿਰੋਧੀ ਪਾਰਟੀਆਂ 'ਤੇ ਹਮਲਾ ਬੋਲਦੇ ਹੋਏ ਭੁੱਲਰ ਨੇ ਕਿਹਾ ਕਿ ਅਸੀਂ ਕੰਮ ਦੀ ਰਾਜਨੀਤੀ ਕਰਦੇ ਹਾਂ, ਜਦ ਕਿ ਵਿਰੋਧੀ ਸਿਰਫ਼ ਇੱਕ-ਦੂਜੇ ਨੂੰ ਭੰਡਣ ਦੀ ਰਾਜਨੀਤੀ ਕਰਦੇ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਵਿੱਚ 881 ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ, ਜਿੱਥੇ ਇਲਾਜ, ਦਵਾਈਆਂ ਅਤੇ ਟੈਸਟ ਮੁਫ਼ਤ ਹਨ। ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਤਹਿਤ ਹਰ ਪਰਿਵਾਰ ਨੂੰ 10 ਲੱਖ ਰੁਪਏ ਦਾ ਸਿਹਤ ਕਵਰ ਦਿੱਤਾ ਗਿਆ ਹੈ, ਜੋ ਕਿ ਇੱਕ ਸੁਰੱਖਿਆ ਕਵਚ ਵਾਂਗ ਹੈ। ਸੂਬੇ ਦੇ 90% ਘਰਾਂ ਦਾ ਬਿਜਲੀ ਬਿੱਲ ਜ਼ੀਰੋ ਆ ਰਿਹਾ ਹੈ ਅਤੇ ਕਿਸਾਨਾਂ ਨੂੰ ਖੇਤਾਂ ਲਈ ਦਿਨ ਵੇਲੇ ਨਿਰਵਿਘਨ ਬਿਜਲੀ ਸਪਲਾਈ ਦਿੱਤੀ ਜਾ ਰਹੀ ਹੈ।ਉਨ੍ਹਾਂ ਅੱਗੇ ਦੱਸਿਆ ਕਿ ਆਪ ਸਰਕਾਰ ਨੇ 56,000 ਤੋਂ ਵੱਧ ਨੌਜਵਾਨਾਂ ਨੂੰ ਮੈਰਿਟ



ਦੇ ਆਧਾਰ 'ਤੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਡੇਢ ਲੱਖ ਤੋਂ ਵੱਧ ਹੋਰ ਨੌਕਰੀਆਂ ਦੇਣ ਦੀ ਤਿਆਰੀ ਹੈ।

ਮੰਤਰੀ ਭੁੱਲਰ ਨੇ ਦੱਸਿਆ ਕਿ ਸ਼ੁਕਰਵਾਰ ਨੂੰ ਆਪ ਉਮੀਦਵਾਰ ਹਰਮੀਤ ਸਿੰਘ ਸੰਧੂ ਦਾ ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਰਨ ਤਾਰਨ ਆ ਰਹੇ ਹਨ। ਉਨ੍ਹਾਂ ਹਲਕੇ ਦੇ ਲੋਕਾਂ ਨੂੰ ਸਵੇਰੇ 10 ਵਜੇ ਬੋਹੜੀ ਵਾਲੇ ਚੌਂਕ ਤੋਂ ਸ਼ੁਰੂ ਹੋਣ ਵਾਲੇ ਰੋਡ ਸ਼ੋਅ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

## ਰਾਹੁਲ ਦੀ 'ਵੋਟ ਚੋਰੀ' ਮੁਹਿੰਮ ਨੂੰ ਭਰਵਾਂ ਹੁੰਗਾਰਾ : ਪੰਮਾ ਮਜੀਠਾ

ਮਜੀਠਾ : (ਸੋਇਮ ਆਨੰਦ) ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਸੀਨੀਅਰ ਕਾਂਗਰਸੀ ਆਗੂ ਰਾਹੁਲ ਗਾਂਧੀ ਦੀ ਅਗਵਾਈ ਹੇਠ ਕੇਂਦਰ ਦੀ ਮੋਦੀ ਸਰਕਾਰ ਦੇ ਵੱਡਾ ਕਾਰਨਾਮੇ ਵੋਟ ਚੋਰੀ ਨੂੰ ਦੇਸ਼ ਦੇ ਹਰ ਕੋਨੇ ਵਿਚ ਉਜਾਗਰ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੀ ਅਗਵਾਈ ਵਿਚ ਹਲਕਾ ਮਜੀਠਾ ਦੇ ਸੀਨੀਅਰ ਕਾਂਗਰਸੀ ਆਗੂ ਪਰਮਜੀਤ ਸਿੰਘ ਪੰਮਾ ਮਜੀਠਾ ਨੇ ਹਲਕਾ ਮਜੀਠਾ ਦੇ ਵੱਡੀ ਗਿਣਤੀ ਵਿਚ ਫਾਰਮ ਭਰ ਕੇ ਦਸਤਖਤ ਕਰਵਾਉਣ ਉਪਰੰਤ ਆਪਣੇ ਗ੍ਰਹਿ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਾਡੇ ਮਹਿਬੂਬ ਨੇਤਾ ਰਾਹੁਲ ਗਾਂਧੀ ਨੇ ਲੋਕ ਸਭਾ ਦੇ ਅੰਦਰ ਤੇ ਬਾਹਰ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ, ਕਾਰਪੋਰੇਟ ਘਰਾਣਿਆਂ ਨਾਲ ਯਾਰੀ ਤੇ ਹੁਣ ਵੋਟ ਚੋਰੀ ਦਾ ਅਤਿ ਗੰਭੀਰ ਤੇ ਸੰਵੇਦਨਸ਼ੀਲ ਮੁੱਦਾ ਚੁੱਕ ਕੇ ਦੇਸ਼ ਵਾਸੀਆਂ ਨੂੰ ਅਸਲੀਅਤ ਤੋਂ ਜਾਣੂ ਕਰਵਾਇਆ। ਉਨ੍ਹਾਂ ਕਿਹਾ ਕਿ ਮਜੀਠਾ ਹਲਕੇ ਵਿੱਚੋਂ ਹੁਣ ਤੱਕ 10 ਹਜਾਰ ਦੇ ਕਰੀਬ ਫਾਰਮ ਭਰ ਜਾ ਚੁੱਕੇ ਹਨ ਜੋ ਕਿ ਕਾਂਗਰਸ ਭਵਨ ਵਿਖੇ ਪੰਜਾਬ ਦੇ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਕੋਲ ਜਮਾਂ ਕਰਵਾਏ ਜਾਣਗੇ। ਇਸ ਮੌਕੇ ਉਨ੍ਹਾਂ ਨਾਲ ਪਲਵਿੰਦਰ ਸਿੰਘ ਪਾਲੀ ਮਜੀਠੀਆ ਪ੍ਰਧਾਨ ਕਾਂਗਰਸ ਕਿਸਾਨ ਸੈਲ ਪੰਜਾਬ, ਜਗਦੀਪ ਸਿੰਘ ਗੋਗਾ ਮਜੀਠਾ, ਸਾਬਕਾ ਬਲਾਕ ਪ੍ਰਧਾਨ ਬਲਬੀਰ ਸਿੰਘ ਕੋਟਲੀ ਢੋਲੇਸ਼ਾਹ, ਸਾਬਕਾ ਸਰਪੰਚ ਬਲਜੀਤ ਸਿੰਘ ਗਰਾਂ, ਸਾਬਕਾ ਸਰਪੰਚ ਹਰਜਿੰਦਰ ਅਰਜਨ ਆਂਗਾ, ਸਰਪੰਚ ਕੇਵਲ ਸਿੰਘ ਉਧੋਕੇ ਕਲਾਂ, ਡਾ ਮਲੂਕ ਸਿੰਘ ਮੀਆਂ ਪੰਧੇਰ, ਸਾਬਕਾ ਪੰਚ ਗੁਰਮੀਤ ਸਿੰਘ ਰਾਮ ਦੀਵਾਲੀ ਮੁਸਲਮਾਨਾ ਆਦਿ ਹਾਜ਼ਰ ਸਨ।

## ਮੱਤੇਵਾਲ ਤੋਂ ਚੁਗਾਵਾਂ ਸਾਧਪੁਰ ਲਈ ਲਿੰਕ ਸੜਕ ਦੇ ਕੰਮ ਦੀ ਕਰਵਾਈ ਸ਼ੁਰੂਆਤ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)- ਹਲਕਾ ਮਜੀਠਾ ਤੋਂ ਆਮ ਆਦਮੀ ਪਾਰਟੀ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਹਲਕਾ ਮਜੀਠਾ ਦੇ ਪਿੰਡ ਮੱਤੇਵਾਲ ਤੋਂ ਚੁਗਾਵਾਂ ਸਾਧਪੁਰ ਲਈ ਨਵੀਂ ਲਿੰਕ ਸੜਕ ਦੇ ਕੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਹਲਕਾ ਮਜੀਠਾ ਦਾ ਵਿਕਾਸ ਕਰਾਉਣਾ



ਉਨ੍ਹਾਂ ਦੀ ਜਿੰਮੇਵਾਰੀ ਹੈ ਤੇ ਇਸ ਜਿੰਮੇਵਾਰੀ ਨੂੰ ਉਹ ਬਾਖੂਬੀ ਨਿਭਾਉਣਗੇ ਅਤੇ ਹਲਕੇ ਦੀਆਂ ਜੋ ਵੀ ਮੰਗਾਂ ਜਾਂ ਮੁਸ਼ਕਲਾਂ ਹਨ ਉਹਨਾਂ ਨੂੰ ਦੂਰ ਕਰਨ ਲਈ ਦਿਨ ਰਾਤ ਇੱਕ ਕਰ ਦੇਣਗੇ। ਇਸ ਮੌਕੇ ਐਮ.ਡੀ.ਓ. ਨਿਰਮਲ ਸਿੰਘ , ਸਰਪੰਚ ਹਰਪਾਲ ਸਿੰਘ ਮੱਤੇਵਾਲ, ਸਲੱਖਣ ਸਿੰਘ ਬੱਬਰ , ਗੁਰਬੀਰ ਸਿੰਘ ਮੱਲ੍ਹੀ, ਪਰਮਜੀਤ ਸਿੰਘ ਮੱਤੇਵਾਲ, ਪੰਚ ਛੁੱਮਣ ਸਿੰਘ, ਪੰਚ ਬਲਦੇਵ ਸਿੰਘ, ਪੰਚ ਗੁਰਸੇਵਕ ਸਿੰਘ, ਪੰਚ ਜਸਪਾਲ ਸਿੰਘ, ਪੰਚ ਹਰਦੇਵ ਸਿੰਘ, ਪੰਚ ਕੁਲਵਿੰਦਰ ਕੌਰ, ਬਲਵਿੰਦਰ ਸਿੰਘ, ਡਾ. ਸੁਖਵਿੰਦਰ ਸਿੰਘ, ਬਲਦੇਵ ਸਿੰਘ, ਰਾਣਾ ਜ਼ਿਊਲਰ, ਅਨੂਪ ਸਿੰਘ, ਝੂਟਾ ਠੇਕੇਦਾਰ, ਤਰਸ਼ੇਮ ਸਿੰਘ ਗਾਰਡ, ਬੱਬੂ ਮੱਤੇਵਾਲ, ਦਵਿੰਦਰ ਸਿੰਘ, ਅਰਪਿੰਦਰ ਸਿੰਘ, ਹੈਪੀ ਮੱਤੇਵਾਲ, ਰਾਣਾ ਚੌਧਰੀ, ਦੇਬੂ ਮੱਤੇਵਾਲ, ਸਰਪੰਚ ਬਲਬੀਰ ਸਿੰਘ ਬੋਪਾਰਾਏ, ਸਰਪੰਚ ਗੁਰਵਿੰਦਰ ਸਿੰਘ, ਯੋਗਰਾਜ ਸਿੰਘ ਸਾਧਪੁਰ, ਜੋ ਬਲਿਹਾਰ ਸਿੰਘ, ਸਰਪੰਚ ਹਰਪ੍ਰੀਤ ਸਿੰਘ ਹੈਪੀ ਬੱਗਾ, ਸਰਪੰਚ ਪਰਮਿੰਦਰ ਸਿੰਘ ਉਪਲ, ਰਮਾਨਾ ਚਕ, ਯੋਗਰਾਜ ਸਿੰਘ ਬਾਠ ਸਾਧਪੁਰ, ਬਲਜਿੰਦਰ ਸਿੰਘ ਛੀਨਾ, ਸ਼ਿਵਰਾਜ ਸਿੰਘ ਬਾਠ ਭੀਲੋਵਾਲ ਸਮੇਤ ਵੱਡੀ ਗਿਣਤੀ ਵਿੱਚ ਆਪ ਆਗੂ ਤੇ ਵਰਕਰ ਹਾਜ਼ਰ ਸਨ।

## ਧਾਲੀਵਾਲ ਨੇ ਖਾਦ ਸਟੋਰਾਂ 'ਤੇ ਕੀਤੀ ਛਾਪੇਮਾਰੀ, ਦਿੱਤੀ ਚਿਤਾਵਨੀ

ਅਜਨਾਲਾ : ਸਾਬਕਾ ਕੈਬਨਿਟ ਮੰਤਰੀ ਅਤੇ ਅਜਨਾਲਾ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਡੀ ਏ ਪੀ ਖਾਦ ਦੀ ਕਾਲਾਬਾਜ਼ਾਰੀ ਅਤੇ ਵੱਧ ਕੀਮਤ ਵਸੂਲਣ ਵਿਰੁੱਧ ਸਖ਼ਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮਾਮਲੇ 'ਤੇ ਕਿਸਾਨਾਂ ਵੱਲੋਂ ਕਈ ਸ਼ਿਕਾਇਤਾਂ ਮਿਲਿਆ ਸਨ ਕਿ ਉਨ੍ਹਾਂ ਨੂੰ ਸਰਕਾਰ ਦੁਆਰਾ ਪ੍ਰਵਾਨਿਤ 1350 ਰੁਪਏ ਪ੍ਰਤੀ ਥੈਲਾ ਕੀਮਤ ਤੋਂ ਕਿਤੇ ਵੱਧ ਦਰਾਂ 'ਤੇ ਖਾਦ ਖਰੀਦਣ ਲਈ ਮਜਬੂਰ ਕੀਤਾ ਜਾ ਰਿਹਾ ਹੈ।ਧਾਲੀਵਾਲ ਨੇ ਕਿਹਾ ਕਿ ਕਣਕ ਦੀ ਬਿਜਾਈ ਦਾ ਸੀਜ਼ਨ ਨੇੜੇ ਆਉਣ ਦੇ ਨਾਲ, ਕਿਸਾਨਾਂ ਲਈ ਸਹੀ ਕੀਮਤ 'ਤੇ ਖਾਦ ਦੀ ਉਪਲਬਧਤਾ ਬਹੁਤ ਜ਼ਰੂਰੀ ਹੈ, ਖਾਸ ਕਰਕੇ ਅਜਨਾਲਾ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ, ਜਿੱਥੇ ਫਸਲਾਂ ਨੂੰ ਪਹਿਲਾਂ ਹੀ ਭਾਰੀ ਨੁਕਸਾਨ ਹੋਇਆ ਹੈ।ਉਨ੍ਹਾਂ ਕਿਹਾ ਕਿ ਸਾਡੇ ਕਿਸਾਨਾਂ ਨੂੰ ਹੜ੍ਹਾਂ ਕਾਰਨ ਕਾਫ਼ੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਜੇਕਰ ਉਨ੍ਹਾਂ ਨੂੰ ਹੁਣ ਵੱਧ ਕੀਮਤ ਵਾਲੀ ਖਾਦ ਖਰੀਦਣ ਲਈ ਮਜਬੂਰ ਕੀਤਾ ਜਾਂਦਾ ਹੈ, ਤਾਂ ਇਹ ਇੱਕ ਨਾ-ਮਾਫ਼ ਕਰਨ ਯੋਗ ਬੇਇਨਸਾਫ਼ੀ ਹੋਵੇਗੀ।ਆਪ ਆਗੂ ਨੇ ਪਿਛਲੇ ਦੋ ਦਿਨਾਂ



ਵਿੱਚ ਹਲਕੇ ਦੇ ਕਈ ਖਾਦ ਡਿਪੂਆਂ ਅਤੇ ਨਿੱਜੀ ਸਟੋਰਾਂ ਦਾ ਨਿੱਜੀ ਤੌਰ 'ਤੇ ਅਚਾਨਕ ਨਿਰੀਖਣ ਕੀਤਾ।ਉਨ੍ਹਾਂ ਕਿਹਾ ਕਿ ਹਰ ਸ਼ਿਕਾਇਤ ਦੀ ਜਾਂਚ ਕੀਤੀ ਜਾਵੇਗੀ ਅਤੇ ਦੋਸ਼ੀ ਵਿਅਕਤੀਆਂ ਨੂੰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ।ਨਿਰੀਖਣ ਦੌਰਾਨ ਧਾਲੀਵਾਲ ਨੇ ਪਾਇਆ ਕਿ ਡੀ ਏ ਪੀ ਦੀ ਅਧਿਕਾਰਤ ਕੀਮਤ 1350 ਹੈ, ਕਿਸਾਨਾਂ ਨੂੰ ਪ੍ਰਤੀ ਥੈਲਾ 1800 ਤੋਂ ₹2000 ਦੇ ਵਿਚਕਾਰ ਵਸੂਲਿਆ ਜਾ ਰਿਹਾ ਸੀ। ਕੁਝ ਮਾਮਲਿਆਂ ਵਿੱਚ, ਪੰਜ਼ੂ ਸਹਿਕਾਰੀ ਸਭਾਵਾਂ ਲਈ ਖਾਦ ਨੂੰ ਕਿਤੇ ਹੋਰ ਭੇਜਿਆ ਜਾ ਰਿਹਾ ਸੀ ਅਤੇ ਮਹਿੰਗੇ ਭਾਅ 'ਤੇ ਵੇਚਿਆ ਜਾ ਰਿਹਾ ਸੀ। ਧਾਲੀਵਾਲ ਨੇ ਇਹ ਪਤਾ ਲਗਾਉਣ ਲਈ ਪੂਰੀ ਜਾਂਚ ਦੇ ਹੁਕਮ ਦਿੱਤੇ ਹਨ ਕਿ ਇਹ ਖਾਦ ਕਿੱਥੇ ਭੇਜੀ ਗਈ ਸੀ ਅਤੇ ਕਿਸ ਨੂੰ ਇਸ ਦਾ ਫਾਇਦਾ ਹੋਇਆ।

## ਸੰਯੁਕਤ ਕਿਸਾਨ ਮੋਰਚਾ ਨੇ ਹੜ੍ਹਾਂ ਮਾਰੇ ਕੋਟ ਬੁੱਢਾ ਦੇ ਟਰੈਕਟਰਾਂ ਦੀ ਰਿਪੇਅਰ ਕਰਵਾਈ

ਤਰਨ ਤਾਰਨ (ਰਣਜੀਤ ਸਿੰਘ ਵਲਟੋਹਾ)- ਸੰਯੁਕਤ ਕਿਸਾਨ ਮੋਰਚਾ ਵਿੱਚ ਸ਼ਾਮਿਲ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਦਿਨ ਹਰੀਕੇ ਹੈਡ ਤੇ ਮੀਟਿੰਗ ਕਰਕੇ ਬੰਨ੍ਹ 'ਤੇ ਬੈਠੇ ਕਿਸਾਨਾਂ ਦੀਆਂ ਮੁਸ਼ਕਿਲਾਂ ਸੰਬੰਧੀ ਹਰੀਕੇ ਹੈਡ ਤੋਂ ਲੈ ਕੇ ਕੋਟ ਬੁੱਢਾ ਆਦਿ ਪਿੰਡਾਂ ਤੱਕ ਕਿਸਾਨਾਂ ਨਾਲ ਮੁਲਾਕਾਤ ਕੀਤੀ ਸੀ ਅਤੇ ਮੁਸ਼ਕਲਾਂ ਬਾਰੇ ਜਾਣਕਾਰੀ ਲਈ ਸੀ। ਇਸ 'ਤੇ ਧਿਆਨ ਵਿੱਚ ਇਹ ਗੱਲ ਆਈ ਸੀ ਕਿ ਕੋਟ ਬੁੱਢਾ ਪਿੰਡ ਦੇ ਕਿਸਾਨਾਂ ਦੇ ਤਿੰਨ ਟਰੈਕਟਰ ਹੜ੍ਹ ਦੇ ਪਾਣੀ ਦੀ ਮਾਰ ਵਿੱਚ ਆ ਗਏ ਸਨ, ਜਿਸ ਕਰਕੇ ਉਹ ਪੂਰੀ ਤਰ੍ਹਾਂ ਚੱਲਣ ਤੋਂ ਅਸਮਰੱਥ ਸਨ। ਜਦੋਂ ਇਹ ਗੱਲ ਵਾਪਰਦੇ ਧਿਆਨ ਵਿੱਚ ਆਈ ਤਾਂ ਉਹਨਾਂ ਨੇ ਪ੍ਰਗਟ ਸਿੰਘ, ਪ੍ਰਤਾਪ ਸਿੰਘ ਅਤੇ ਗੁਰਸਾਹਿਬ ਸਿੰਘ ਆਦਿ ਦੇ ਘਰਾਂ ਵਿੱਚ ਜਾ ਕੇ ਉਹਨਾਂ ਦੇ ਪਰਵਾਰਾਂ ਦੀ ਮੁਸ਼ਕਲ ਨੂੰ ਧਿਆਨ ਨਾਲ ਸੁਣਿਆ ਅਤੇ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਬਾਬਤ ਨਛੱਤਰ ਸਿੰਘ ਤਰਨ ਤਾਰਨ, ਹਰਭਜਨ ਸਿੰਘ ਚੂਸਲੇਵੜ, ਭੁਪਿੰਦਰ ਸਿੰਘ ਪੰਡੋਰੀ ਤਖਤ ਮੱਲ, ਤਰਸੇਮ ਸਿੰਘ ਲੁਹਾਰ ਆਦਿ ਕਿਸਾਨ ਆਗੂਆਂ ਵੱਲੋਂ ਇਹ ਤੈਅ ਕੀਤਾ ਗਿਆ ਸੀ ਕਿ ਇਨ੍ਹਾ ਕਿਸਾਨਾਂ ਦੇ ਟਰੈਕਟਰ ਪੂਰੀ ਤਰ੍ਹਾਂ ਮੁਰੰਮਤ ਕਰਵਾ ਕੇ ਦਿੱਤੇ ਜਾਣਗੇ। ਮੋਰਚੇ ਦੇ ਆਗੂ ਦੀ ਸਹਿਮਤੀ ਨਾਲ ਇਹ ਟਰੈਕਟਰ ਕਿਰਤੀ ਕਿਸਾਨ ਯੂਨੀਅਨ ਦੇ ਆਗੂਆਂ ਵੱਲੋਂ ਜੰਡੋਕੇ ਸਰਹਾਲੀ ਵਿਖੇ ਸਤਨਾਮ ਸਿੰਘ ਮਕੈਨਿਕ



ਕੋਲੋਂ ਠੀਕ ਕਰਵਾ ਕੇ ਅੱਜ ਕੋਟ ਬੁੱਢਾ ਦੇ ਇਹਨਾਂ ਤਿੰਨਾਂ ਕਿਸਾਨਾਂ ਨੂੰ ਦੇ ਦਿੱਤੇ ਗਏ ਹਨ ।ਇਸ ਮੌਕੇ ਨਛੱਤਰ ਸਿੰਘ ਮੁਗਲ ਚੱਕ, ਪੂਰਨ ਸਿੰਘ ਗਿੱਲ ਵਿਰਸਾ ਸਿੰਘ, ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ ਗੰਜਾ, ਬਲਕਾਰ ਸਿੰਘ ਜੰਡੋਕੇ ਗੁਰਨਾਮ ਸਿੰਘ ਤੱਖਤੂ ਚੱਕ, ਨਾਜਰ ਸਿੰਘ ਸਰਿਆਲੀ, ਸੂਬੇਦਾਰ ਸਤਵੰਤ ਸਿੰਘ, ਸੁਖਚੈਨ ਸਿੰਘ,ਖਜਾਨ ਸਿੰਘ ਸਰਪੰਚ, ਪੁਸ਼ਪਿੰਦਰ ਸਿੰਘ ਅਤੇ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਹਮੇਸ਼ਾ ਕਿਸਾਨਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਅਤੇ ਹਰ ਤਰ੍ਹਾਂ ਦੀ ਮਦਦ ਕਰਨ ਲਈ ਤਿਆਰ ਹੈ ।

## ਭਾਸ਼ਾ ਵਿਭਾਗ ਪੰਜਾਬ ਨੇ ਬਾਲ ਸਾਹਿਤ ਕੁਇੱਜ਼ ਮੁਕਾਬਲੇ ਕਰਵਾਏ

ਗੁਰਦਾਸਪੁਰ (ਜਨਕ ਮਹਾਜਨ)- ਉਚੇਰੀ ਸਿੱਖਿਆ ਅਤੇ ਭਾਸ਼ਾਵਾਂ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਦੀ ਯੋਗ ਅਗਵਾਈ ਅਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਭਾਗ ਵਲੋਂ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਈ ਤਰ੍ਹਾਂ ਦੀਆਂ ਗਤੀਵਿਧਿਆਂ ਕਰਵਾਈਆਂ ਜਾਂਦੀਆਂ ਹਨ। ਇਸ ਕੜੀ ਵਿੱਚ ਹੀ ਵਿਦਿਆਰਥੀਆਂ ਅੰਦਰ ਸਿਰਜਣਾਤਮਕ ਅਤੇ ਸੁਹਜਾਤਮਕ ਬਿਰਤੀਆਂ ਪ੍ਰਫੁਲਿਤ ਕਰਨ ਹਿੱਤ ਵਿਦਿਆਰਥੀਆਂ ਦੇ ਬਾਲ ਸਾਹਿਤ ਕੁਈਜ਼ ਮੁਕਾਬਲੇ ਕਰਵਾਏ ਜਾਂਦੇ ਹਨ। ਜ਼ਿਲ੍ਹਾ ਭਾਸ਼ਾ ਦਫ਼ਤਰ ਗੁਰਦਾਸਪੁਰ ਦੇ ਜੂਨੀਅਰ ਸਹਾਇਕ ਸ਼ਾਮ ਸਿੰਘ ਅਤੇ ਦਲਜੀਤ ਸਿੰਘ ਖੋਜ਼ ਅਫ਼ਸਰ ਜ਼ਿਲ੍ਹਾ ਭਾਸ਼ਾ ਦਫ਼ਤਰ ਫਿਰੋਜ਼ਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਭਾਸ਼ਾ ਦਫ਼ਤਰ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਮੁਕਾਬਲੇ ਸਥਾਨਕ ਪੰਡਿਤ ਮੋਹਨ ਲਾਲ ਐੱਸ.ਡੀ ਕਾਲਜ ਫਾਰ ਵੂਮੈਨ ਗੁਰਦਾਸਪੁਰ ਦੇ ਸਹਿਯੋਗ ਨਾਲ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਜ਼ਿਲ੍ਹੇ ਭਰ ਦੇ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਕਾਲਜਾਂ/ਸਕੂਲਾਂ ਵਿੱਚੋਂ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਸਮਾਗਮ ਦੀ ਪ੍ਰਧਾਨਗੀ ਡਾਕਟਰ ਨੀਰੂ ਸ਼ਰਮਾ ਪ੍ਰਿੰਸੀਪਲ ਪੰਡਿਤ ਮੋਹਨ ਲਾਲ ਐੱਸ.ਡੀ ਕਾਲਜ ਫਾਰ ਵੋਮੈਨ ਗੁਰਦਾਸਪੁਰ ਨੇ ਕੀਤੀ। ਇਸ ਸਮਾਗਮ ਵਿਚ ਬਤੌਰ ਮੰਚ ਸੰਚਾਲਕ ਡਾਕਟਰ ਸੁਖਵਿੰਦਰ ਕੌਰ ਪੰਜਾਬੀ ਪ੍ਰੋਫ਼ੈਸਰ ਨੇ ਕੀਤੀ । ਸਮਾਗਮ ਦੀ ਸ਼ੁਰੂਆਤ ਵਿਚ ਦਲਜੀਤ ਸਿੰਘ ਖੋਜ਼ ਅਫ਼ਸਰ ਨੇ ਭਾਸ਼ਾ ਵਿਭਾਗ ਦੀ



ਕਾਰਜਸ਼ੈਲੀ ਤੇ ਮਨੁੱਖੀ ਜੀਵਨ ਵਿਚ ਕੋਮਲ ਕਲਾਵਾਂ ਦੇ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਆਏ ਹੋਏ ਪ੍ਰਤੀਯੋਗੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਬਾਲ ਸਾਹਿਤ ਕੁਇਜ਼ ਮੁਕਾਬਲੇ ਤਿੰਨ ਵਰਗਾਂ ਦੇ ਵਿੱਚ ਕਰਵਾਏ ਗਏ। ਵਰਗ-ਓ 'ਚ ਛੇਵੀਂ ਤੋਂ ਅੱਠਵੀਂ ਤੱਕ ਵਰਗ-ਅ 'ਚ ਨੌਵੀਂ ਤੋਂ ਬਾਰਵੀਂ ਤੱਕ, ਅਤੇ ਵਰਗ- ਏ ਕਾਲਜ ਦੇ ਬੱਚਿਆਂ ਨੇ ਭਾਗ ਲਿਆ ਜਿਸ ਦੇ ਵਿਚ ਵਰਗ- ਓ ਵਿਚ ਪਹਿਲਾ ਸਥਾਨ ਤਰੁਣਪ੍ਰੀਤ, ਦੂਜਾ ਸਥਾਨ ਸ਼ਾਲੂ ਅਤੇ ਤੀਜਾ ਸਾਨ ਯਥਾਰਥ ਮਹਾਜਨ ਨੇ ਹਾਸਲ ਕੀਤਾ। ਵਰਗ-ਅ ਵਿਚ ਪਹਿਲਾ ਸਥਾਨ ਅੰਸ਼, ਦੂਜਾ ਸਥਾਨ ਕਿਰਨਦੀਪ ਕੌਰ ਅਤੇ ਤੀਜਾ ਸਥਾਨ ਜਸ਼ਨਦੀਪ ਕੌਰ ਨੇ ਹਾਸਲ ਕੀਤਾ। ਵਰਗ-ਏ ਪਹਿਲਾ ਸਥਾਨ ਗੁਰਕੀਰਤ ਕੌਰ, ਦੂਜਾ ਸਥਾਨ ਪਵਨਦੀਪ ਸਿੰਘ ਅਤੇ ਤੀਜਾ ਸਥਾਨ ਜੈਸਮੀਨ ਢਿੱਲੋਂ ਨੇ ਪ੍ਰਾਪਤ ਕੀਤਾ। ਪੰਡਿਤ ਮੋਹਨ ਲਾਲ ਐੱਸ.ਡੀ. ਕਾਲਜ ਦੇ ਪ੍ਰਿੰਸੀਪਲ ਡਾਕਟਰ ਨੀਰੂ ਸ਼ਰਮਾ ਅਤੇ ਡਾਕਟਰ ਸੁਖਵਿੰਦਰ ਕੌਰ ਪੰਜਾਬੀ ਪ੍ਰੋਫ਼ੈਸਰ, ਜ਼ਿਲ੍ਹਾ ਭਾਸ਼ਾ ਦਫ਼ਤਰ ਫਿਰੋਜ਼ਪੁਰ ਦੇ ਖੋਜ ਅਫ਼ਸਰ ਡਾਕਟਰ ਦਲਜੀਤ ਸਿੰਘ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਗੁਰਦਾਸਪੁਰ ਦੇ ਅਮਲਾ ਸਟਾਫ ਸ਼ਾਮ ਸਿੰਘ ਜੂਨੀਅਰ ਸਹਾਇਕ ਸਹਾਇਕ, ਮਨਦੀਪ ਸਿੰਘ ਸੇਵਾਦਾਰ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ। ਪ੍ਰਿੰਸੀਪਲ ਮੈਡਮ ਡਾਕਟਰ ਨੀਰੂ ਸ਼ਰਮਾ ਨੇ ਸੰਬੋਧਨ ਕਰਦੇ ਹੋਏ ਕਿਹਾ ਭਾਸ਼ਾ ਵਿਭਾਗ ਦੇ ਅਜਿਹੇ ਉਪਰਾਲੇ ਸ਼ਲਾਘਾਯੋਗ ਹਨ।

## ਸਰਕਾਰ ਨੇ ਹੜ੍ਹ ਪੀੜਤਾਂ ਦੀ ਮਦਦ ਦਾ ਵਾਅਦਾ ਪੂਰਾ ਕੀਤਾ : ਟੌਂਗ

ਬਿਆਸ (ਪਰਮਜੀਤ ਸਿੰਘ ਰੱਖੜਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦੀਵਾਲੀ ਤੋਂ ਪਹਿਲਾਂ ਹੜ੍ਹ ਪੀੜਤਾਂ ਨੂੰ ਰਾਹਤ ਫੰਡ ਮੁਹੱਈਆ ਕਰਵਾਉਣ ਦੇ ਆਪਣੇ ਵਾਅਦੇ ਨੂੰ ਸਿਰਫ਼ 30 ਦਿਨਾਂ ਵਿੱਚ ਪੂਰਾ ਕਰਕੇ ਸੰਵੇਦਨਸ਼ੀਲ ਪ੍ਰਸ਼ਾਸਨ ਦੀ ਮਿਸਾਲ ਕਾਇਮ ਕੀਤੀ ਹੈ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਬਾਬਾ ਬਕਾਲਾ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਆਪਣੇ ਹਲਕੇ ਦੇ ਪਿੰਡ ਸੇਰੋਂ ਬਾਘਾ, ਸੇਰੋਂ ਨਿਗਾਹ ਅਤੇ ਮਹਿਤਾਬ ਕੋਟ ਦੇ ਹੜ੍ਹ ਪੀੜਤ ਪਰਵਾਰਾਂ ਨੂੰ 50 ਲੱਖ ਰੁਪਏ ਤੋਂ ਵੱਧ ਮੁਆਵਜ਼ਾ ਰਾਸ਼ੀ ਵੰਡਣ ਸਮੇਂ ਕੀਤਾ। ਟੌਂਗ ਨੇ ਪੀੜਤ ਪਰਵਾਰਾਂ ਨੂੰ ਕਿਹਾ ਕਿ ਇਹ ਰਾਸ਼ੀ ਅੱਜ ਹੀ ਤੁਹਾਡੇ ਖਾਤਿਆਂ ਵਿੱਚ ਪਹੁੰਚ ਜਾਵੇਗੀ ਅਤੇ ਤੁਹਾਨੂੰ ਇਸ ਦਾ ਐਸ ਐਮ ਐਸ ਮਿਲ ਜਾਵੇਗਾ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਖੁਦ ਮਿਲ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਮਾਨ ਨੇ ਅਜਨਾਲਾ ਵਿੱਚ ਇਸ ਮਿਸ਼ਨ ਦੀ ਸ਼ੁਰੂਆਤ ਕੀਤੀ, ਜਿੱਥੇ 631 ਕਿਸਾਨਾਂ ਨੂੰ 5.70 ਕਰੋੜ ਰੁਪਏ ਦੇ ਚੈੱਕ ਵੰਡੇ ਗਏ। ਦੇਸ਼ ਵਿੱਚ ਪਹਿਲੀ ਵਾਰ ਕਿਸੇ ਰਾਜ ਸਰਕਾਰ ਨੇ ਕਿਸਾਨਾਂ ਨੂੰ 20,000 ਰੁਪਏ ਪ੍ਰਤੀ ਏਕੜ ਤੱਕ ਦਾ ਮੁਆਵਜ਼ਾ ਦਿੱਤਾ ਹੈ।ਟੌਂਗ ਨੇ ਕਿਹਾ ਕਿ ਪੰਜਾਬ ਸਰਕਾਰ ਹਰ ਖੁਸ਼ੀ ਅਤੇ ਦੁੱਖ ਵਿੱਚ ਲੋਕਾਂ ਦੇ ਨਾਲ ਖੜ੍ਹੀ



ਹੈ।ਹੜ੍ਹਾਂ ਕਾਰਨ ਹੋਏ ਜਾਨ-ਮਾਲ ਦੇ ਨੁਕਸਾਨ ਦੀ ਭਰਪਾਈ ਲਈ ਇਕ ਪਾਰਦਰਸ਼ੀ ਪ੍ਰਣਾਲੀ ਤਹਿਤ ਮੁਆਵਜ਼ਾ ਵੰਡਿਆ ਜਾ ਰਿਹਾ ਹੈ, ਜਿਸ ਨਾਲ ਸਾਰੇ ਯੋਗ ਵਿਅਕਤੀਆਂ ਤੱਕ ਤੁਰੰਤ ਪਹੁੰਚ ਯਕੀਨੀ ਬਣਾਈ ਜਾ ਸਕੇ।

ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਰਾਹਤ ਕਾਰਜਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਅਤੇ ਕਿਸੇ ਵੀ ਪ੍ਰਭਾਵਤ ਪਰਵਾਰ ਨੂੰ ਆਪਣਾ ਹੱਕ ਪ੍ਰਾਪਤ ਕਰਨ ਲਈ ਦਫ਼ਤਰਾਂ ਦੇ ਚੱਕਰ ਨਹੀਂ ਮਾਰਨੇ ਪੈਣਗੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਯੋਗ ਪਰਵਾਰ ਰਾਹਤ ਤੋਂ ਵਾਂਝਾ ਨਾ ਰਹੇ।ਇਸ ਮੌਕੇ ਨਾਇਬ ਤਹਿਸੀਲਦਾਰ ਗੁਰਨੈਬ ਸਿੰਘ, ਕਾਨੂੰਗੋ ਸੁਖਦੇਵ ਰਾਜ, ਪਟਵਾਰੀ ਸੇਰੋਂ ਬਾਘਾ, ਰਵਿੰਦਰਪਾਲ ਸਿੰਘ, ਜਗਦੀਸ਼ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਵੀ ਹਾਜ਼ਰ ਸਨ।

## ਮਿੱਟੀ ਪਰਖ ਦੀ ਰਿਪੋਰਟ ਦੇ ਆਧਾਰ 'ਤੇ ਖਾਦਾਂ ਵਰਤੀਆਂ ਜਾਣ : ਡਾ. ਅਮਰੀਕ ਸਿੰਘ

ਡੇਰਾ ਬਾਬਾ ਨਾਨਕ/ਧਾਰੀਵਾਲ : (ਰਮੇਸ਼ ਸ਼ਰਮਾ/ਮਨਦੀਪ ਵਿੱਕੀ )- ਅਗਸਤ ਮਹੀਨੇ ਦੌਰਾਨ ਪੰਜਾਬ ਖ਼ਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਵਿੱਚ ਹੜ੍ਹਾਂ ਦੇ ਪਾਣੀ ਨਾਲ ਆਈ ਗਾਰ ਅਤੇ ਰੇਤ ਨੇ ਇਸ ਖਿੱਤੇ ਦੀ ਸਭ ਤੋਂ ਵੱਧ ਉਪਜਾਊ ਮਿੱਟੀ ਨੂੰ ਪ੍ਰਭਾਵਤ ਕੀਤਾ ਹੈ, ਜਿਸ ਨੂੰ ਸੁਧਾਰਨ ਲਈ ਕਿਸਾਨਾਂ ਨੂੰ ਹੁਣ ਤੋਂ ਹੀ ਲੋੜੀਂਦੇ ਉਪਰਾਲੇ ਕਰਨੇ ਪੈਣਗੇ ,ਇਨਾਂ ਉਪਰਾਲਿਆਂ ਵਿਚ ਖੇਤਾਂ ਦੀ ਮਿੱਟੀ ਪਰਖ ਕਰਵਾ ਕੇ ਰਿਪੋਰਟ ਦੇ ਅਧਾਰ 'ਤੇ ਖਾਦਾਂ ਵਰਤਣ ਦੀ ਜ਼ਰੂਰਤ ਹੈ ਤਾਂ ਜੋ ਕਣਕ ਦੀ ਫ਼ਸਲ ਤੋਂ ਵਧੇਰੇ ਅਤੇ ਗੁਣਵੱਤਾ ਭਰਪੂਰ ਪੈਦਾਵਾਰ ਲਈ ਜਾ ਸਕੇ। ਹੜ੍ਹ ਪ੍ਰਭਾਵਤ ਪਿੰਡਾਂ ਰਸੀਂ ਕੇਤਲਾ, ਨਬੀਨਗਰ, ਬਰਿਆਰ, ਰਾਮਪੁਰ ਅਤੇ ਦਬੁਰਜੀ ਵਿਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ,ਯੰਗ ਇੰਨੋਵੇਟਿਵ ਸਮੂਹ, ਰਾਊਂਡ ਗਲਾਸ ਫਾਊਂਡੇਸ਼ਨ ਵਲੋਂ ਮਿੱਟੀ ਪਰਖ ਕਰਨ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੌਕੇ ਡਾਕਟਰ ਅਮਰੀਕ ਸਿੰਘ ਸੰਸਥਾਪਕ ਅਤੇ ਸੰਯੁਕਤ ਨਿਰਦੇਸ਼ਕ (ਖ਼ੇਤੀਬਾੜੀ),ਪ੍ਰਧਾਨ ਗੁਰਬਿੰਦਰ ਸਿੰਘ ਬਾਜਵਾ, ਵਾਤਾਵਰਨ ਪ੍ਰੇਮੀ ਇੰਜ ਬਲਦੇਵ ਸਿੰਘ ਐੱਸ ਈ,ਪਲਵਿੰਦਰ ਸਿੰਘ ,ਡਾਕਟਰ ਮਨਪ੍ਰੀਤ ਸਿੰਘ ਖ਼ੇਤੀਬਾੜੀ ਅਫ਼ਸਰ,ਡਾਕਟਰ ਹਰਮਨਦੀਪ ਸਿੰਘ ,ਡਾਕਟਰ ਵਿਸ਼ਰਦ ਕੁੰਦਰਾ ਖ਼ੇਤੀਬਾੜੀ ਵਿਕਾਸ ਅਫ਼ਸਰ, ਦਿਲਬਾਗ ਸਿੰਘ ਚੀਮਾ,ਕਿਸਾਨ ਅਮਰੀਕ ਸਿੰਘ ਸਮੇਤ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ। ਇਸ ਬਾਰੇ ਜਾਣਕਾਰੀ ਦਿੰਦਿਆਂ ਡਾਕਟਰ ਅਮਰੀਕ ਸਿੰਘ ਨੇ ਕਿਹਾ ਕਿ ਹੜ੍ਹ ਦੇ ਪਾਣੀ ਨਾਲ ਪਹਾੜਾਂ ਤੋਂ ਆਈ ਗਾਰ ਅਤੇ ਰੇਤ ਨੇ ਖੇਤਾਂ ਦੀ ਮਿੱਟੀ ਦੀ ਭੌਤਿਕੀ ਅਤੇ ਰਸਾਇਣਕ ਅਤੇ ਜੈਵਿਕ ਬਣਤਰ ਹੀ ਬਦਲ ਦਿੱਤੀ ਹੈ, ਜਿਸ ਨਾਲ ਭਵਿਖ ਵਿਚ ਫ਼ਸਲਾਂ ਨੂੰ ਲੋੜੀਂਦੇ



ਖੁਰਾਕੀ ਤੱਤਾਂ ਦੀ ਅਸੰਤੁਲਨਤਾ, ਪਾਣੀ-ਰੋਧਕ ਪਰਤਾਂ ਅਤੇ ਉਤਪਾਦਕਤਾ ਵਿੱਚ ਘਾਟ ਜਿਹੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਹੜ੍ਹ ਪ੍ਰਭਾਵਤ ਇਲਾਕਿਆਂ ਵਿੱਚੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਖੋਜ ਕਰਤਾਵਾਂ ਵਲੋਂ ਲਏ ਮਿੱਟੀ ਦੇ ਨਮੂਨਿਆਂ ਦੇ ਅਧਿਐਨ ਤੋਂ ਬਾਅਦ ਇਹ ਤੱਥ ਸਾਹਮਣੇ ਆਏ ਹਨ ਕਿ ਕਈ ਇਲਾਕਿਆਂ ਵਿੱਚ ਰੇਤ ਅਤੇ ਗਾਰ ਦੀ ਇੱਕ ਮੀਟਰ ਤੋਂ ਵੱਧ ਮੋਟੀ ਪਰਤ ਜੰਮ ਗਈ ਹੈ, ਜਦੋਂ ਕਿ ਕੁਝ ਥਾਵਾਂ 'ਤੇ ਇਹ ਪਰਤ ਕਾਫ਼ੀ ਪਤਲੀ ਹੈ ਜੋ ਰੇਤਲੀ ਤੋਂ ਬਾਰੀਕ ਦਾਣੇਦਾਰ ਅਤੇ ਦੋਮਟ ਹੈ। ਉਨ੍ਹਾਂ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਰਸਾਇਣਿਕ ਖਾਦਾਂ ਦੇ ਨਾਲ ਦੇਸੀ ਰੂੜੀ ਅਤੇ ਹਰੀ ਖਾਦ ਦੀ ਵਰਤੋਂ ਕਰਨ ਤਾਂ ਜੋ ਇਹ ਮਿੱਟੀ ਵਿੱਚ ਗੰਡੋਇਆਂ ਅਤੇ ਸੂਖਮ ਜੀਵਾਂ ਦੀ ਗਤੀਵਿਧੀ ਵਧਾਈ ਜਾ ਸਕੇ ਕਿਉਂਕਿ ਇਹ ਜੀਵ ਮਿੱਟੀ ਨੂੰ ਪੋਲਿਆਂ ਕਰਕੇ ਪਾਣੀ ਦੀ ਜਜਬ ਕਰਨ ਦੀ ਸਮਰਥਾ ਵਧਾਉਂਦੇ ਹਨ।

## ਸ਼ੈਰੀ ਕਲਸੀ ਨੇ ਸੀਵਰੇਜ਼ ਦੇ ਕੰਮ ਦਾ ਲਿਆ ਜਾਇਜ਼ਾ

ਧਾਰੀਵਾਲ :(ਮਨਦੀਪ ਸਿੰਘ ਵਿੱਕੀ) - ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਬਲਾਕ ਧਾਰੀਵਾਲ ਦੇ ਪਿੰਡ ਨੌਸ਼ਹਿਰਾ ਮੱਝਾ ਸਿੰਘ ਵਿਖੇ ਪਹੁੰਚ ਕੇ ਸੀਵਰੇਜ਼ ਪਾਉਣ ਦੇ ਚੱਲ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲਿਆ। ਵਿਧਾਇਕ ਸ਼ੈਰੀ ਵਲੋਂ 15 ਦਿਨ ਪਹਿਲਾਂ ਲੋਕਾਂ ਦੀ ਮੰਗ ਪੂਰੀ ਕਰਦਿਆਂ ਇਥੇ ਗੰਦੇ ਪਾਣੀ ਦੀ ਨਿਕਾਸੀ ਲਈ ਸੀਵਰੇਜ਼ ਪਾਉਣ ਦਾ ਕੰਮ ਸ਼ੁਰੂ ਕਰਵਾਇਆ ਗਿਆ ਸੀ। ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਦਾ ਅੱਜ ਇਥੇ ਆਉਣ ਦਾ ਇਹੀ ਮਕਸਦ ਸੀ ਕਿ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ ਜਾਵੇ ਅਤੇ ਇਸ ਕਾਰਜ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕੀਤਾ ਸਕੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕੰਮ ਨੂੰ ਗੁਣਵੱਤਾ ਭਰਪੂਰ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਨੇ ਦੱਸਿਆ ਕਿ ਸੀਵਰੇਜ਼ ਤੋਂ ਇਲਾਵਾ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਲੋਕਾਂ ਨੂੰ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਲਈ ਵਾਟਰ ਸਪਲਾਈ ਦਾ ਕੰਮ ਕਰਵਾਇਆ ਗਿਆ ਹੈ ਅਤੇ ਉਹ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਹੱਲ ਕਰਵਾਉਣ ਲਈ ਵਚਨਬੱਧ ਹਨ। ਇਸ ਮੌਕੇ 'ਆਪ' ਦੇ ਜ਼ਿਲ੍ਹਾ ਯੂਥ ਆਗੂ ਮਨਦੀਪ ਸਿੰਘ ਗਿੱਲ ਨੇ ਵਿਧਾਇਕ ਸ਼ੈਰੀ ਕਲਸੀ ਦਾ ਪਿੰਡ ਵਾਸੀਆਂ ਵਲੋਂ ਧੰਨਵਾਦ ਕੀਤਾ।



## ਗੈਂਗਸਟਰ ਪਿਛਲੀਆਂ ਸਰਕਾਰਾਂ ਦੀ ਦੇਣ : ਸੇਖਵਾਂ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਗੈਂਗਸਟਰ ਪਿਛਲੀਆਂ ਸਰਕਾਰਾਂ ਦੀ ਦੇਣ ਹੈ ਜੋ ਸਾਨੂੰ ਵਿਰਾਸਤ ਵਿੱਚ ਮਿਲਿਆ ਹੈ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਨੂੰ ਖ਼ਤਮ ਕਰਨ ਲਈ ਪੰਜਾਬ ਸਰਕਾਰ ਵਚਨਬੱਧ ਹੈ ਅਤੇ ਅਸੀਂ ਗੈਂਗਸਟਰਾਂ ਦਾ ਪੰਜਾਬ ਵਿੱਚ ਖ਼ਾਤਮਾ ਕਰ ਦਿਆਂਗੇ। ਪੰਜਾਬ ਦੇ ਡੀ ਜੀ ਪੀ ਗੌਰਵ ਯਾਦਵ ਨੇ ਬਟਾਲਾ ਪਹੁੰਚ ਕੇ ਇਹ ਸੁਨੇਹਾ ਦਿੱਤਾ ਹੈ ਕਿ ਗੈਂਗਸਟਰਾਂ ਨੂੰ ਪੰਜਾਬ ਸਰਕਾਰ ਹਰਗਿਜ਼ ਬਰਦਾਸ਼ਤ ਨਹੀਂ ਕਰੇਗੀ ਅਤੇ ਇਨ੍ਹਾਂ ਦਾ ਖ਼ਾਤਮਾ ਕਰੇਗੀ। ਉਨ੍ਹਾਂ ਕਾਦੀਆਂ ਹਲਕੇ ਦੇ ਕਈ ਪਿੰਡਾਂ ਦੇ ਵਿਕਾਸ ਕਾਰਜਾਂ ਅਤੇ ਸੜਕਾਂ ਦੀ ਮੁਰੰਮਤ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਨੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਸੁਣਿਆ ਅਤੇ ਮੌਕੇ 'ਤੇ ਹੀ ਉਸ ਦਾ ਨਿਪਟਾਰਾ ਵੀ ਕੀਤਾ। ਉਨ੍ਹਾਂ ਦੱਸਿਆ ਕਿ ਕਾਦੀਆਂ ਦੀ ਪਾਣੀ ਦੀ ਟੈਂਕੀ ਲਈ ਬਜਟ ਪਾਸ ਹੋ ਗਿਆ ਹੈ ਅਤੇ 16 ਕਿੱਲੋਮੀਟਰ ਪਾਈਪ ਲਾਈਨ ਵਿਛਾ ਕੇ ਪਾਣੀ ਦੀ ਸਪਲਾਈ ਮੋਟਰਾਂ ਦੇ ਰਾਹੀਂ ਪਾਣੀ ਕਢਵਾ ਕੇ ਘਰਾਂ ਤੱਕ ਸਿੱਧੀ ਕੀਤੀ ਜਾਵੇਗੀ। ਵਾਟਰ ਟਰੀਟਮੈਂਟ ਪਲਾਂਟ ਲਈ ਜਗ੍ਹਾ ਲੈ ਲਈ ਗਈ ਹੈ। ਵਾਟਰ ਟਰੀਟਮੈਂਟ ਪਲਾਂਟ ਲੱਗਣ ਤੋਂ ਬਾਅਦ ਪਾਣੀ ਦੀ ਸਪਲਾਈ ਵਾਟਰ ਟਰੀਟਮੈਂਟ ਪਲਾਂਟ ਰਾਹੀਂ ਸ਼ਹਿਰ 'ਚ ਹੋਵੇਗੀ। ਸੀਵਰੇਜ ਦੀ ਜਿਹੜੀ ਮੰਗ ਚਿਰਾਂ ਤੋਂ ਲਟਕੀ ਹੋਈ ਹੈ ਸੀਵਰੇਜ ਪਾਇਆ ਜਾਵੇਗਾ।



## ਗੁਰੂ ਰਾਮਦਾਸ ਜੀ ਦੇ ਜਨਮ ਦਿਹਾੜੇ ਮੌਕੇ ਲੰਗਰ ਲਗਾਏ

ਮਜੀਠਾ : (ਸੋਇਮ ਅਨੰਦ) ਧੰਨ ਧੰਨ ਗੁਰੂ ਰਾਮਦਾਸ ਜੀ ਦੇ ਜਨਮ ਦਿਹਾੜੇ ਮੌਕੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਗਤਾਂ ਲਈ ਵੱਖ ਵੱਖ ਪਕਵਾਨਾਂ ਦੇ ਲੰਗਰ ਲਗਾਏ ਗਏ। ਇਸ ਸਬੰਧੀ ਗੱਲਬਾਤ ਕਰਦਿਆਂ ਨੰਬਰਦਾਰ ਗੁਰਪ੍ਰੀਤ ਸਿੰਘ ਗੋਪੀ ਨੇ ਦੱਸਿਆ ਕਿ ਸੰਗਤਾਂ ਲਈ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਗੁਰੂ ਰਾਮਦਾਸ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੰਗਰ ਲਗਾਏ ਗਏ ।ਇਸ ਮੌਕੇ ਸਮੂੰਹ ਸੇਵਾਦਾਰ ਪ੍ਰਿਤਪਾਲ ਸਿੰਘ, ਸੁਭਦੀਪ ਸਿੰਘ ਮੱਟੂ, ਰਵਿੰਦਰ ਸਿੰਘ ਬਾਠ,ਵਿਸਾਲਦੀਪ ਸਿੰਘ, ਨਿਰਮਲ ਸਿੰਘ ਨਿੰਮਾ,ਗੌਤਮ ਸਿੰਘ, ਪਿਰਸ, ਕੰਵਲਜੀਤ ਸਿੰਘ ਬਿੱਲਾ, ਗੁਰਪ੍ਰੀਤ ਸਿੰਘ ਸੋਖੀ, ਸੂਬਾ ਸਿੰਘ ਆਦਿ ਹਾਜ਼ਰ ਸਨ।



## ਸੜਕੀ ਆਵਾਜਾਈ ਨਿਯਮਾਂ ਦੀਆਂ ਸ਼ਰੇਆਮ ਉੱਡਦੀਆਂ ਧੱਜੀਆਂ

ਖਡੂਰ ਸਾਹਿਬ : (ਸਰਬਜੋਤ ਸਿੰਘ ਸੰਧਾ) ਬਦਲਾਅ ਦਾ ਵੱਡਾ ਨਾਅਰਾ ਦੇ ਕੇ ਸਾਢੇ ਤਿੰਨ ਸਾਲ ਪਹਿਲਾਂ ਸੱਤਾ ਵਿਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਵਿਚ ਸੜਕੀ ਆਵਾਜਾਈ ਦੇ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ । ਇਹ ਧੱਜੀਆਂ ਉਡਾਈਆਂ ਜਾ ਰਹੀਆਂ ਨੇ ਵਪਾਰਕ ਵਰਤੋਂ ਲਈ ਵਰਤੇ ਜਾਣ ਵਾਲੇ ਸਮਾਨ ਢੋਹਣ ਵਾਲੇ ਜੁਗਾੜੂ ਵਾਹਨਾਂ ਦੇ ਨਾਲ ਜਿਹੜੇ ਆਮ ਹੀ ਸੜਕਾਂ 'ਤੇ ਚੱਲਦੇ ਦੇਖੇ ਜਾ ਸਕਦੇ ਹਨ ।ਇਕ ਪਾਸੇ ਜਿਥੇ ਮਾੜੀ ਮੋਟੀ ਗਲਤੀ ਹੋਣ 'ਤੇ ਪੁਲਿਸ ਵਾਲੇ ਆਮ ਵਾਹਨਾਂ ਦਾ ਚਲਾਨ ਕਰਨ ਲੱਗੇ ਢਿੱਲ ਨਹੀਂ ਲਾਉਂਦੇ ਪਰ ਉਪਰੋਕਤ ਜੁਗਾੜੂ ਵਾਹਨ ਬਿਨਾਂ ਕਿਸੇ ਰਜਿਸਟਰੇਸ਼ਨ,ਬਿਨਾਂ ਕਿਸੇ ਬੀਮੇ ਅਤੇ ਕਿਸੇ ਹੋਰ ਲੋੜੀਂਦੇ ਨਿਯਮਾਂ ਦੀ ਪਾਲਣਾ ਕੀਤੇ ਬਿਨਾਂ ਸ਼ਰੇਆਮ ਸੜਕਾਂ ਉਪਰ ਚੱਲ ਰਹੇ ਹਨ ਪਰ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ। ਜਿਕਰਯੋਗ ਹੈ ਕਿ ਇਹ ਜੁਗਾੜੂ ਵਾਹਣ ਜਿਆਦਾਤਰ ਭੱਠੇ ਵਾਲਿਆਂ ਅਤੇ ਸੀਮਿੰਟ ਬੱਜਰੀ ਵਾਲੇ ਦੁਕਾਨਦਾਰਾਂ ਵਲੋਂ ਵਰਤੇ ਜਾ ਰਹੇ ਹਨ ਜਿਨ੍ਹਾਂ ਨੂੰ ਚਲਾਉਣ ਵਾਲੇ ਡਰਾਇਵਰਾਂ ਕੋਲ ਨਾ ਕੋਈ ਲਾਇਸੈਂਸ ਨਾ ਕੋਈ ਹੋਰ ਕਾਗਜ਼ ਹੁੰਦਾ ਹੈ।


AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ਗਰੰਟਰ/ਰਹਿਣਕਾਰ ਦਾ ਨਾਂਅ/ਪਤਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|---|
| 1. | ਸ੍ਰੀ ਨਾਨਕ ਸਿੰਘ ਪੁੱਤਰ ਦਲਬੀਰ ਸਿੰਘ ਅਤੇ 2. ਸ੍ਰੀ ਦਲਬੀਰ ਸਿੰਘ ਪੁੱਤਰ ਧਰਮ ਸਿੰਘ ਦੋਵੇਂ ਵਾਸੀ ਮਕਾਨ ਨੰ. 352, ਸ਼ਾਂਤ ਨਗਰ, ਵਾਰਡ ਨੰ. 12, ਨੇੜੇ ਆਈ ਬੈਂਕ, ਰੱਈਆ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143112 | 02-May-2025 | 21-May-2025 | 16-Oct-2025 | ਰੁਪਏ 14,16,141/- (ਚੌਦਾਂ ਲੱਖ ਸੌਲਾਂ ਹਜ਼ਾਰ ਇੱਕ ਸੌ ਇਕਤਾਲੀ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ

ਤਬਾਦਲਾ ਬੈਨਾਮਾ ਨੰ. 1817 ਮਿਤੀ 12.10.2016 ਅਨੁਸਾਰ ਦਲਬੀਰ ਸਿੰਘ ਪੁੱਤਰ ਧਰਮ ਸਿੰਘ ਦੇ ਨਾਂਅ ਜਾਇਦਾਦ ਦਾ ਉਚਿਤ ਗਿਰਵੀਨਾਮਾ ਰਕਬਾ 2 ਮਰਲੇ ਜੋ ਕਿ 2/108 ਹਿੱਸਾ, ਖਸਰਾ ਨੰ. 26//16/3/1 (5-8), ਖੇਵਟ ਖਤੌਨੀ ਨੰ. 161/295 ਰੱਈਆ ਖੇਤਰ ਵਿਖੇ ਸਥਿਤ, ਤਹਿਸੀਲ ਬਾਬਾ ਬਕਾਲਾ ਜ਼ਿਲ੍ਹਾ ਅੰਮ੍ਰਿਤਸਰ। ਹੱਦਾਂ : ਉੱਤਰ : ਗੁਰਚਰਨ ਸਿੰਘ ਦੀ ਇਮਾਰਤ, ਦੱਖਣ : ਗਲੀ, ਪੂਰਬ : ਫੇਰੂਮਾਨ ਰੋਡ, ਪੱਛਮ : ਲਖਵਿੰਦਰ ਸਿੰਘ ਦਾ ਮਕਾਨ।

ਮਿਤੀ : 17.10.2025, ਸਥਾਨ : ਅੰਮ੍ਰਿਤਸਰ    ਸਹੀ/- (ਅਧਿਕਾਰਤ ਅਫ਼ਸਰ), ਐਕਸਿਸ ਬੈਂਕ ਲਿਮਟਿਡ


## ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ ਦੀਆਂ ਵਿਦਿਆਰਥਣਾਂ ਖੇਡਾਂ 'ਚ ਜੇਤੂ



ਤਰਨ ਤਾਰਨ (ਪ੍ਰਿਤਪਾਲ ਸਿੰਘ)-13 ਅਕਤੂਬਰ ਨੂੰ ਮਲੋਟ, ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਪੰਜਾਬ ਸਰਕਾਰ ਦੁਆਰਾ 69ਵੀਆਂ ਰਾਜ ਪੱਧਰੀ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਪੰਜਾਬ ਰਾਜ ਦੇ ਕਈ ਜ਼ਿਲ੍ਹੇ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ।

ਇਹਨਾਂ ਰਾਜ ਪੱਧਰੀ ਖੇਡਾਂ ਵਿੱਚ ਜ਼ਿਲ੍ਹਾ ਤਰਨ ਤਾਰਨ ਦੀ ਵਾਲੀਬਾਲ (ਅੰਡਰ-17) ਲੜਕੀਆਂ ਦੀ ਟੀਮ ਨੇ ਵੀ ਹਿੱਸਾ ਲਿਆ ਜਿਸ ਵਿੱਚ ਗੁਰੂ ਅਮਰਦਾਸ ਆਦਰਸ਼ ਇੰਸਟੀਚਿਊਟ, ਗੋਇੰਦਵਾਲ ਸਾਹਿਬ ਦੀਆਂ ਦੋ ਵਿਦਿਆਰਥਣਾਂ ਸੁਖਮਨਪ੍ਰੀਤ ਕੌਰ (ਜਮਾਤ ਨੌਂਵੀ) ਅਤੇ ਗੁਰਮਨਦੀਪ ਕੌਰ (ਜਮਾਤ ਨੌਂਵੀ) ਨੇ ਆਪਣੇ ਕੋਚ ਸੁਖਵਿੰਦਰ ਸਿੰਘ, ਰੇਸ਼ਮ ਸਿੰਘ ਅਤੇ ਰਾਜਬੀਰ ਕੌਰ ਦੀ ਸਹੀ ਸੇਧ ਅਤੇ ਆਪਣੀ ਮਿਹਨਤ ਸਦਕਾ ਦੂਜਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਮ ਪੂਰੇ ਰਾਜ ਵਿੱਚ ਰੋਸ਼ਨ ਕੀਤਾ ਇਹਨਾਂ ਜੇਤੂ ਵਿਦਿਆਰਥਣਾਂ ਨੂੰ ਡੀ.ਐੱਸ.ਓ., ਮੁਕਤਸਰ ਸਾਹਿਬ ਦੁਆਰਾ ਸਨਮਾਨਤ ਕੀਤਾ ਗਿਆ। ਇਸ ਮੌਕੇ ਆਪਣੀ ਖੁਸ਼ੀ ਜ਼ਾਹਰ ਕਰਦਿਆਂ ਸੰਸਥਾ ਦੇ ਡਾਇਰੈਕਟਰ ਡਾ. ਜਤਿੰਦਰਪਾਲ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਮਨੀਸ਼ਾ ਸੂਦ ਨੇ ਜੇਤੂ ਵਿਦਿਆਰਥਣਾਂ ਨੂੰ ਵਧਾਈ ਦੀ ਪਾਤਰ ਦੱਸਦਿਆਂ ਹਰ ਖੇਤਰ ਵਿੱਚ ਆਪਣਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ।

## ਖਾਲਸਾ ਕਾਲਜ ਗੁਰਦਾਸ ਨੰਗਲ ਵੱਲੋਂ ਕਿਤਾਬਾਂ ਦਾ ਲੰਗਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ-ਰੇਖ ਹੇਠ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦੇ ਸਮੂਹ ਸਟਾਫ ਅਤੇ ਵਿਦਿਆਰਥੀਆਂ



ਨੇ ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੇ ਜਨਮ ਦਿਵਸ ਮੌਕੇ ਗੁਰਦੁਆਰਾ ਗੜ੍ਹੀ ਗੁਰਦਾਸਨੰਗਲ ਵਿਖੇ ਮੱਥਾ ਟੇਕਿਆ ਅਤੇ ਇਲਾਹੀ ਬਾਣੀ ਦਾ ਕੀਰਤਨ ਸਰਵਣ ਕੀਤਾ। ਕਾਲਜ ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਦੱਸਿਆ ਕਿ ਇਸ ਮੌਕੇ ਕਾਲਜ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਗੁਰਬਾਣੀ ਅਤੇ ਸਿੱਖ ਇਤਿਹਾਸ ਨਾਲ ਸੰਬੰਧਤ ਕਿਤਾਬਾਂ ਦਾ ਲੰਗਰ ਲਗਾਇਆ ਗਿਆ। ਕਾਲਜ ਦੇ ਵਿਦਿਆਰਥੀਆਂ ਨੇ ਪੂਰੀ ਸ਼ਰਧਾ ਅਤੇ ਸਤਿਕਾਰ ਸਹਿਤ ਲੰਗਰ ਦੀ ਸੇਵਾ ਕੀਤੀ। ਪ੍ਰਿੰਸੀਪਲ ਡਾ.ਗੁਰਜੀਤ ਸਿੰਘ ਨੇ ਕਿਹਾ ਕਿ ਇਸ ਇਤਿਹਾਸਕ ਸਥਾਨ (ਗੁਰਦੁਆਰਾ ਗੜ੍ਹੀ ਗੁਰਦਾਸਨੰਗਲ) ਦੀ ਮਹੱਤਤਾ ਤੋਂ ਅਜੋਕੀ ਨੌਜਵਾਨ ਪੀੜ੍ਹੀ ਨੂੰ ਜਾਣੂ ਕਰਵਾਉਣਾ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਸਾਡੀ ਕੌਮ ਦਾ ਇਤਿਹਾਸ ਸੂਰਬੀਰਾਂ ਤੇ ਬਹਾਦਰਾਂ ਦੇ ਅਲੌਕਿਕ ਕਾਰਨਾਮਿਆਂ ਅਤੇ ਸ਼ਹਾਦਤਾਂ ਨਾਲ ਭਰਪੂਰ ਹੈ ਜਿਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਉਹਨਾਂ ਨੇ ਵਿਦਿਆਰਥੀਆਂ ਨੂੰ ਆਪਣੇ ਧਰਮ ਵਿੱਚ ਪ੍ਰਪੱਕ ਰਹਿਣ ਦੀ ਅਪੀਲ ਕੀਤੀ।

## ਆਰ ਐੱਸ ਐੱਸ ਦੀ ਸਥਾਪਨਾ ਦੀ ਵਰ੍ਹੇਗੰਢ ਮੌਕੇ ਸ਼ਸਤਰ ਪੂਜਨ

ਡੇਰਾ ਬਾਬਾ ਨਾਨਕ : (ਰਮੇਸ਼ ਸ਼ਰਮਾ) ਰਾਸ਼ਟਰੀ ਸਵੈਮਸੇਵਕ ਸੰਘ ਦੀ ਡੇਰਾ ਬਾਬਾ ਨਾਨਕ ਇਕਾਈ ਵਲੋਂ ਵਿਜੈ ਦਸ਼ਮੀ ਸਮਾਰੋਹ ਮਨਾਇਆ ਗਿਆ। ਜਿਸ ਵਿੱਚ ਤਿੰਨ ਜ਼ਿਲ੍ਹਿਆਂ ਦੇ ਮੁਖੀ ਸ਼੍ਰੀ ਮਾਨ ਕਮਲ ਕਪੂਰ ਨੇ ਸ਼ਸਤਰ ਪੂਜਾ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਸਰੀਰਕ ਅਭਿਆਸ ਵਿੱਚ ਯੋਗਾਸਨ , ਗੁਰੂਬਾਣੀ ਦੇ ਸ਼ਬਦ ਅਤੇ ਦੇਸ਼ ਭਗਤੀ ਦੇ ਗੀਤ ਗਾਏ ਗਏ। ਮੁੱਖ ਵਕਤਾ ਕੰਵਲ ਕਪੂਰ ਨੇ ਕਿਹਾ ਕਿ ਡਾ. ਹੇਡਗੇਵਾਰ ਨੇ 1925 ਵਿੱਚ ਵਿਜੈ ਦਸ਼ਮੀ ਦੇ ਦਿਨ ਰਾਸ਼ਟਰੀ ਸਵੈਮਸੇਵਕ ਸੰਘ ਦੀ ਸ਼ੁਰੂਆਤ ਕੀਤੀ ਸੀ,ਜੋ ਅੱਜ ਦੁਨੀਆ ਦੀ ਸਭ ਤੋਂ ਵੱਡੀ ਐੱਨ ਜੀ ਓ ਹੈ। ਮੁੱਖ ਬੁਲਾਰੇ ਨੇ ਕਿਹਾ ਕਿ ਸਾਰਿਆਂ ਨੂੰ ਸਮਾਜ ਵਿੱਚ ਤਬਦੀਲੀ ਲਈ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਸੁਮਿਤ ਅਰੋੜਾ, ਨਿਸ਼ੂ ਮਹਾਜਨ, ਰਾਜੇਸ਼ (ਲੱਕੀ), ਲਵਲੀ ਸ਼ਰਮਾ, ਸ਼ਾਮ ਗੈਂਦ ਵਿਨੇਕ, ਹਿਮਾਂਸ਼ੂ ਕਨ੍ਹਈਆ, ਲਵਿਸ਼, ਮੁਰਾਦ,ਬੰਧਨ, ਰਿਸ਼ਵ, ਦੀਪਕ ਅੰਮ੍ਰਿਤਸਰ ਅਤੇ ਆਰਿਯਨ ਹਾਜ਼ਰ ਸਨ।



## ਭਾਈ ਸਾਲ੍ਹੋ ਦਾ ਸਾਲਾਨਾ ਮੇਲਾ 29 ਨੂੰ ਮਨਾਇਆ ਜਾਵੇਗਾ



ਮਜੀਠਾ : (ਸੋਇਮ ਆਨੰਦ) ਰਾਮਦਾਸ ਜੀ ਦੇ ਅਨਿਨ ਸੇਵਕ ਬਾਬਾ ਭਾਈ ਸਾਲ੍ਹੋ ਜੀ ਦਾ ਸਲਾਨਾ ਮੇਲਾ ਧਾਰਮਿਕ ਸਮਾਗਮ ਡੇਰਾ ਬਾਬਾ ਭਾਈ ਸਾਲ੍ਹੋ ਦੇ ਮੁੱਖ ਸੇਵਾਦਾਰ ਬਾਬਾ ਮੋਹਨ ਸਿੰਘ ਦੀ ਅਗਵਾਈ ਹੇਠ ਪਿੰਡ ਪੰਡੋਰੀ ਵੜੈਚ ਵਿਖੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਬਾਬਾ ਭਾਈ ਸਾਲ੍ਹੋ ਦੇ ਮੁੱਖ ਸੇਵਾਦਾਰ ਬਾਬਾ ਮੋਹਨ ਸਿੰਘ ਨੇ ਦੱਸਿਆ ਕਿ 29 ਅਕਤੂਬਰ ਦਿਨ ਬੁੱਧਵਾਰ ਨੂੰ ਬਾਬਾ ਭਾਈ ਸਾਲ੍ਹੋ ਦਾ ਸਲਾਨਾ ਮੇਲਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ ਜਿਸ ਦੀਆਂ ਤਿਆਰੀਆਂ ਸ਼ੁਰੂ ਹਨ।

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਖੁੱਲੇ ਪੰਡਾਲ ਵਿੱਚ ਧਾਰਮਿਕ ਦਿਵਾਨ ਸਜਾਏ ਜਾਣਗੇ ਜਿਸ ਵਿੱਚ ਪੰਥ ਪ੍ਰਸਿੱਧ ਰਾਗੀ, ਢਾਡੀ ,ਕਵੀਸ਼ਰ ਅਤੇ ਕਥਾਵਾਚਕ ਸੰਗਤਾਂ ਨੂੰ ਬਾਬਾ ਭਾਈ ਸਾਲ੍ਹੋ ਦੀ ਜੀਵਨੀ ਅਤੇ ਗੁਰਇਤਿਹਾਸ ਤੋਂ ਜਾਣੂ ਕਰਵਾਉਣਗੇ। ਇਸ ਮੌਕੇ ਬਾਬਾ ਮੋਹਨ ਸਿੰਘ ਤੋਂ ਇਲਾਵਾ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ।


ਉੱਤਰ ਰੇਲਵੇ

ਈ-ਨਿਵਿਦਾ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ, ਅੰਤਮ ਮਿਤੀ 06.11.2025 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 15.10.2025 | 23.10.2025 | 06.11.2025 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 157-2025-26-ADEN-I-ASR | ਸਹਾਇਕ ਮੰਡਲ ਇੰਜੀਨੀਅਰ - ਫਸਟ ਅੰਮ੍ਰਿਤਸਰ ਦੇ ਸੈਕਸ਼ਨ ਵਿਚ ਅੰਮ੍ਰਿਤਸਰ ਅਤੇ ਬਿਆਸ ਵਿਚ ਆਫਿਸਰਸ ਅਤੇ ਸਬ-ਆਰਡੀਨੇਟ ਰੇਸਟ ਹਾਊਸ ਦੀ ਮੁਰੰਮਤ ਅਤੇ ਮੇਂਟਨੇਂਸ ਦਾ ਕੰਮ। | | |
| | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 6999874.53/- | 140000.00 /- | 60 ਦਿਨ | 08 ਮਹੀਨੇ |
| | ਸਮਾਨ ਨੇਚਰ ਦਾ ਕੰਮ: ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ''। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। ਨਿਵਿਦਾ ਨੰਬਰ :- 157-2025-26-ADEN-I-ASR ਤਾਰੀਕ : 16.10.2025    3207/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



AXIS BANK

Retail Asset Center: "2nd and 3rd Floor, Property No. 7-E, Malhar Road, Saraabha Nagar, Ludhiana- 141001.
Corporate Office: "Axis House", C-2, Wadia International Centre, Pandurang Budhkar Marg, Worli, Mumbai- 400025
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

ਅਚੱਲ ਜਾਇਦਾਦ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿੱਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿੱਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿਕਰੀ (1) ਮੈਸਰਜ਼ ਕੇਵਲ ਕ੍ਰਿਸ਼ਨ ਅਸ਼ੋਕ ਕੁਮਾਰ (2) ਸ੍ਰੀ ਅਸ਼ੋਕ ਕੁਮਾਰ ਪੁੱਤਰ ਕੇਵਲ ਕ੍ਰਿਸ਼ਨ (3) ਸ੍ਰੀ ਕੇਵਲ ਕ੍ਰਿਸ਼ਨ ਪੁੱਤਰ ਅਮਰ ਦਾਸ ਤੋਂ ਸਕਿਉਰਡ ਕ੍ਰੈਡਿਟਰ ਦੀ 27 ਦਸੰਬਰ 21 ਨੂੰ ਬਕਾਇਆ ਰਕਮ ਰੁਪਏ 84,51,334/- (ਚੌਰਾਸੀ ਲੱਖ ਇਕਵੰਜਾ ਹਜ਼ਾਰ ਤਿੰਨ ਸੌ ਚੌਂਤੀ ਰੁਪਏ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 20 ਨਵੰਬਰ 2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 64,13,640/- (ਚੌਂਹਠ ਲੱਖ ਤੇਰਾਂ ਹਜ਼ਾਰ ਛੇ ਸੌ ਚਾਲੀ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 6,41,364/- (ਛੇ ਲੱਖ ਇਕਤਾਲੀ ਹਜ਼ਾਰ ਤਿੰਨ ਸੌ ਚੌਂਹਠ ਰੁਪਏ ਕੇਵਲ) ਡੀ ਡੀ/ ਪੀ ਓ ਰਾਹੀਂ ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀਯੋਗ। |
| ਬੋਲੀ ਵਾਧਾ ਰਕਮ | 20,000/- (ਵੀਹ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 18 ਨਵੰਬਰ 2025 ਨੂੰ ਸ਼ਾਮ ਦੇ 5.00 ਵਜੇ ਤੱਕ ਹਰਪ੍ਰੀਤ ਨਾਥ ਦੇ ਪਤੇ 'ਤੇ। |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 20 ਨਵੰਬਰ 2025 ਨੂੰ ਸਵੇਰੇ 10.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ

ਦਸਤਾਵੇਜ਼ ਨੰ. 7274 ਮਿਤੀ 19-09-1988 ਅਨੁਸਾਰ ਕੇਵਲ ਕ੍ਰਿਸ਼ਨ ਪੁੱਤਰ ਅਮਰ ਨਾਥ ਦੇ ਨਾਂਅ ਰਿਹਾਇਸ਼ੀ ਮਕਾਨ ਰਕਬਾ 128 ਵਰਗ ਗਜ਼, ਜ਼ਮੀਨ 16 ਮਰਲੇ ਦਾ 5/16 ਹੱਦ ਹਿੱਸਾ ਖਸਰਾ ਨੰ. 4398/2196/2, ਖੱਤਾ ਖਤੌਨੀ ਨੰ. 1219/1344 ਜਮ੍ਹਾਂਬੰਦੀ ਸਾਲ 2015-16 ਬਸੰਤ ਨਗਰ ਮਜੀਠਾ ਰੋਡ ਵਿਖੇ ਸਥਿਤ ਅੰਮ੍ਰਿਤਸਰ ਅਰਬਨ 110, ਤਹਿਸੀਲ ਅੰਮ੍ਰਿਤਸਰ-1 ਅਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ ਟਾਈਟਲ ਬੈਨਾਮੇ ਅਨੁਸਾਰ : ਪੂਰਬ : ਮੁਖਤਿਆਰ ਕੌਰ ਦੀ ਜਾਇਦਾਦ, ਪੱਛਮ : ਹੋਰਨਾਂ ਦੀ ਜਾਇਦਾਦ, ਉੱਤਰ : ਸੜਕ 13'-00" ਚੌੜੀ, ਦੱਖਣ : ਹੋਰਨਾਂ ਦੀ ਜਾਇਦਾਦ।

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਹਰਪ੍ਰੀਤ ਨਾਥ ਮੋਬਾਈਲ ਨੰ. 99156-15220 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ। ਇਸ ਨੋਟਿਸ ਨੂੰ ਕਰਜ਼ਦਾਰਾਂ ਲਈ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲ, 2002 ਦੇ ਰੂਲ 8 (6) ਤਹਿਤ 30 ਦਿਨਾਂ ਦਾ ਨੋਟਿਸ ਮੰਨਿਆ ਜਾਵੇ।

ਮਿਤੀ : 17.10.2025, ਸਥਾਨ : ਅੰਮ੍ਰਿਤਸਰ, ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)



AXIS BANK

Retail Asset Center: "2nd and 3rd Floor, Property No. 7-E, Malhar Road, Saraabha Nagar, Ludhiana- 141001.
Corporate Office: "Axis House", C-2, Wadia International Centre, Pandurang Budhkar Marg, Worli, Mumbai- 400025
Registered Office: "Trishul", 3rd Floor Opp. Samartheshwar Temple Law Garden, Ellisbridge Ahmedabad- 380006

ਅਚੱਲ ਜਾਇਦਾਦ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿੱਕਰੀ ਨੋਟਿਸ

ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਤਹਿਤ ਅਚੱਲ ਐੱਸਟਸ ਦੀ ਵਿੱਕਰੀ ਵਾਸਤੇ ਈ-ਨਿਲਾਮੀ ਵਿੱਕਰੀ ਨੋਟਿਸ।

ਆਮ ਜਨਤਾ ਅਤੇ ਖਾਸ ਕਰ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਜਾਇਦਾਦ ਸਕਿਉਰਡ ਕ੍ਰੈਡਿਟਰ ਕੋਲ ਰਹਿਣ/ਚਾਰਜਡ ਹੈ, ਜਿਸ ਦਾ ਭੌਤਿਕ ਕਬਜ਼ਾ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਸਕਿਉਰਡ ਕ੍ਰੈਡਿਟਰ ਵੱਲੋਂ ਪ੍ਰਾਪਤ ਕਰ ਲਿਆ ਗਿਆ ਹੈ, ਦੀ ਵਿੱਕਰੀ (1) ਸ੍ਰੀ ਚੰਦ ਪੁੱਤਰ ਹਰਜੀਤ ਸਿੰਘ (2) ਸ੍ਰੀ ਸੂਰਜ ਪੁੱਤਰ ਹਰਜੀਤ ਸਿੰਘ ਅਤੇ (3) ਸ੍ਰੀਮਤੀ ਪਰਮਜੀਤ ਕੌਰ ਪਤਨੀ ਹਰਜੀਤ ਸਿੰਘ ਤੋਂ ਸਕਿਉਰਡ ਕ੍ਰੈਡਿਟਰ ਦੀ 15 ਅਕਤੂਬਰ 2025 ਨੂੰ ਬਕਾਇਆ ਰਕਮ ਰੁਪਏ 25,68,257/- (ਪੱਚੀ ਲੱਖ ਅਠਾਹਠ ਹਜ਼ਾਰ ਦੋ ਸੌ ਸਤਵੰਜਾ ਰੁਪਏ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਉੱਥੇ ਜੋ ਵੀ ਹੈ" ਦੇ ਅਧਾਰ 'ਤੇ 07 ਨਵੰਬਰ 2025 ਨੂੰ ਕੀਤੀ ਜਾਵੇਗੀ। ਜ਼ਰੂਰੀ ਵੇਰਵਿਆਂ ਲਈ ਕਿਰਪਾ ਕਰਕੇ ਨਿਲਾਮੀ ਸਾਰਣੀ ਦਾ ਹਵਾਲਾ ਲਿਆ ਜਾਵੇ।

| ਜਾਣਕਾਰੀ 'ਚ ਜੋਖਮ (ਜੇਕਰ ਕੋਈ ਹੈ) | ਕੋਈ ਨਹੀਂ |
|---|---|
| ਰਾਖਵੀਂ ਕੀਮਤ (ਰੁਪਏ 'ਚ) | ਰੁਪਏ 12,00,000/- (ਬਾਰਾਂ ਲੱਖ ਰੁਪਏ ਕੇਵਲ) |
| ਬਿਆਨਾ ਰਕਮ ਡਿਪਾਜ਼ਟ (ਰੁਪਏ 'ਚ) | ਰੁਪਏ 1,20,000/- (ਇੱਕ ਲੱਖ ਵੀਹ ਹਜ਼ਾਰ ਰੁਪਏ ਕੇਵਲ ) ਡੀ ਡੀ/ ਪੀ ਓ ਰਾਹੀਂ ਐਕਸਿਸ ਬੈਂਕ ਲਿਮਟਿਡ ਦੇ ਹੱਕ 'ਚ ਲੁਧਿਆਣਾ ਵਿਖੇ ਅਦਾਇਗੀਯੋਗ। |
| ਬੋਲੀ ਵਾਧਾ ਰਕਮ | 10,000/- (ਦਸ ਹਜ਼ਾਰ ਰੁਪਏ ਕੇਵਲ) |
| ਈ ਐੱਮ ਡੀ ਸਮੇਤ ਬੋਲੀਆਂ/ਟੈਂਡਰ ਜਮ੍ਹਾਂ ਕਰਵਾਉਣ ਲਈ ਅੰਤਮ ਮਿਤੀ, ਸਮਾਂ ਅਤੇ ਸਥਾਨ | ਐਕਸਿਸ ਬੈਂਕ ਲਿਮਟਿਡ ਰਿਟੇਲ ਐੱਸਟ ਸੈਂਟਰ, ਦੂਜੀ ਅਤੇ ਤੀਜੀ ਮੰਜ਼ਲ, ਜਾਇਦਾਦ ਨੰ. 7 ਈ, ਮਲਹਾਰ ਰੋਡ, ਸਰਾਭਾ ਨਗਰ, ਲੁਧਿਆਣਾ-141001, ਵਿਖੇ 06 ਨਵੰਬਰ 2025 ਨੂੰ ਸ਼ਾਮ ਦੇ 5.00 ਵਜੇ ਤੱਕ ਸੰਦੀਪ ਬਵੇਜਾ ਦੇ ਪਤੇ 'ਤੇ |
| ਜਨਤਕ ਈ-ਨੀਲਾਮੀ ਲਈ ਮਿਤੀ, ਸਮਾਂ ਅਤੇ ਸਥਾਨ | ਵੈੱਬ ਪੋਰਟਲ https://www.bankeauctions.com 'ਤੇ 07 ਨਵੰਬਰ 2025 ਨੂੰ ਸਵੇਰੇ 11.00 ਵਜੇ ਅਤੇ ਦੁਪਹਿਰ 12.00 ਵਜੇ ਦਰਮਿਆਨ, ਹਰੇਕ 5 ਮਿੰਟਾਂ ਦੇ ਅਸੀਮਤ ਵਾਧਿਆਂ ਨਾਲ। ਈ-ਨਿਲਾਮੀ ਬੋਲੀ ਫਾਰਮ, ਘੋਸ਼ਣਾ ਆਦਿ ਰੱਖਦੇ ਈ-ਨਿਲਾਮੀ ਟੈਂਡਰ ਦਸਤਾਵੇਜ਼ ਉਪਰੋਕਤ ਦਰਸਾਏ ਸਰਵਿਸ ਪ੍ਰੋਵਾਈਡਰ ਦੀ ਵੈੱਬਸਾਈਟ 'ਤੇ ਉਪਲੱਬਧ ਹਨ। |

ਸਾਰਣੀ-ਜਾਇਦਾਦ ਦਾ ਵੇਰਵਾ

ਬੈਨਾਮਾ ਵਸੀਕਾ ਨੰ. 14998 ਮਿਤੀ 06-03-2018 ਅਨੁਸਾਰ ਸ੍ਰੀ ਚੰਦ ਪੁੱਤਰ ਹਰਜੀਤ ਸਿੰਘ ਦੇ ਨਾਂਅ ਰਜਿਸਟਰਡ ਰਿਹਾਇਸ਼ੀ ਜਾਇਦਾਦ/ਫਲੈਟ ਨੰ. ਐੱਲ ਆਈ ਜੀ-637, ਧਰਾਤਲ ਮੰਜ਼ਲ, ਰਕਬਾ 48 ਵਰਗ ਗਜ਼ (432 ਵਰਗ ਫੁੱਟ) ਹਾਊਸਿੰਗ ਬੋਰਡ ਕਾਲੋਨੀ, ਸੀ. ਬਲਾਕ, ਰਣਜੀਤ ਐਵੇਨਿਊ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ ਅਨੁਸਾਰ) : ਉੱਤਰ : ਐੱਨ/ਏ, ਦੱਖਣ : ਐੱਨ/ਏ, ਪੂਰਬ : ਐੱਨ/ਏ, ਪੱਛਮ : ਐੱਨ/ਏ

ਵਿਕਰੀ ਦੀਆਂ ਵਿਸਥਾਰਤ ਸ਼ਰਤਾਂ ਅਤੇ ਨਿਯਮਾਂ ਲਈ ਕ੍ਰਿਪਾ ਕਰਕੇ ਸਕਿਉਰਡ ਕ੍ਰੈਡਿਟਰ ਦੀ ਵੈੱਬਸਾਈਟ https://www.axisbank.com/auction-retail ਅਤੇ ਬੈਂਕ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਦਾ ਹਵਾਲਾ ਲਿਆ ਜਾਵੇ। ਈ-ਨਿਲਾਮੀ ਬੈਂਕ ਦੇ ਪ੍ਰਮਾਣਿਤ ਸਰਵਿਸ ਪ੍ਰੋਵਾਈਡਰ ਮੈਸ: ਸੀ-1 ਇੰਡੀਆ ਪ੍ਰਾਈਵੇਟ ਲਿਮਟਿਡ ਦੇ ਵੈੱਬ ਪੋਰਟਲ https://www.bankeauctions.com ਰਾਹੀਂ ਆਨਲਾਈਨ ਕੀਤੀ ਜਾਵੇਗੀ। ਹੋਰ ਸਹਾਇਤਾ ਲਈ ਚਾਹਵਾਨ ਬੋਲੀਕਾਰ ਸ੍ਰੀ ਸੰਦੀਪ ਬਵੇਜਾ ਮੋਬਾਈਲ ਨੰ. 89207-05598 ਬੈਂਕ ਦੇ ਅਧਿਕਾਰਤ ਅਫਸਰ ਨਾਲ ਦਫਤਰੀ ਸਮੇਂ ਸਵੇਰੇ 10 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ ਸੰਪਰਕ ਕਰ ਸਕਦੇ ਹਨ।

ਮਿਤੀ : 17.10.2025, ਸਥਾਨ : ਅੰਮ੍ਰਿਤਸਰ, ਤੁਹਾਡਾ ਸ਼ੁੱਭਚਿੰਤਕ ਵਾਸਤੇ ਐਕਸਿਸ ਬੈਂਕ ਲਿਮਟਿਡ (ਅਧਿਕਾਰਤ ਅਫਸਰ)

17 Oct Page 12.qxd 10/16/2025 10:52 PM Page 1



# ਦੀਵਾਲੀ/ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ 'ਤੇ ਜਗਰਾਉਂ ਤੋਂ ਵਿਸ਼ੇਸ਼ ਸਪਲੀਮੈਂਟ


सबसे पुराना, शुद्ध एवं सिर्फ आपके अपने जगरांओं शहर में
Arvind Kathuria
Abhay Kathuria
M. 82333-00650
RHJ
RAM LAL HAKUMAT RAI
Railway Road, Jagraon - 142026 (Distt. Ludhiana)
rhj1925@gmail.com ramlalhakumatraijagraon
हमारी अन्य और कोई ब्रांच नहीं है।

DINESH ARORA
98156-79838
83604-39490
98156-79838, 83604-39490
D.O.P VANSH ARORA
98778-26626
Kaka Jee
Films Production
CREATING MOMENTS, CREATING LIFE
PHOTOGRAPHY & PRE WEDDING SHOOT, CINEMATIC WEDDING FILM'S
MUSIC VIDEOS, CINEMATIC REELS, EVENTS & MORE
KAKAJEEFILMSPRODUCTION | KAKAJEE FILMS PRODUCTION JAGRAON | e-mail: kakajeefilms@gmail.com
@KAKAJEEFILMSPRODUCTION


## ਧੰਨਵਾਦ

ਮੈਂ, ਅਦਾਰਾ 'ਨਵਾਂ ਜ਼ਮਾਨਾ' ਰਾਹੀਂ ਜਗਰਾਉਂ ਤੋਂ ਵਿਸ਼ੇਸ਼ ਸਪਲੀਮੈਂਟ ਪਾਠਕਾਂ ਦੇ ਰੂਬਰੂ ਕੀਤਾ ਹੈ। ਉਮੀਦ ਹੈ ਕਿ ਸਭ ਨੂੰ ਚੰਗਾ ਲੱਗਿਆ ਹੋਵੇਗਾ। ਮੈਂ, ਇਸ ਵਿੱਚ ਸਹਿਯੋਗ ਦੇਣ ਵਾਲੇ ਸਭ ਦੋਸਤਾਂ ਦਾ ਰਿਣੀ ਰਹਾਂਗਾ। ਉਮੀਦ ਕਰਦਾ ਰਹਾਂਗਾ ਕਿ ਅੱਗੇ ਤੋਂ ਵੀ ਇਸ ਤਰ੍ਹਾਂ ਹੀ ਮੇਰਾ ਸਹਿਯੋਗ ਕਰਦੇ ਰਹੋਗੇ ਤੇ ਮੈਂ ਪੱਤਰਕਾਰੀ ਦੇ ਖੇਤਰ ਰਾਹੀਂ ਇਨਸਾਫ਼ ਦੀ ਆਵਾਜ਼ ਨੂੰ ਬੁਲੰਦ ਕਰਦਾ ਰਹਾਂਗਾ।


ਸੰਜੀਵ ਅਰੋੜਾ (ਪੱਤਰਕਾਰ ਜਗਰਾਉਂ)
M: 98145-56990
E-mail: jagraonnawanzamana@gmail.com



ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ
HOTEL FIVE RIVERS
ਬੇਅੰਤ ਬਾਵਾ
Achieverz English Academy Jagraon

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
ਇੱਥੇ ਹਰ ਤਰ੍ਹਾਂ ਦੀਆਂ ਕੋਠੀਆਂ ਤਿਆਰ ਕੀਤੀਆ ਜਾਂਦੀਆ ਹਨ।
ਠੇਕੇਦਾਰ ਸੋਨੀ ਸਿੰਘ
M: 78147-94550, 98144-86229

SWARAJ & SWARA

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
Manu Kumar M.: 98551-65996
Raman Kumar M.: 98553-86867
Tarsem Lal M.: 98142-80300
Vijay Kumar M.: 97730-26877
Subhash Chander Prop. M.: 98140-34679
Dalip Sweet Shop
Spl. Arrangement For : Marriage & Other Function
OPP. COURT, JAGRAON.

CITY FAMOUS SPL. BARFI & GULAB JAMUN
SINCE 1972
SDH
Satti Sweets
CITY FAMOUS SPL. PURI
OLD GRAIN MARKET, JAGRAON PH.: 01624-224061
PREM : 98889-36127 | VICKY : 98883-36127
Spl. Arrangment for: Marriage & Other Function

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
SUMIR KUMAR AGGARWAL

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
Shiv Narain Garg M. 98148-71980
Vikas Garg M. 80545-88545
*PAINT *TILES *SANITARY
bathsense | asianpaints | KANSAI NEROLAC | SHALIMAR PAINTS | Berger
B N SALES CORPORATION
Near Atam Nagar, Opp. Govt. School, JAGRAON

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ
ਅਗਵਾੜ ਗੁਜਰਾਂ ਜਗਰਾਉਂ
ਵੱਲੋਂ: ਮੁੱਖ ਸੇਵਾਦਾਰ ਅਮਰੀਕ ਸਿੰਘ ਚਾਵਲਾ

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
ਚੀਨਾ ਮਨੀ ਚੇਂਜਰ
ਇੱਥੇ ਹਰ ਤਰ੍ਹਾਂ ਦੀ ਵਿਦੇਸ਼ੀ ਕਰੰਸੀ ਵੇਚੀ ਅਤੇ ਖ਼ਰੀਦੀ ਜਾਂਦੀ ਹੈ।
ਨੋਟ: ਬਾਹਰ ਤੋਂ ਆਏ ਪੈਸੇ ਪ੍ਰਾਪਤ ਕਰੋ ਅਤੇ ਪੈਸੇ ਬਾਹਰ ਭੇਜਣ ਲਈ ਸੰਪਰਕ ਕਰੋ।
ਸਵ: ਸ੍ਰੀ ਵਿਜੇ ਕੁਮਾਰ ਗੋਇਲ (ਚੀਨਾ)
ਮਿਲੋ: ਝਾਂਸੀ ਰਾਣੀ ਚੌਕ, ਵਿਜੇ ਨਗਰ, ਜਗਰਾਉਂ
M: 01624-222673, 01624-223971, 77308-00000

ਬੰਦੀ ਛੋੜ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਵਧਾਈਆਂ
CK
STEEL INDUSTRIES
Karan Singh | Ranjit Singh
M: 98151-56052
Shop: LAJPAT RAI ROAD, JAGRAON (LDH.)

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
VIPAN PAL BANSAL
M: 94170-23163
MANAS BANSAL

ਦੀਵਾਲੀ/ ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਮੁਬਾਰਕਾਂ
ਵੱਲੋਂ
GOPAL BANSAL
M: 98152-45074
ASHOK SINGLA
M: 79732-42797
SHIV KUMAR
M: 94174-42781

ਦੀਵਾਲੀ ਅਤੇ ਬੰਦੀ ਛੋੜ ਦਿਵਸ, ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਅਸ਼ਵਨੀ ਗਰਗ | ਰਾਘਵ ਗਰਗ | ਸਈਅਮ ਗਰਗ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
TATTOO TRAINING 50% OFF
BUTA 99882-55002
Black Lion Tattoo Studio
Black Lion Tattoo Studio
Basement of Galib Complex Jagraon (Ludhiana)
Spl. TATTOO- BODY PIERCING TATTOO TRAINING
BLACK LION TATTOO
Since : 2012

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
M: 80602-84625
Deep Jeweller
Specialist in: All Type of Fancy Jewellery & Rashi Stone Available Here.
Shop: Old Civil Hospital Road, Jagraon-142026

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਵਧਾਈਆਂ
Raju Chawla M: 94176-60290
Happy Chawla M: 94637-48506
Tanveer Chawla M: 88722-52027
CHAWLA BAKERS
Biscuits | Pastries | Cake | 5 Step Cake
All Kinds of Birthday Cake & Wedding Cake Available

ਆਪ ਸਭ ਨੂੰ ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਲੱਖ ਲੱਖ ਵਧਾਈਆਂ
Happy Diwali
ਵੱਲੋਂ: ਰਵਿੰਦਰ ਕੁਮਾਰ ਸੱਭਰਵਾਲ (ਫੀਨਾ)
ਸਾਬਕਾ ਪ੍ਰਧਾਨ ਬਲਾਕ ਕਾਂਗਰਸ ਕਮੇਟੀ ਜਗਰਾਉਂ

ਦੀਵਾਲੀ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
SAURAV BOOK STALL
ਸਾਰੇ ਸਕੂਲਾਂ ਦੀਆਂ ਕਿਤਾਬਾਂ, ਕਾਪੀਆਂ, ਸਟੇਸ਼ਨਰੀ, ਸਕੂਲ ਬੈਗ ਤੇ ਖੇਡਾਂ ਦਾ ਸਮਾਨ
All Type Gift item, Floers, wall clock baby toy & games
ਬਜ਼ਾਰ ਨਾਲੋਂ ਸਸਤੇ ਰੇਟਾਂ 'ਤੇ ਖਰੀਦੋ
ਸੌਰਵ ਬੁੱਕ ਸਟਾਲ
ਅਨਾਰਕਲੀ ਬਜ਼ਾਰ, ਜਗਰਾਉਂ ਮੋਬਾ: 98150-73188, 98884-00626

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ
Sunny MOBILE PIONT
All Types of Mobile Sale Repair & Orginal Accessories
Shop: Near Hira Bagh, DCB Ving, Jagraon.
M: 99145-82877, 87270-00042

ਦੀਵਾਲੀ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਬਿੱਲੇ ਦੀ ਹੱਟੀ
M: 99144-00644
Gurmukh Singh & Sons
Deals in: All Types of Hand Tools, Power Tools, Cutting Wheels, Nut Bolts, P.V.C Pipe, Tarapl Etc.
Near Kamal, Chowk, Lajpat Rai Road, Jagraon.

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਪ੍ਰੋ: ਰਾਕੇਸ਼ ਸਪਰਾ
ਸਪਰਾ ਕਲਾਥ ਹਾਊਸ
ਮੇਨ ਬਜ਼ਾਰ, ਜਗਰਾਉਂ
M: 98154-05556, 79733-22199

Karanjot Singh
ਦੀਵਾਲੀ ਅਤੇ ਬੰਦੀ ਛੋੜ ਦਿਵਸ, ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
ਹਿੰਦੁਸਤਾਨ ਪੈਟਰੋਲੀਅਮ HP
ਬੀ.ਕੇ. ਫਿਲਿੰਗ ਸਟੇਸ਼ਨ
ਬੋਦਲਵਾਲਾ, ਸਿੱਧਵਾਂ ਬੇਟ ਰੋਡ, ਜਗਰਾਉਂ
Office: 01624-222546,
M: 98140-25619

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਵਾ ਨਿਵਾਸੀਆਂ ਨੂੰ ਮੁਬਾਰਕਾਂ
JRM
JAGJIT
RICE & GEN. MILLS
Shakti Nagar, Tehsil Road, Jagraon-142026 (Ludhiana) Punjab.
M: 98145-58651, 99143-58649

ਦੀਵਾਲੀ, ਬੰਦੀ ਛੋੜ ਦਿਵਸ ਅਤੇ ਵਿਸ਼ਵਕਰਮਾ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ
UltraTech CEMENT The Engineer's Choice
KAMDHENU NXT
HARKIRAT SINGH
M: 94170-58128, 98780-07655
Auth. Dealser
ਲਾਭ ਸਿੰਘ ਬਲਬੀਰ ਸਿੰਘ
ਲਾਜਪਤ ਰਾਏ ਰੋਡ, ਜਗਰਾਉਂ (ਲੁਧਿਆਣਾ)